
ਕੌਮਾਂਤਰੀ www.amritsartimes.live
# ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES
West/East Coast Edition | Volume 23 | Issue 214| 11 to 17 Feb., 2026 | Ph.: (510) 240-5949 | Email: asrtimes@gmail.com



# ਐਪਸਟਾਈਨ ਫ਼ਾਈਲਾਂ ਨੇ ਮਚਾਇਆ ਪੂਰੇ ਵਿਸ਼ਵ 'ਚ ਤਹਿਲਕਾ

## ਅਮਰੀਕਾ ਦੇ ਰਾਸ਼ਟਰਪਤੀ ਟਰੰਪ ਸਮੇਤ ਐਲਨ ਮਸਕ, ਬਿਲ ਗੇਟਸ ਦੀ ਭੂਮਿਕਾ ਵੀ ਸ਼ੱਕ ਦੇ ਘੇਰੇ ਵਿੱਚ


**ਅੰਮ੍ਰਿਤਸਰ ਟਾਈਮਜ਼ ਬਿਊਰੋ**



**ਐਪਸਟੀਨ ਦੀ ਕਾਲੀ ਸੱਚਾਈ ਨੇ ਵਿਸ਼ਵ ਦੀ ਸੁਪਰ ਸ਼ਕਤੀ ਕਹੇ ਜਾਂਦੇ ਅਮਰੀਕਾ ਦੀ ਰਾਜਨੀਤੀ ਨੂੰ ਹਿਲਾ ਕੇ ਰੱਖ ਦਿੱਤਾ ਹੈ। ਹੁਣ ਦੁਨੀਆ ਦੇ ਸਭ ਤੋਂ ਸ਼ਕਤੀਸ਼ਾਲੀ ਸਿਆਸੀ ਨੇਤਾ ਸਮਝੇ ਜਾਂਦੇ ਟਰੰਪ ਦੀ ਕਾਰਗੁਜ਼ਾਰੀ 'ਤੇ ਸਵਾਲ ਉਠਾਏ ਜਾ ਰਹੇ ਹਨ। ਟਰੰਪ ਵਿਰੁੱਧ ਅਮਰੀਕਾ 'ਚ ਕਈ ਥਾਵਾਂ 'ਤੇ ਪ੍ਰਦਰਸ਼ਨ ਵੀ ਹੋਏ ਹਨ। ਉਹਨਾਂ ਦੇ ਐਪਸਟੀਨ ਨਾਲ ਸਬੰਧਾਂ ਦੀ ਜਾਂਚ ਦੀ ਮੰਗ ਹੋ ਰਹੀ ਹੈ। ਅਸਲ ਵਿੱਚ ਐਪਸਟੀਨ ਦਾ ਨੈੱਟਵਰਕ ਰਾਜਨੀਤੀ, ਵਪਾਰ ਅਤੇ ਮਨੋਰੰਜਨ ਜਗਤ ਤੱਕ ਫ਼ੈਲਿਆ ਹੋਇਆ ਸੀ। ਵਾਸ਼ਿੰਗਟਨ ਪੋਸਟ ਨੇ ਰਿਪੋਰਟ ਪ੍ਰਕਾਸ਼ਿਤ ਕੀਤੀ ਹੈ ਕਿ ਟਰੰਪ ਨੇ ਐਪਸਟੀਨ ਨੂੰ 1990 ਵਿੱਚ ਦੋਸਤ ਕਿਹਾ ਸੀ ਅਤੇ ਉਸ ਨਾਲ ਪਾਰਟੀਆਂ ਵਿੱਚ ਗਿਆ ਸੀ। ਟਰੰਪ ਨੇ ਬਾਅਦ ਵਿੱਚ ਇਸ ਨੂੰ ਗਲਤੀ ਮੰਨਿਆ ਸੀ, ਪਰ ਦਸਤਾਵੇਜ਼ਾਂ ਵਿੱਚ ਉਸ ਦਾ ਨਾਮ ਸੈਂਕੜੇ ਵਾਰ ਆਉਂਦਾ ਹੈ। ਬੀ.ਬੀ.ਸੀ. ਨੇ ਰਿਪੋਰਟ ਪੇਸ਼ ਕੀਤੀ ਹੈ ਕਿ ਟਰੰਪ ਨੇ ਇਸ ਨੂੰ ਡੈਮੋਕਰੈਟਸ ਦੀ ਸਾਜ਼ਿਸ਼ ਕਿਹਾ ਸੀ, ਪਰ ਵਿਰੋਧੀ ਧਿਰ ਨੇ ਪੂਰੇ ਦਸਤਾਵੇਜ਼ ਜਨਤਕ ਕਰਨ ਦੀ ਮੰਗ ਕੀਤੀ ਸੀ। ਇਸ ਗਠਜੋੜ ਨੇ ਅਮਰੀਕੀ ਰਾਜਨੀਤੀ ਵਿੱਚ ਭੂਚਾਲ ਲਿਆਂਦਾ ਹੈ।**

ਐਪਸਟੀਨ ਦੀ ਕਹਾਣੀ ਸਿਰਫ਼ ਇੱਕ ਵਿਅਕਤੀ ਦੀ ਨਹੀਂ, ਸਗੋਂ ਉਸ ਵਿਵਸਥਾ ਦੀ ਹੈ ਜਿੱਥੇ ਪੈਸਾ ਅਤੇ ਸੱਤਾ ਇੱਕ-ਦੂਜੇ ਨੂੰ ਬਚਾਉਂਦੇ ਹਨ। ਇਹਨਾਂ ਫ਼ਾਈਲਾਂ ਤੋਂ ਸਪਸ਼ਟ ਹੁੰਦਾ ਹੈ ਕਿ ਵਿਸ਼ਵ ਵਿੱਚ ਸੱਤਾ ਪ੍ਰਾਪਤੀ ਲਈ ਹੋਛੀ ਰਾਜਨੀਤੀ ਦੀ ਕਿੰਨੀ ਗੰਦੀ ਖੇਡ ਖੇਡੀ ਜਾ ਰਹੀ ਹੈ। ਇਹਨਾਂ ਫ਼ਾਈਲਾਂ ਨੇ ਵਿਸ਼ਵ ਨੂੰ ਇਹ ਸੋਚਣ ਲਈ ਮਜਬੂਰ ਕੀਤਾ ਹੈ ਕਿ ਸੱਤਾ ਕਿੰਨੀ ਗੰਦੀ ਹੋ ਸਕਦੀ ਹੈ। ਹੁਣ ਜਦੋਂ ਐਪਸਟਾਈਨ ਫ਼ਾਈਲਾਂ ਦਾ ਜਿੰਨ ਬੋਤਲ ਵਿਚੋਂ ਬਾਹਰ ਆ ਚੁੱਕਿਆ ਹੈ, ਤਾਂ ਇਸ ਨੇ ਪੂਰੇ ਵਿਸ਼ਵ ਵਿੱਚ ਤਹਿਲਕਾ ਮਚਾ ਦਿੱਤਾ ਹੈ। ਇਹਨਾਂ ਫਾਈਲਾਂ ਦੇ ਸਾਹਮਣੇ ਆਉਣ ਨਾਲ ਜਿਥੇ ਵਿਸ਼ਵ ਦੇ ਕਈ ਸ਼ਕਤੀਸ਼ਾਲੀ ਦੇਸ਼ਾਂ ਵਿੱਚ ਰਾਜਨੀਤਿਕ ਅਸਥਿਰਤਾ ਵਾਲਾ ਮਾਹੌਲ ਪੈਦਾ ਹੋ ਗਿਆ ਹੈ, ਉਥੇ ਕੁਝ ਦੇਸ਼ਾਂ ਵਿੱਚ ਵੱਡੇ ਨੇਤਾਵਾਂ ਨੂੰ ਆਪਣੇ ਅਹੁਦਿਆਂ ਤੋਂ ਅਸਤੀਫ਼ੇ ਦੇਣ ਲਈ ਵੀ ਮਜ਼ਬੂਰ ਹੋਣਾ ਪਿਆ ਹੈ। ਅਮਰੀਕੀ ਨਿਆਂ ਵਿਭਾਗ ਵੱਲੋਂ ਜਨਵਰੀ 2026 ਵਿੱਚ ਲਗਭਗ 3 ਮਿਲੀਅਨ ਪੰਨਿਆਂ ਦੀਆਂ ਫ਼ਾਈਲਾਂ ਜਾਰੀ ਕਰਨ ਤੋਂ ਬਾਅਦ ਇਹ ਖ਼ੁਲਾਸੇ ਹੋਏ ਹਨ, ਜਿਨ੍ਹਾਂ ਵਿੱਚ ਜੈਫ਼ਰੀ ਐਪਸਟਾਈਨ ਦੇ ਸੰਪਰਕਾਂ, ਈ.ਮੇਲਾਂ ਅਤੇ ਵਿੱਤੀ ਲੈਣ-ਦੇਣ ਦਾ ਵੇਰਵਾ ਸ਼ਾਮਲ ਹੈ। ਇਹ ਫ਼ਾਈਲਾਂ ਉਸ ਦੇ ਸੈਕਸ ਟ੍ਰੈਫ਼ਿਕਿੰਗ ਨੈੱਟਵਰਕ ਨੂੰ ਵਿਸਥਾਰ ਨਾਲ ਦਰਸਾਉਂਦੀਆਂ ਹਨ।

ਇਸ ਸਮੇਂ ਸਭ ਤੋਂ ਪਹਿਲਾਂ ਇਹ ਜਾਣਨਾ ਜ਼ਰੂਰੀ ਹੈ ਐਪਸਟਾਈਨ ਫ਼ਾਈਲਾਂ ਅਜਿਹੀ ਕਿਹੜੀ ਮਹੱਤਵਪੂਰਨ ਵਸਤੂ ਹਨ? ਜਿਨ੍ਹਾਂ ਨੇ ਪੂਰੀ ਦੁਨੀਆ ਵਿੱਚ ਹਲਚਲ ਮਚਾ ਦਿੱਤੀ ਹੈ। ਅਸਲ ਵਿੱਚ ਇਹ ਦਸਤਾਵੇਜ਼ਾਂ, ਫੋਟੋਆਂ ਅਤੇ ਵੀਡੀਓਜ਼ ਦਾ ਇੱਕ ਵਿਸ਼ਾਲ ਸੰਗ੍ਰਹਿ ਹੈ, ਜੋ ਕਿ ਲਗਭਗ 6 ਮਿਲੀਅਨ ਪੰਨਿਆਂ ਦਾ ਹੈ, ਜੋ ਅਮਰੀਕੀ ਫ਼ਾਈਨੈਂਸਰ ਪੀਡੋਫਾਈਲ ਜੈਫਰੀ ਐਪਸਟਾਈਨ ਅਤੇ ਉਸ ਦੇ ਸਮਾਜਿਕ ਦਾਇਰੇ, ਜਿਸ ਵਿੱਚ ਕਈ ਸਿਆਸਤਦਾਨ ਅਤੇ ਮਸ਼ਹੂਰ ਹਸਤੀਆਂ ਸ਼ਾਮਲ ਸਨ, ਦੀਆਂ ਅਪਰਾਧਿਕ ਗਤੀਵਿਧੀਆਂ ਦਾ ਵੇਰਵਾ ਦਿੰਦਾ ਹੈ। ਕਿਹਾ ਜਾਂਦਾ ਹੈ ਕਿ ਇਹਨਾਂ ਫ਼ਾਈਲਾਂ ਵਿੱਚ ਵਿਸ਼ਵ ਦੇ ਅਨੇਕਾਂ ਪ੍ਰਸਿੱਧ ਵਿਅਕਤੀਆਂ ਦਾ ਕਾਲਾ ਸੱਚ ਛੁਪਿਆ ਹੋਇਆ ਹੈ, ਇਸੇ ਕਾਰਨ ਇਹਨਾਂ ਫ਼ਾਈਲਾਂ ਕਾਰਨ ਇਹਨਾਂ ਚੋਟੀ ਦੇ ਨੇਤਾਵਾਂ ਵਿੱਚ ਘਬਰਾਹਟ ਪਾਈ ਜਾ ਰਹੀ ਹੈ। ਜੇ ਇਹਨਾਂ ਫ਼ਾਈਲਾਂ ਦੀ ਪੂਰੀ ਸੱਚਾਈ ਸਭ ਦੇ ਸਾਹਮਣੇ ਆ ਜਾਂਦੀ ਹੈ ਤਾਂ ਦੁਨੀਆ ਦੇ ਕਈ ਦੇਸ਼ਾਂ ਵਿੱਚ ਵੱਡੇ ਸਿਆਸੀ ਧਮਾਕੇ ਹੋ ਸਕਦੇ ਹਨ। ਇਹ ਖ਼ੁਲਾਸੇ ਵਿਸ਼ਵ ਦੀਆਂ ਵੱਡੀਆਂ ਅਖ਼ਬਾਰਾਂ ਵਿੱਚ ਛਾਏ ਹੋਏ ਹਨ, ਜਿਨ੍ਹਾਂ ਨੇ ਇਸ ਨੂੰ ਸੱਤਾ, ਪੈਸੇ ਅਤੇ ਵਾਸਨਾ ਦੇ ਘਿਣਾਉਣੇ ਗਠਜੋੜ ਵਜੋਂ ਵਰਣਨ ਕੀਤਾ ਹੈ। ਨਿਊਯਾਰਕ ਟਾਈਮਜ਼, ਵਾਸ਼ਿੰਗਟਨ ਪੋਸਟ ਅਤੇ ਬੀ.ਬੀ.ਸੀ. ਵਰਗੀਆਂ ਅਖ਼ਬਾਰਾਂ ਨੇ ਇਸ ਮਾਮਲੇ ਨੂੰ ਗਲੋਬਲ ਨੈੱਟਵਰਕ ਵਜੋਂ ਉਜਾਗਰ ਕੀਤਾ ਹੈ, ਜਿੱਥੇ ਨਾਬਾਲਗ ਲੜਕੀਆਂ ਨੂੰ ਤਸਕਰੀ ਕਰਕੇ ਤਾਕਤਵਰ ਲੋਕਾਂ ਤੱਕ ਪਹੁੰਚਾਇਆ ਜਾਂਦਾ ਸੀ। ਬੀ.ਬੀ.ਸੀ. ਨੇ ਰਿਪੋਰਟ ਕੀਤਾ ਹੈ ਕਿ ਐਪਸਟੀਨ ਨੇ ਆਪਣੇ ਪ੍ਰਾਈਵੇਟ ਆਈਲੈਂਡ ਅਤੇ ਜੈੱਟਾਂ ਰਾਹੀਂ ਨਾਬਾਲਗ ਲੜਕੀਆਂ ਨੂੰ ਤਸਕਰੀ ਕਰਕੇ ਤਾਕਤਵਰ ਲੋਕਾਂ ਨੂੰ 'ਸਪਲਾਈ' ਕੀਤਾ ਸੀ। ਇਹ ਗਠਜੋੜ ਘਿਣਾਉਣਾ



ਇਸ ਲਈ ਹੈ ਕਿਉਂਕਿ ਇੱਥੇ ਪੈਸੇ ਅਤੇ ਸੱਤਾ ਨੇ ਇਨਸਾਨੀ ਅਧਿਕਾਰਾਂ ਨੂੰ ਕੁਚਲਿਆ ਹੈ।

ਐਪਸਟੀਨ ਦੇ ਦਸਤਾਵੇਜ਼ਾਂ ਵਿੱਚ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ, ਮਾਈਕ੍ਰੋਸਾਫ਼ਟ ਦੇ ਸੰਸਥਾਪਕ ਬਿਲ ਗੇਟਸ, ਟੈੱਸਲਾ ਦੇ ਸੀ.ਈ.ਓ. ਐਲਨ ਮਸਕ ਅਤੇ ਬ੍ਰਿਟਿਸ਼ ਰਾਜਕੁਮਾਰ ਐਂਡਰਿਊ ਵਰਗੇ ਨਾਮ ਸ਼ਾਮਲ ਹਨ। ਇਹ ਨਾਮ ਸਿਰਫ਼ ਸੰਪਰਕਾਂ ਤੱਕ ਸੀਮਤ ਨਹੀਂ, ਸਗੋਂ ਐਪਸਟੀਨ ਨਾਲ ਉਨ੍ਹਾਂ ਦੇ ਗਹਿਰੇ ਸਬੰਧਾਂ ਨੂੰ ਉਜਾਗਰ ਕਰਦੇ ਹਨ। ਪੀੜਤ ਵਿਰਜੀਨੀਆ ਗਿੱਲਫ਼ਰੇ ਨੇ ਐਂਡਰਿਊ ਨੂੰ ਆਪਣੇ ਨਾਲ ਜਬਰਦਸਤੀ ਸੈਕਸ ਕਰਨ ਦਾ ਦੋਸ਼ ਲਾਇਆ ਸੀ, ਜਿਸ ਕਾਰਨ ਐਂਡਰਿਊ ਨੇ ਆਪਣਾ ਰਾਜਕੁਮਾਰ ਦਾ ਟਾਈਟਲ ਗੁਆ ਦਿੱਤਾ ਸੀ। ਇਸ ਨੇ ਬ੍ਰਿਟਿਸ਼ ਰਾਜ ਪਰਿਵਾਰ ਨੂੰ ਹਿਲਾ ਦਿੱਤਾ ਅਤੇ ਵਿਸ਼ਵ ਅਖ਼ਬਾਰਾਂ ਵਿੱਚ ਸੁਰਖ਼ੀਆਂ ਬਣਾਈਆਂ।

ਬਿਲ ਗੇਟਸ ਦਾ ਨਾਮ ਵੀ ਸੁਰਖ਼ੀਆਂ ਵਿੱਚ ਹੈ। ਵਾਸ਼ਿੰਗਟਨ ਪੋਸਟ ਨੇ ਰਿਪੋਰਟ ਕੀਤਾ ਕਿ ਗੇਟਸ ਨੇ ਐਪਸਟੀਨ ਨਾਲ 2013 ਵਿੱਚ ਈਮੇਲਾਂ ਵਿੱਚ ਗੱਲਬਾਤ ਕੀਤੀ ਅਤੇ ਉਸ ਨੂੰ ਸਲਾਹਕਾਰ ਕਿਹਾ। ਗੇਟਸ ਨੇ ਇਸ ਨੂੰ ਗਲਤੀ ਮੰਨਿਆ ਅਤੇ ਕਿਹਾ ਕਿ ਉਹ ਐਪਸਟੀਨ ਨਾਲ ਮਿਲਣ ਕਾਰਨ ਪਛਤਾਉਂਦਾ ਹੈ। ਪਰ ਇਸ ਨੇ ਗੇਟਸ ਦੇ ਚਿਹਰੇ ਤੋਂ ਨਕਾਬ ਉਤਾਰ ਦਿੱਤਾ ਹੈ ਅਤੇ ਵਿਸ਼ਵ ਨੂੰ ਹੈਰਾਨ ਕੀਤਾ ਹੈ।

ਐਲਨ ਮਸਕ ਨੇ ਵੀ ਐਪਸਟੀਨ ਨਾਲ ਈ.ਮੇਲਾਂ ਵਿੱਚ ਗੱਲਬਾਤ ਕੀਤੀ ਅਤੇ ਉਸ ਦੇ ਆਈਲੈਂਡ 'ਤੇ ਜਾਣ ਦੀ ਗੱਲ ਕੀਤੀ। ਪੀ.ਬੀ.ਐੱਸ. ਨੇ ਰਿਪੋਰਟ ਕੀਤਾ ਕਿ ਮਸਕ ਨੇ ਇਸ ਨੂੰ 'ਸਮੀਅਰ ਕੈਂਪੇਨ' ਕਿਹਾ, ਪਰ ਦਸਤਾਵੇਜ਼ ਉਨ੍ਹਾਂ ਦੇ ਸੰਪਰਕਾਂ ਨੂੰ ਸਾਬਤ ਕਰਦੇ ਹਨ। ਨਿਊਯਾਰਕ ਟਾਈਮਜ਼ ਨੇ ਰਿਪੋਰਟ ਕੀਤਾ ਸੀ ਕਿ ਇਹ ਨੈੱਟਵਰਕ 2008 ਵਿੱਚ ਐਪਸਟੀਨ ਦੀ ਪਹਿਲੀ ਸਜ਼ਾ ਤੋਂ ਬਾਅਦ ਵੀ ਚੱਲਦਾ ਰਿਹਾ, ਜਿੱਥੇ ਉਸ ਨੂੰ ਸਿਰਫ਼ 13 ਮਹੀਨੇ ਜੇਲ੍ਹ ਹੋਈ ਸੀ।

ਪੀਬੀਐੱਸ ਨੇ ਰਿਪੋਰਟ ਕੀਤਾ ਸੀ ਕਿ ਐਪਸਟੀਨ ਨੇ ਆਪਣੇ ਨੈੱਟਵਰਕ ਨੂੰ 'ਬਲੈਕਮੇਲ' ਵਜੋਂ ਵਰਤਿਆ, ਜਿੱਥੇ ਉਹ ਤਾਕਤਵਰ ਲੋਕਾਂ ਨੂੰ ਨਾਬਾਲਗਾਂ ਨਾਲ ਜੋੜ ਕੇ ਉਨ੍ਹਾਂ ਨੂੰ ਕੰਟਰੋਲ ਕਰਦਾ ਸੀ।

ਐਪਸਟੀਨ ਦੀ ਮੌਤ 2019 ਵਿੱਚ ਜੇਲ੍ਹ ਵਿੱਚ ਹੋਈ ਸੀ, ਜਿਸ ਨੂੰ ਖੁਦਕੁਸ਼ੀ ਕਿਹਾ ਗਿਆ ਸੀ, ਪਰ ਅਖ਼ਬਾਰਾਂ ਨੇ ਇਸ ਨੂੰ ਸ਼ੱਕੀ ਮੰਨਿਆ ਸੀ। ਬੀ.ਬੀ.ਸੀ. ਨੇ ਰਿਪੋਰਟ ਕੀਤਾ ਕਿ ਉਸ ਦੀ ਮੌਤ ਨੇ ਬਹੁਤ ਸਾਰੇ ਰਾਜ਼ ਛੁਪਾ ਲਏ ਸਨ, ਪਰ ਹੁਣ ਖ਼ੁਲਾਸੇ ਨੇ ਸਭ ਪਰਦਾਫ਼ਾਸ਼ ਕਰ ਦਿੱਤਾ ਹੈ। ਇਸ ਗਠਜੋੜ ਨੇ ਵਿਸ਼ਵ ਨੂੰ ਹਿਲਾ ਦਿੱਤਾ ਹੈ ਅਤੇ ਸੱਤਾ ਦੇ ਚਿਹਰੇ ਤੋਂ ਨਕਾਬ ਉਤਾਰ ਦਿੱਤਾ ਹੈ।

### ਐਪਸਟੀਨ ਫ਼ਾਈਲਾਂ ਦਾ ਕੱਚ- ਸੱਚ

ਵਿਸ਼ਵ ਦੇ ਚੋਟੀ ਦੇ ਨੇਤਾਵਾਂ ਨੂੰ ਘੁੰਮਣਘੇਰੀਆਂ ਵਿੱਚ ਫ਼ਸਾਉਣ ਵਾਲੀਆਂ ਐਪਸਟੀਨ ਫ਼ਾਈਲਾਂ ਦਾ ਅਸਲ ਸੱਚ ਕੀ ਹੈ? ਇਹ ਸਾਰੀਆਂ ਫ਼ਾਈਲਾਂ ਕਦੋਂ ਪੂਰੀ ਤਰ੍ਹਾਂ ਜਨਤਕ ਕੀਤੀਆਂ ਜਾਣਗੀਆਂ? ਅਤੇ ਆਮ ਲੋਕਾਂ ਨੂੰ ਇਹਨਾਂ ਫ਼ਾਈਲਾਂ ਵਿੱਚ ਦਰਜ਼ ਅਸਲੀ ਵੇਰਵਿਆਂ ਦੀ ਪੂਰੀ ਸੱਚਾਈ ਕਦੋਂ ਪਤਾ ਚੱਲੇਗੀ? ਇਹ ਕੁਝ ਸਵਾਲ ਹਨ, ਜੋ ਕਿ ਅਜੇ ਤੱਕ ਹੱਲ ਨਹੀਂ ਕੀਤੇ ਗਏ। ਇਹਨਾਂ ਫ਼ਾਈਲਾਂ ਬਾਰੇ ਅਜੇ ਕੁਝ ਤੱਥ ਹੀ ਸਾਹਮਣੇ ਆਏ ਹਨ। ਕਿਹਾ ਜਾਂਦਾ ਹੈ ਕਿ ਅਧੂਰੀ ਜਾਣਕਾਰੀ ਹਮੇਸ਼ਾ ਨੁਕਸਾਨਦੇਹ ਹੁੰਦੀ ਹੈ, ਇਸ ਲਈ ਇਹਨਾਂ ਫ਼ਾਈਲਾਂ ਦਾ ਪੂਰਾ ਕੱਚ- ਸੱਚ ਸਾਹਮਣੇ ਲਿਆਉਣ ਦੀ ਲੋੜ ਹੈ।

ਐਪਸਟੀਨ ਮਾਮਲਾ ਸੱਤਾ ਅਤੇ ਪੂੰਜੀਵਾਦ ਦੇ ਗਲੋਬਲ ਜਾਲ ਦਾ ਪਰਦਾਫ਼ਾਸ਼ ਹੈ। ਵਿਸ਼ਵ ਅਖ਼ਬਾਰਾਂ ਨੇ ਇਸ ਨੂੰ ਘਿਣਾਉਣੇ ਗਠਜੋੜ ਵਜੋਂ ਵੇਖਿਆ ਅਤੇ ਇਨਸਾਫ਼ ਦੀ ਮੰਗ ਕੀਤੀ। ਹੁਣ ਵੇਖਣਾ ਹੈ ਕਿ ਅਮਰੀਕੀ ਪ੍ਰਸ਼ਾਸਨ ਬਾਕੀ ਦਸਤਾਵੇਜ਼ ਜਨਤਕ ਕਰੇਗਾ ਜਾਂ ਨਹੀਂ। ਇਹ ਕਹਾਣੀ ਅਜੇ ਖਤਮ ਨਹੀਂ ਹੋਈ ਅਤੇ ਹੋਰ ਖ਼ੁਲਾਸੇ ਹੋਣ ਵਾਲੇ ਹਨ।




# ਕੀ ਰੁਕ ਸਕੇਗੀ ਰੂਸ-ਯੂਕ੍ਰੇਨ ਜੰਗ ?

## ਰੂਸ ਅਤੇ ਯੂਕ੍ਰੇਨ ਵਿਚਾਲੇ ਮੀਟਿੰਗਾਂ ਤੋਂ ਬਾਅਦ ਜੰਗਬੰਦੀ ਹੋਣ ਦੇ ਬਣਨ ਲੱਗੇ ਆਸਾਰ

## ਦੋਵਾਂ ਮੁਲਕਾਂ ਵਿਚਾਲੇ ਤੀਜੇ ਗੇੜ ਦੀ ਗੱਲਬਾਤ ਅਮਰੀਕਾ ਵਿਖੇ ਹੋਣ ਦੀ ਸੰਭਾਵਨਾ

ਜਗਮੋਹਨ ਸਿੰਘ ਲੱਕੀ

ਰੂਸ ਵੱਲੋਂ 24 ਫ਼ਰਵਰੀ 2022 ਨੂੰ ਯੂਕ੍ਰੇਨ ਉੱਤੇ ਹਮਲਾ ਕਰਨ ਤੋਂ ਬਾਅਦ ਸ਼ੁਰੂ ਹੋਈ 'ਰੂਸ ਅਤੇ ਯੂਕ੍ਰੇਨ ਜੰਗ' ਅਜੇ ਵੀ ਜਾਰੀ ਹੈ, ਭਾਵੇਂ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਇਸ ਜੰਗ ਨੂੰ ਰੋਕਣ ਲਈ ਉਚੇਚੇ ਯਤਨ ਵੀ ਕੀਤੇ ਜਾ ਰਹੇ ਹਨ, ਹੁਣ ਇਹਨਾਂ ਯਤਨਾਂ ਨੂੰ ਕੁਝ ਬੂਰ ਪੈਂਦਾ ਨਜ਼ਰ ਆ ਰਿਹਾ ਹੈ। ਲੰਘੇ ਦਿਨੀਂ ਆਬੂ ਧਾਬੀ ਵਿਖੇ ਅਮਰੀਕਾ ਦੀ ਵਿਚੋਲਗੀ ਹੇਠ ਰੂਸ ਅਤੇ ਯੂਕ੍ਰੇਨ ਵਿਚਕਾਰ ਦੂਜੇ ਦੌਰ ਦੀ ਗੱਲਬਾਤ ਸਮਾਪਤ ਹੋ ਗਈ ਹੈ। ਦੋਵੇਂ ਦੇਸ਼ ਵੱਡੇ ਪੱਧਰ 'ਤੇ ਕੈਦੀਆਂ ਦੀ ਅਦਲਾ ਬਦਲੀ 'ਤੇ ਸਹਿਮਤ ਹੋਏ, ਪਰ ਖੇਤਰੀ ਪ੍ਰਬੰਧਾਂ ਅਤੇ ਜੰਗਬੰਦੀ ਵਰਗੇ ਮੁੱਖ ਮੁੱਦਿਆਂ 'ਤੇ ਕੋਈ ਠੋਸ ਸਫਲਤਾ ਪ੍ਰਾਪਤ ਨਹੀਂ ਹੋਈ। ਯੂਕ੍ਰੇਨ ਦੇ ਅਨੁਸਾਰ, ਗੱਲਬਾਤ ਸ਼ੁਰੂ ਵਿੱਚ ਤਿੰਨ ਦੇਸ਼ਾਂ ਵਿਚਕਾਰ ਹੋਈ ਅਤੇ ਫਿਰ ਸਮੂਹ-ਪੱਧਰੀ ਚਰਚਾਵਾਂ ਤੱਕ ਫੈਲ ਗਈ। ਇਹ ਗੱਲਬਾਤ ਤਾਂ ਸਮਾਪਤ ਹੋ ਗਈ, ਪਰ ਰੂਸ ਅਤੇ ਯੂਕ੍ਰੇਨ ਵੱਲੋਂ ਕੋਈ ਸਾਂਝਾ ਰਾਜਨੀਤਿਕ ਜਾਂ ਸੁਰੱਖਿਆ ਬਿਆਨ ਜਾਰੀ ਨਹੀਂ ਕੀਤਾ ਗਿਆ। ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਜ਼ਮੀਨੀ ਵਿਵਾਦ, ਜੰਗਬੰਦੀ ਅਤੇ ਸੁਰੱਖਿਆ ਗਾਰੰਟੀ ਵਰਗੇ ਮੁੱਦਿਆਂ 'ਤੇ ਅਜੇ ਵੀ ਮਤਭੇਦ ਬਣੇ ਹੋਏ ਹਨ। ਇਸ ਗੱਲਬਾਤ ਵਿੱਚ ਅਮਰੀਕੀ ਰਾਸ਼ਟਰਪਤੀ ਦੇ ਵਿਸ਼ੇਸ਼ ਦੂਤ ਸਟੀਵ ਵਿਟਕੌਫ ਨੇ ਕਿਹਾ ਹੈ ਕਿ ਅਮਰੀਕਾ, ਰੂਸ ਅਤੇ ਯੂਕ੍ਰੇਨ ਦੇ ਪ੍ਰਤੀਨਿਧੀ ਕੈਦੀਆਂ ਦੀ ਅਦਲਾ ਬਦਲੀ 'ਤੇ ਸਹਿਮਤ ਹੋਏ ਹਨ। ਉਨ੍ਹਾਂ ਗੱਲਬਾਤ ਨੂੰ ਸਾਰਥਿਕ ਅਤੇ ਹਾਂ-ਪੱਖੀ ਦੱਸਿਆ, ਪਰ ਇਹ ਵੀ ਕਿਹਾ ਕਿ ਪੂਰੇ ਵਿਵਾਦ ਨੂੰ ਹੱਲ ਕਰਨ ਲਈ ਹੋਰ ਯਤਨਾਂ ਦੀ ਲੋੜ ਹੈ। ਗੱਲਬਾਤ ਤੋਂ ਬਾਅਦ, ਰੂਸ ਅਤੇ ਯੂਕ੍ਰੇਨ ਨੇ ਇੱਕ ਦੂਜੇ ਦੇ 157-157 ਵਿਅਕਤੀਆਂ ਨੂੰ ਰਿਹਾਅ ਕੀਤਾ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਹੈ ਕਿ ਰਿਹਾਅ ਕੀਤੇ ਗਏ ਲੋਕਾਂ ਵਿੱਚ ਫ਼ੌਜੀ ਤੇ ਆਮ ਨਾਗਰਿਕ ਦੋਵੇਂ ਸ਼ਾਮਲ ਸਨ। ਇਸੇ ਦੌਰਾਨ ਯੂ.ਏ.ਈ. ਨੇ ਰੂਸ ਅਤੇ ਯੂਕ੍ਰੇਨ ਵਿਚਾਲੇ ਆਪਣੇ ਆਪ ਨੂੰ ਇੱਕ ਭਰੋਸੇਯੋਗ ਵਿਚੋਲਾ ਦੱਸਿਆ ਹੈ। ਗੱਲਬਾਤ ਦੇ ਅਗਲੇ ਦੌਰ ਲਈ ਕੋਈ ਤਾਰੀਖ ਜਾਂ ਯੋਜਨਾ ਦਾ ਐਲਾਨ ਨਹੀਂ ਕੀਤਾ ਗਿਆ ਹੈ, ਜਿਸ ਨਾਲ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਇਸ ਜੰਗ ਦੇ ਰਾਜਨੀਤਿਕ ਹੱਲ ਬਾਰੇ ਅਨਿਸ਼ਚਿਤਤਾ ਬਣੀ ਹੋਈ ਹੈ। ਹਾਲਾਂਕਿ, ਰਾਸ਼ਟਰਪਤੀ ਜ਼ੇਲੇਂਸਕੀ ਨੇ ਕਿਹਾ ਹੈ ਕਿ ਸੰਯੁਕਤ ਰਾਜ ਅਮਰੀਕਾ ਅਤੇ ਰੂਸ ਦੇ ਪ੍ਰਤੀਨਿਧੀਆਂ ਨਾਲ ਅਗਲੀ ਸ਼ਾਂਤੀ ਗੱਲਬਾਤ ਜਲਦੀ ਹੀ ਹੋਵੇਗੀ। ਜ਼ੇਲੇਂਸਕੀ ਦਾ ਕਹਿਣਾ ਹੈ ਕਿ ਰੂਸ ਅਤੇ ਯੂਕ੍ਰੇਨ ਵਿਚਾਲੇ ਜੰਗ ਰੋਕਣ ਲਈ ਭਵਿੱਖ ਵਿੱਚ ਹੋਰ ਮੀਟਿੰਗਾਂ ਕੀਤੀਆਂ ਜਾਣਗੀਆਂ ਅਤੇ ਇਹ ਮੀਟਿੰਗਾਂ ਸੰਯੁਕਤ ਰਾਜ ਅਮਰੀਕਾ ਵਿੱਚ ਹੋ ਸਕਦੀਆਂ ਹਨ। ਜਿਸ ਤਰੀਕੇ ਨਾਲ ਅਮਰੀਕਾ ਦੀ ਵਿਚੋਲਗੀ ਵਿੱਚ ਰੂਸ ਅਤੇ ਯੂਕ੍ਰੇਨ ਜੰਗ ਰੋਕਣ ਲਈ ਗੱਲਬਾਤ ਦੀ ਮੇਜ਼ 'ਤੇ ਆਏ ਹਨ, ਉਸ ਤੋਂ ਆਸਾਰ ਬਣ ਗਏ ਹਨ ਕਿ ਨੇੜ ਭਵਿੱਖ ਵਿੱਚ ਇਹ ਜੰਗ ਰੁਕ ਸਕਦੀ ਹੈ।






ਰੂਸ ਅਤੇ ਯੂਕ੍ਰੇਨ ਕੁਦਰਤੀ ਸੁੰਦਰਤਾ ਨਾਲ ਭਰਪੂਰ ਦੇਸ਼ ਹਨ ਪਰ ਜੰਗ ਕਾਰਨ ਇਹਨਾਂ ਦੋਵਾਂ ਦੇਸ਼ਾਂ ਦੀ ਕੁਦਰਤੀ ਸੁੰਦਰਤਾ ਨੂੰ ਗ੍ਰਹਿਣ ਲੱਗ ਗਿਆ ਹੈ। ਦੋਵਾਂ ਦੇਸ਼ਾਂ ਦੀ ਹਵਾ ਵਿੱਚ ਰੰਗ ਬਿਰੰਗੇ ਫੁੱਲਾਂ ਤੇ ਪੌਦਿਆਂ ਦੀਆਂ ਸੁੰਗਧੀਆਂ ਦੀ ਥਾਂ ਹੁਣ ਬਾਰੂਦ ਦੀ ਮੁਸ਼ਕ ਰਲ ਗਈ ਹੈ। ਇਸ ਜੰਗ ਦਾ ਸ਼ਿਕਾਰ ਦੋਵਾਂ ਦੇਸ਼ਾਂ ਦੇ ਨਿਰਦੋਸ਼ ਲੋਕ ਹੀ ਨਹੀਂ ਹੋਏ, ਸਗੋਂ ਦੋਵਾਂ ਦੇਸ਼ਾਂ ਦੇ ਪੰਛੀ ਤੇ ਜਾਨਵਰ ਵੀ ਹੋਏ ਹਨ। ਦੋਵਾਂ ਦੇਸ਼ਾਂ ਦੇ ਅਨੇਕਾਂ ਪੰਛੀ ਇਸ ਜੰਗ ਵਿੱਚ ਬੇਦੋਸ਼ੇ ਮਾਰੇ ਗਏ ਹਨ, ਜਿਹੜੇ ਬੱਚ ਗਏ, ਉਹ ਦੂਰ ਕਿਧਰੇ ਉਡਾਰੀ ਮਾਰ ਗਏ। ਇਸ ਜੰਗ ਕਾਰਨ ਦੋਵਾਂ ਦੇਸ਼ਾਂ ਦੇ ਆਲੀਸ਼ਾਨ ਇਮਾਰਤਾਂ ਵਾਲੇ ਸੋਹਣੇ ਸੋਹਣੇ ਅਨੇਕਾਂ ਸ਼ਹਿਰ ਮਲਬੇ ਦੇ ਢੇਰ ਬਣ ਗਏ ਹਨ। ਜੰਗ ਵਾਲੇ ਖੇਤਰ 'ਚ ਹਰ ਪਾਸੇ ਮੌਤ ਦਾ ਤਾਂਡਵ ਵੇਖਣ ਨੂੰ ਮਿਲ ਰਿਹਾ ਹੈ ਅਤੇ ਜ਼ਖ਼ਮੀਆਂ ਦੀ ਕੁਰਲਾਹਟ ਸੁਣਾਈ ਦੇ ਰਹੀ ਹੈ।

ਰੂਸ-ਯੂਕ੍ਰੇਨ ਜੰਗ ਵਿੱਚ ਦੋਵਾਂ ਦੇਸ਼ਾਂ ਦੇ ਹਜ਼ਾਰਾਂ ਨਾਗਰਿਕ ਮਾਰੇ ਜਾ ਚੁੱਕੇ ਹਨ ਪਰ ਦੋਵੇਂ ਦੇਸ਼ ਆਪਣੇ ਮ੍ਰਿਤਕ ਨਾਗਰਿਕਾਂ ਦੀ ਸਹੀ ਗਿਣਤੀ ਨੂੰ ਛੁਪਾ ਰਹੇ ਹਨ। ਅੰਤਰਰਾਸ਼ਟਰੀ ਮੀਡੀਆ ਅਨੁਸਾਰ ਹੁਣ ਤੱਕ ਯੁੱਧ ਵਿੱਚ 4.75 ਲੱਖ ਸੈਨਿਕ ਅਤੇ ਨਾਗਰਿਕ ਮਾਰੇ ਗਏ ਹਨ। ਯੂਕ੍ਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕੁਝ ਸਮਾਂ ਪਹਿਲਾਂ ਕਿਹਾ ਸੀ ਕਿ ਇਸ ਜੰਗ ਵਿੱਚ ਉਨ੍ਹਾਂ ਦੇ 45,000 ਸੈਨਿਕ ਮਾਰੇ ਗਏ ਸਨ, ਜਦੋਂ ਕਿ 3.90 ਲੱਖ ਰੂਸੀ ਸੈਨਿਕ ਮਾਰੇ ਗਏ ਸਨ। ਇਸੇ ਤਰ੍ਹਾਂ, ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਨਿਗਰਾਨੀ ਮਿਸ਼ਨ ਦੇ ਅਨੁਸਾਰ, ਇਸ ਜੰਗ ਵਿੱਚ 40,000 ਨਾਗਰਿਕ ਮਾਰੇ ਗਏ ਹਨ ਅਤੇ 62,000 ਤੋਂ ਵੱਧ ਜ਼ਖਮੀ ਹੋਏ ਹਨ।

ਸੰਯੁਕਤ ਰਾਸ਼ਟਰ ਸ਼ਰਨਾਰਥੀ ਏਜੰਸੀ ਦੇ ਅਨੁਸਾਰ, 2024 ਦੇ ਅੰਤ ਤੱਕ 63 ਲੱਖ ਯੂਕ੍ਰੇਨੀ ਸ਼ਰਨਾਰਥੀ ਯੂਰਪ ਵਿੱਚ ਸਨ। 12 ਲੱਖ ਜਰਮਨੀ ਵਿੱਚ, 9 ਲੱਖ ਪੋਲੈਂਡ ਵਿੱਚ ਅਤੇ 3.9 ਲੱਖ ਚੈੱਕ ਗਣਰਾਜ ਵਿੱਚ ਰਹਿ ਰਹੇ ਹਨ। ਇਸੇ ਤਰ੍ਹਾਂ, 12 ਲੱਖ ਯੂਕ੍ਰੇਨੀ ਸ਼ਰਨਾਰਥੀ ਰੂਸ ਵਿੱਚ ਵੀ ਰਹਿ ਰਹੇ ਹਨ।

ਰੂਸ ਅਤੇ ਯੂਕ੍ਰੇਨ ਵਿਚਾਲੇ ਜਾਰੀ ਜੰਗ ਨੂੰ ਰੋਕਣ ਲਈ ਆਲਮੀ ਪੱਧਰ 'ਤੇ ਬਹੁਤ ਯਤਨ ਹੋ ਰਹੇ ਹਨ। ਇਸ ਜੰਗ ਨੂੰ ਰੋਕਣ ਲਈ ਸਭ ਤੋਂ ਜ਼ਿਆਦਾ ਸਰਗਰਮ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਹਨ। ਜੇ ਇਸ ਜੰਗ ਨੂੰ ਰੋਕਣ ਲਈ ਸੰਯੁਕਤ ਰਾਸ਼ਟਰ ਦੀ ਭੂਮਿਕਾ ਦੀ ਗੱਲ ਕੀਤੀ ਜਾਵੇ ਤਾਂ ਰੂਸ ਨੇ ਜਦੋਂ 24 ਫ਼ਰਵਰੀ 2022 ਨੂੰ ਯੂਕ੍ਰੇਨ ਉੱਤੇ ਹਮਲਾ ਬੋਲਿਆ ਸੀ ਤਾਂ ਸੰਯੁਕਤ ਰਾਸ਼ਟਰ ਨੇ ਨਿੰਦਾ ਮਤੇ ਉੱਤੇ ਤੁਰੰਤ ਵੋਟਿੰਗ ਕਰਵਾਈ ਸੀ, ਜਿਸ 'ਚ ਸੰਯੁਕਤ ਰਾਸ਼ਟਰ ਦੇ 193 ਮੈਂਬਰ ਦੇਸ਼ਾਂ ਵਿੱਚੋਂ 141 ਨੇ ਰੂਸ ਦੇ ਵਿਰੋਧ 'ਚ ਵੋਟਾਂ ਪਾਈਆਂ ਸਨ। ਯੂਕ੍ਰੇਨ 'ਤੇ ਹਮਲਾ ਕਰਨ ਕਰਕੇ ਰੂਸ ਦੀ ਪੂਰੀ ਦੁਨੀਆ ਵਿੱਚ ਨਿਖੇਧੀ ਹੋ ਰਹੀ ਹੈ, ਪਰ ਰੂਸ ਆਪਣੇ ਸਟੈਂਡ 'ਤੇ ਡਟਿਆ ਹੋਇਆ ਹੈ, ਜਿਸ ਕਾਰਨ ਇਹ ਜੰਗ ਅਜੇ ਤੱਕ ਜਾਰੀ ਹੈ।



> ਸੋਵੀਅਤ ਸੰਘ ਦੀ ਹੋਂਦ ਵੇਲੇ ਰੂਸ ਵਾਂਗ ਯੂਕ੍ਰੇਨ ਵੀ ਇਸ ਦਾ ਮੁੱਖ ਹਿੱਸਾ ਹੁੰਦਾ ਸੀ ਪਰ 1991 ਵਿੱਚ ਸੋਵੀਅਤ ਸੰਘ ਦੇ ਪਤਨ ਤੋਂ ਬਾਅਦ ਯੂਕ੍ਰੇਨ ਵੱਖਰਾ ਦੇਸ਼ ਬਣ ਗਿਆ। ਸ਼ੁਰੂ ਵਿੱਚ ਯੂਕ੍ਰੇਨ ਅਤੇ ਰੂਸ ਦੇ ਸੰਬੰਧ ਨਜ਼ਦੀਕੀ ਸਨ ਅਤੇ ਦੋਵਾਂ ਦੇਸ਼ਾਂ ਵਿਚਾਲੇ ਮਿੱਤਰਤਾਪੂਰਨ ਸਬੰਧ ਸਨ ਪਰ ਹੋਲੀ ਹੋਲੀ ਅਮਰੀਕਾ ਤੇ ਹੋਰਨਾਂ ਪੱਛਮੀ ਮੁਲਕਾਂ ਵੱਲੋਂ ਯੂਕ੍ਰੇਨ ਵਿੱਚ ਆਪਣੀਆਂ ਸਰਗਰਮੀਆਂ ਵਧਾ ਦਿੱਤੀਆਂ ਗਈਆਂ ਅਤੇ ਯੂਕ੍ਰੇਨ ਦੀ ਸਹਾਇਤਾ ਨਾਲ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਵੱਲੋਂ ਰੂਸ ਨੂੰ ਘੇਰਨ ਦਾ ਯਤਨ ਕੀਤਾ ਗਿਆ। ਰੂਸ ਵੀ ਤੁਰੰਤ ਇਸ ਸਥਿਤੀ ਨੂੰ ਭਾਂਪ ਗਿਆ ਅਤੇ ਉਸ ਨੇ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਦੀਆਂ ਯੂਕ੍ਰੇਨ ਵਿੱਚ ਸਰਗਰਮੀਆਂ ਦਾ ਸਖ਼ਤ ਵਿਰੋਧ ਕੀਤਾ, ਜਿਥੋਂ ਹੀ ਇਸ ਜੰਗ ਦਾ ਮੁੱਢ ਬੱਝਿਆ। ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਦੋਵਾਂ ਦੇਸ਼ਾਂ ਨੂੰ ਕੀਤੀਆਂ ਜਾ ਰਹੀਆਂ ਸ਼ਾਂਤੀ ਦੀਆਂ ਅਪੀਲਾਂ ਦੇ ਬਾਵਜੂਦ ਇਹ ਜੰਗ ਅਜੇ ਜਾਰੀ ਹੈ।

ਕਿਹਾ ਜਾਂਦਾ ਹੈ ਕਿ ਯੂਕ੍ਰੇਨ ਉਪਰ ਰੂਸ ਦਾ ਇਹ ਹਮਲਾ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਕਿਸੇ ਯੂਰਪੀਅਨ ਦੇਸ਼ ਉੱਤੇ ਸਭ ਤੋਂ ਵੱਡਾ ਹਮਲਾ ਬਣ ਗਿਆ ਹੈ। ਇਹ ਅੰਦਾਜ਼ਾ ਲਗਾਇਆ ਗਿਆ ਹੈ ਕਿ ਹਜ਼ਾਰਾਂ ਯੂਕ੍ਰੇਨੀ ਨਾਗਰਿਕ ਮਾਰੇ ਗਏ ਹਨ ਅਤੇ ਸੈਂਕੜੇ ਹਜ਼ਾਰਾਂ ਫ਼ੌਜੀ ਮਾਰੇ ਗਏ ਹਨ। ਜੂਨ 2022 ਤੱਕ, ਰੂਸੀ ਫ਼ੌਜਾਂ ਨੇ ਯੂਕ੍ਰੇਨ ਦੇ ਲਗਭਗ 20% ਖੇਤਰ 'ਤੇ ਕਬਜ਼ਾ ਕਰ ਲਿਆ। ਜਨਵਰੀ 2022 ਵਿੱਚ 41 ਮਿਲੀਅਨ ਦੀ ਆਬਾਦੀ ਵਿੱਚੋਂ, ਲਗਭਗ 8 ਮਿਲੀਅਨ ਯੂਕ੍ਰੇਨੀਅਨ ਅੰਦਰੂਨੀ ਤੌਰ 'ਤੇ ਉੱਜੜ ਗਏ ਸਨ ਅਤੇ ਅਪ੍ਰੈਲ 2023 ਤੱਕ 8.2 ਮਿਲੀਅਨ ਤੋਂ ਵੱਧ ਲੋਕ ਦੇਸ਼ ਛੱਡ ਕੇ ਭੱਜ ਗਏ ਸਨ, ਜਿਸ ਨਾਲ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਯੂਰਪ ਦਾ ਸਭ ਤੋਂ ਵੱਡਾ ਸ਼ਰਨਾਰਥੀ ਸੰਕਟ ਪੈਦਾ ਹੋਇਆ ਸੀ। ਜੰਗ ਦੇ ਕਾਰਨ ਹੋਏ ਵਿਆਪਕ ਵਾਤਾਵਰਣ ਨੁਕਸਾਨ, ਜਿਸ ਨੂੰ ਵਿਆਪਕ ਤੌਰ 'ਤੇ ਈਕੋਸਾਈਡ ਵਜੋਂ ਦਰਸਾਇਆ ਗਿਆ ਹੈ, ਨੇ ਦੁਨੀਆ ਭਰ ਵਿੱਚ ਭੋਜਨ ਸੰਕਟ ਵਿੱਚ ਯੋਗਦਾਨ ਪਾਇਆ। ਸੋਵੀਅਤ ਯੂਨੀਅਨ ਦੇ ਭੰਗ ਹੋਣ ਤੋਂ ਬਾਅਦ, ਰੂਸ ਨੇ ਸਾਲ 2014 ਵਿੱਚ ਯੂਕ੍ਰੇਨ ਦੇ ਕਰੀਮੀਆ ਖੇਤਰ ਨੂੰ ਆਪਣੇ ਨਾਲ ਮਿਲਾ ਲਿਆ। ਇਸ ਤੋਂ ਬਾਅਦ, ਪੂਰਬੀ ਯੂਕ੍ਰੇਨ ਵਿੱਚ ਰੂਸ ਪੱਖੀ ਬਾਗੀ ਸਮੂਹਾਂ ਨੇ ਡੋਨੇਟਸਕ ਅਤੇ ਲੁਹਾਨਸਕ ਖੇਤਰਾਂ ਵਿੱਚ ਇੱਕ ਟਕਰਾਅ ਸ਼ੁਰੂ ਕਰ ਦਿੱਤਾ। ਟਕਰਾਅ ਦੀ ਚੰਗਿਆੜੀ ਭੜਕਦੀ ਰਹੀ ਅਤੇ ਅੰਤ ਵਿੱਚ ਇਹ ਇੱਕ ਵੱਡੀ ਜੰਗ ਵਿੱਚ ਬਦਲ ਗਈ।

ਇਸ ਜੰਗ ਕਾਰਨ ਦੋਵੇਂ ਦੇਸ਼ਾਂ ਦਾ ਭਾਰੀ ਆਰਥਿਕ ਨੁਕਸਾਨ ਹੋਇਆ ਹੈ। ਦੋਵਾਂ ਦੇਸ਼ਾਂ ਵਿੱਚ ਮਹਿੰਗਾਈ 'ਚ ਬਹੁਤ ਜ਼ਿਆਦਾ ਵਾਧਾ ਹੋ ਗਿਆ ਹੈ। ਇਸ ਜੰਗ ਕਾਰਨ ਦੋਵਾਂ ਦੇਸ਼ਾਂ ਦੀ ਅਰਥਵਿਵਸਥਾ ਡਾਵਾਂਡੋਲ ਹੋ ਗਈ ਹੈ। ਇਸ ਵੇਲੇ, ਯੂਕ੍ਰੇਨ ਦੀ ਆਰਥਿਕਤਾ ਮੰਦੀ ਦੇ ਸੰਕੇਤ ਦਿਖਾ ਰਹੀ ਹੈ ਅਤੇ ਇਸ ਦੇ ਥੱਕੇ ਹੋਏ ਸੈਨਿਕ ਆਪਣੀ ਜ਼ਮੀਨ ਨੂੰ ਫੜਨ ਲਈ ਸੰਘਰਸ਼ ਕਰ ਰਹੇ ਹਨ। ਇਸੇ ਤਰ੍ਹਾਂ, ਇਹ ਜੰਗ ਰੂਸ ਲਈ ਵੀ ਚੰਗੀ ਨਹੀਂ ਰਹੀ ਹੈ ਅਤੇ ਇਸ ਦੀ ਆਰਥਿਕਤਾ ਵੀ ਢਹਿ-ਢੇਰੀ ਹੋਣ ਲੱਗੀ ਹੈ। ਇਸ ਸਮੇਂ ਦੋਵੇਂ ਦੇਸ਼ ਕੱਖੋਂ ਹੋਲੇ ਹੋ ਗਏ ਹਨ।

ਅੰਤਰਰਾਸ਼ਟਰੀ ਭਾਈਚਾਰੇ ਵੱਲੋਂ ਰੂਸ ਅਤੇ ਯੂਕ੍ਰੇਨ ਨੂੰ ਕੀਤੀਆਂ ਜਾ ਰਹੀਆਂ ਸ਼ਾਂਤੀ ਦੀਆਂ ਅਪੀਲਾਂ ਦੇ ਦੌਰਾਨ ਹੁਣ ਇਸ ਜੰਗ ਦਾ ਅੰਤ ਨੇੜੇ ਆਉਂਦਾ ਦਿਖਾਈ ਦੇ ਰਿਹਾ ਹੈ। ਹੁਣ ਉਮੀਦ ਪ੍ਰਗਟਾਈ ਜਾ ਰਹੀ ਹੈ ਕਿ ਟਰੰਪ ਦੀ ਅਗਵਾਈ ਵਿੱਚ ਜਲਦੀ ਹੀ ਅਮਰੀਕਾ ਵਿਖੇ ਪੂਤਿਨ ਅਤੇ ਜੇਲੈਂਸਕੀ ਵਿਚਾਲੇ ਮਹੱਤਵਪੂਰਨ ਮੁਲਾਕਾਤ ਹੋਵੇਗੀ, ਜਿਸ ਵਿੱਚ ਰੂਸ-ਯੂਕ੍ਰੇਨ ਜੰਗ ਨੂੰ ਰੋਕਣ ਬਾਰੇ ਸਹਿਮਤੀ ਬਣ ਸਕਦੀ ਹੈ।

# ਪ੍ਰੋ. ਭੁੱਲਰ ਦੀ ਸਜ਼ਾ ਮਾਫ਼ੀ ਦੀ ਪਟੀਸ਼ਨ ਮੁੜ ਰੱਦ

## ਦਿੱਲੀ ਸਰਕਾਰ ਦੇ ਸਜ਼ਾ ਸਮੀਖਿਆ ਬੋਰਡ ਨੇ ਲਿਆ ਫ਼ੈਸਲਾ

ਨਵੀਂ ਦਿੱਲੀ/ਏ.ਟੀ.ਨਿਊਜ਼ : 1993 ਦੇ ਦਿੱਲੀ ਬੰਬ ਧਮਾਕੇ ਦੇ ਦੋਸ਼ੀ ਪ੍ਰੋ.ਦਵਿੰਦਰਪਾਲ ਸਿੰਘ ਭੁੱਲਰ ਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਦਿੱਲੀ ਦੇ ਸਜ਼ਾ ਸਮੀਖਿਆ ਬੋਰਡ ਨੇ ਮੁੜ ਰੱਦ ਕਰ ਦਿੱਤਾ ਹੈ।

ਜਾਣਕਾਰੀ ਦਿੰਦਿਆਂ ਅਧਿਕਾਰੀਆਂ ਨੇ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਨੇ ਪਿਛਲੇ ਦਸੰਬਰ ਵਿੱਚ ਹੋਈ ਆਪਣੀ ਮੀਟਿੰਗ ਵਿੱਚ ਸਵੈ-ਸ਼ੈਲੀ ਵਾਲੇ ਐਨ.ਐਸ.ਸੀ.ਐਨ (ਐਮ) ਦੇ 'ਲੈਫਟੀਨੈਂਟ' ਹੋਪਸਨ ਨਿਗਨਸ਼ੇਨ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਸਿਫਾਰਸ਼ ਕੀਤੀ ਸੀ, ਜਿਸਨੂੰ ਫਰਵਰੀ 2009 ਵਿੱਚ ਰਾਜ ਦੇ ਉਖਰੂਲ ਜ਼ਿਲ੍ਹੇ ਵਿੱਚ ਤਿੰਨ ਮਨੀਪੁਰ ਸਰਕਾਰੀ ਅਧਿਕਾਰੀਆਂ ਦੇ ਅਗਵਾ ਅਤੇ ਕਤਲ ਦੇ ਸਬੰਧ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ।

ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਨੇ ਨਿੰਗਸ਼ੇਨ ਦੀ ਸਮੇਂ ਤੋਂ ਪਹਿਲਾਂ ਰਿਹਾਈ ਦੀ ਸਿਫਾਰਸ਼ ਕੀਤੀ, ਜੋ ਕਿ ਕੇਂਦਰ ਸਰਕਾਰ ਦੀ ਸਹਿਮਤੀ ਦੇ ਅਧੀਨ ਹੈ। ਭੁੱਲਰ ਨੂੰ 1993 ਵਿੱਚ ਹੋਏ ਧਮਾਕੇ ਵਿੱਚ ਨੌਂ ਲੋਕਾਂ ਦੀ ਹੱਤਿਆ ਅਤੇ 31 ਦੇ ਜ਼ਖ਼ਮੀ ਹੋਣ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ। ਹਮਲੇ ਤੋਂ ਬਚੇ ਲੋਕਾਂ ਵਿੱਚ ਸਾਬਕਾ ਯੂਥ ਕਾਂਗਰਸ ਮੁਖੀ ਐੱਮਐੱਸ ਬਿੱਟਾ ਵੀ ਸ਼ਾਮਲ ਹਨ।



ਭੁੱਲਰ ਨੂੰ ਅਗਸਤ 2001 ਵਿੱਚ ਇੱਕ ਨਾਮਜ਼ਦ ਟਾਡਾ ਅਦਾਲਤ ਨੇ ਮੌਤ ਦੀ ਸਜ਼ਾ ਸੁਣਾਈ ਸੀ ਪਰ 2014 ਵਿੱਚ ਉਸਦੀ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿੱਚ ਬਦਲ ਦਿੱਤਾ ਗਿਆ। ਉਸਨੂੰ ਜੂਨ 2015 ਵਿੱਚ ਸਿਹਤ ਦੇ ਆਧਾਰ 'ਤੇ ਦਿੱਲੀ ਦੀ ਤਿਹਾੜ ਜੇਲ੍ਹ ਤੋਂ ਅੰਮ੍ਰਿਤਸਰ ਕੇਂਦਰੀ ਜੇਲ੍ਹ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ ਅਧਿਕਾਰੀਆਂ ਨੇ ਕਿਹਾ ਕਿ 2022 ਵਿੱਚ, ਉਸਦੀ 'ਮਾੜੀ ਸਿਹਤ ਸਥਿਤੀ' ਦੇ ਬਾਵਜੂਦ, ਬੋਰਡ ਦੁਆਰਾ ਉਸਦੀ ਸਮੇਂ ਤੋਂ ਪਹਿਲਾਂ ਰਿਹਾਈ ਦੇ ਮਾਮਲੇ ਨੂੰ ਮੁਲਤਵੀ ਕਰ ਦਿੱਤਾ ਗਿਆ ਸੀ। ਬਾਅਦ ਵਿੱਚ, ਐੱਸਆਰਬੀ ਦੁਆਰਾ 2024 ਵਿੱਚ ਆਪਣੀ ਮੀਟਿੰਗ ਵਿੱਚ ਉਸਦੀ ਸਮੇਂ ਤੋਂ ਪਹਿਲਾਂ ਰਿਹਾਈ ਨੂੰ ਰੱਦ ਕਰ ਦਿੱਤਾ ਗਿਆ ਸੀ।

ਕੇਂਦਰ ਨੇ ਸਤੰਬਰ 2019 ਵਿੱਚ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਲਈ ਭੁੱਲਰ ਸਮੇਤ ਅੱਠ ਸਿੱਖ ਕੈਦੀਆਂ ਨੂੰ ਵਿਸ਼ੇਸ਼ ਮਾਫ਼ੀ ਦੀ ਸਿਫਾਰਸ਼ ਕੀਤੀ ਸੀ। ਹਾਲਾਂਕਿ, ਉਸਦੀ ਰਿਹਾਈ 'ਤੇ ਸਜ਼ਾ ਸਮੀਖਿਆ ਬੋਰਡ ਦੇ ਕੁਝ ਮੈਂਬਰਾਂ ਨੇ ਇਸ ਤੱਥ ਦੇ ਆਧਾਰ 'ਤੇ ਇਤਰਾਜ਼ ਕੀਤਾ ਸੀ ਕਿ ਇੱਕ ਅੱਤਵਾਦੀ ਵਜੋਂ ਉਸਦੀ ਕਾਰਵਾਈ ਨੇ ਮਾਸੂਮ ਜਾਨਾਂ ਲਈਆਂ ਸਨ। ਸੂਤਰਾਂ ਨੇ ਕਿਹਾ ਕਿ ਉਸਨੂੰ ਅਜਿਹੇ ਸਮੇਂ ਵਿੱਚ ਬਾਹਰ ਭੇਜਣਾ ਜਦੋਂ ਖਾਲਿਸਤਾਨ ਦੇ ਹੱਕ ਵਿੱਚ ਆਵਾਜ਼ਾਂ ਵਿਦੇਸ਼ਾਂ ਦੇ ਨਾਲ-ਨਾਲ ਪੰਜਾਬ ਵਿੱਚ ਵੀ ਉੱਠਣ ਦੀ ਕੋਸ਼ਿਸ਼ ਕਰ ਰਹੀਆਂ ਸਨ, ਉਨ੍ਹਾਂ ਨੂੰ ਹੋਰ ਹੌਸਲਾ ਦੇਵੇਗਾ।

ਸਜ਼ਾ ਸਮੀਖਿਆ ਬੋਰਡ ਨੇ ਆਪਣੀ ਮੀਟਿੰਗ ਵਿੱਚ, ਸਮੇਂ ਤੋਂ ਪਹਿਲਾਂ ਰਿਹਾਈ ਲਈ 51 ਦੋਸ਼ੀਆਂ ਦੇ ਮਾਮਲੇ 'ਤੇ ਵਿਚਾਰ ਕੀਤਾ। ਬੋਰਡ ਨੇ ਭੁੱਲਰ ਸਮੇਤ 24 ਦੋਸ਼ੀਆਂ ਦੀ ਰਿਹਾਈ ਨੂੰ ਰੱਦ ਕਰ ਦਿੱਤਾ, ਇੱਕ ਅਧਿਕਾਰਤ ਦਸਤਾਵੇਜ਼ ਦਿਖਾਇਆ।

ਦਿੱਲੀ ਸਰਕਾਰ ਦੇ ਗ੍ਰਹਿ ਵਿਭਾਗ ਦੁਆਰਾ ਪਿਛਲੇ ਹਫ਼ਤੇ ਜਾਰੀ ਕੀਤੇ ਗਏ ਇੱਕ ਆਦੇਸ਼ ਵਿੱਚ ਕਿਹਾ ਗਿਆ ਸੀ ਕਿ ਦਿੱਲੀ ਦੇ ਉਪ ਰਾਜਪਾਲ ਨੇ ਸਜ਼ਾ ਸਮੀਖਿਆ ਬੋਰਡ ਦੀ ਸਿਫਾਰਸ਼ 'ਤੇ 26 ਉਮਰ ਕੈਦ ਦੇ ਦੋਸ਼ੀਆਂ ਦੀ ਸਜ਼ਾ ਦੀ ਮਿਆਦ ਖਤਮ ਨਹੀਂ ਕੀਤੀ ਹੈ। ਰਿਹਾਅ ਕੀਤੇ ਗਏ ਦੋਸ਼ੀਆਂ ਵਿੱਚ ਇੱਕ ਨਾਈਜੀਰੀਅਨ ਨਾਗਰਿਕ ਕੇਨੇਥ ਚਿਦੀ ਓਨਿਆਘਾਲਾ ਸ਼ਾਮਲ ਸੀ। ਉਸਨੂੰ 2022 ਵਿੱਚ ਦਿੱਲੀ ਵਿੱਚ ਕਤਲ ਅਤੇ ਡਕੈਤੀ ਦੇ ਸਬੰਧ ਵਿੱਚ ਉਮਰ ਕੈਦ ਦੀ ਸਜ਼ਾ ਸੁਣਾਈ ਗਈ ਸੀ। ਆਦੇਸ਼ ਵਿੱਚ ਕਿਹਾ ਗਿਆ ਸੀ ਕਿ ਓਨਿਆਘਾਲਾ ਨੂੰ ਉਸਦੀ ਰਿਹਾਈ ਤੋਂ ਤੁਰੰਤ ਬਾਅਦ ਉਸਦੇ ਜੱਦੀ ਦੇਸ਼ ਭੇਜ ਦਿੱਤਾ ਜਾਵੇਗਾ।

## ਪ੍ਰੋ. ਭੁੱਲਰ ਦੇ ਮਾਮਲੇ 'ਚ ਇਨਸਾਫ਼ ਕੀਤਾ ਜਾਵੇ : ਧਾਮੀ

### ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਰੱਦ ਕਰਨ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਇਤਰਾਜ਼

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦਿੱਲੀ ਸਰਕਾਰ ਵੱਲੋਂ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਨੂੰ ਮੁੜ ਰੱਦ ਕਰਨ ਦੇ ਫੈਸਲੇ ਦੀ ਨਿੰਦਾ ਕਰਦਿਆਂ ਇਸ ਨੂੰ ਸਿੱਖਾਂ ਨਾਲ ਬੇਇਨਸਾਫ਼ੀ ਕਰਾਰ ਦਿੱਤਾ ਹੈ।



ਐਡਵੋਕੇਟ ਧਾਮੀ ਨੇ ਕਿਹਾ ਕਿ ਪਹਿਲਾਂ ਆਮ ਆਦਮੀ ਪਾਰਟੀ ਦੀ ਸਰਕਾਰ ਸਮੇਂ ਕਈ ਵਾਰ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੀ ਰਿਹਾਈ ਪਟੀਸ਼ਨ ਸਜ਼ਾ ਸਮੀਖਿਆ ਬੋਰਡ ਵੱਲੋਂ ਰੱਦ ਕੀਤੀ ਗਈ ਸੀ ਅਤੇ ਹੁਣ ਭਾਜਪਾ ਦੀ ਸਰਕਾਰ ਵੀ ਉਸੇ ਰਸਤੇ 'ਤੇ ਚੱਲਦਿਆਂ ਸਿੱਖ ਭਾਵਨਾਵਾਂ ਵਿਰੁੱਧ ਫੈਸਲੇ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਸਜ਼ਾ ਸਮੀਖਿਆ ਬੋਰਡ ਵੱਲੋਂ ਕਈ ਕੈਦੀਆਂ ਦੀ ਸਜ਼ਾ ਮੁਆਫ਼ ਕਰਨ ਦੀ ਸਿਫ਼ਾਰਸ਼ ਕੀਤੀ ਗਈ ਹੈ, ਜਦਕਿ 33 ਸਾਲ ਤੋਂ ਸਜ਼ਾ ਭੁਗਤ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਨੂੰ ਰੱਦ ਕਰ ਦਿੱਤਾ ਗਿਆ ਹੈ। ਇਹ ਮਾਨਵੀ ਅਧਿਕਾਰਾਂ ਦਾ ਉਲੰਘਣ ਹੈ, ਜਿਸ ਨਾਲ ਸਿੱਖ ਜਗਤ ਅੰਦਰ ਨਿਰਾਸ਼ਾ ਪੈਦਾ ਹੋ ਰਹੀ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਇੱਕ ਪਾਸੇ ਸਿੱਖ ਹਿਤੈਸ਼ੀ ਹੋਣ ਦਾ ਦਾਅਵਾ ਕਰਦੀ ਹੈ ਪਰ ਸਿੱਖਾਂ ਨਾਲ ਸਬੰਧਿਤ ਮਾਮਲਿਆਂ ਵਿੱਚ ਸਰਕਾਰ ਦੀ ਪਹੁੰਚ ਉਸ ਦੇ ਦੋਹਰੇ ਚਿਹਰੇ ਨੂੰ ਬਿਆਨ ਕਰਦੀ ਹੈ। ਉਨ੍ਹਾਂ ਕਿਹਾ ਕਿ ਸਿੱਖਾਂ ਨੇ ਦੇਸ਼ ਲਈ ਹਮੇਸ਼ਾ ਵੱਡੀਆਂ ਕੁਰਬਾਨੀਆਂ ਕੀਤੀਆਂ ਹਨ, ਪ੍ਰੰਤੂ ਸਿੱਖਾਂ ਪ੍ਰਤੀ ਸਰਕਾਰਾਂ ਦੀ ਨਕਾਰਾਤਮਕ ਪਹੁੰਚ ਨੇ ਹਮੇਸ਼ਾ ਨਿਰਾਸ਼ਾ ਦਿੱਤੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਸਰਕਾਰ ਨੂੰ ਅਪੀਲ ਕੀਤੀ ਕਿ ਆਪਣੀ ਸਜ਼ਾ ਤੋਂ ਵਧੇਰੇ ਸਮਾਂ ਜੇਲ੍ਹ ਵਿੱਚ ਬਿਤਾ ਚੁੱਕੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਮਾਮਲੇ ਵਿੱਚ ਇਨਸਾਫ਼ ਕੀਤਾ ਜਾਵੇ ਅਤੇ ਉਨ੍ਹਾਂ ਦੀ ਤੁਰੰਤ ਰਿਹਾਈ ਕਰਨ ਦੇ ਆਦੇਸ਼ ਦਿੱਤੇ ਜਾਣ।

## ਕੈਨੇਡਾ ਦੇ ਸਕੂਲ ਵਿੱਚ ਗੋਲੀਬਾਰੀ; 10 ਦੀ ਮੌਤ, 25 ਜ਼ਖਮੀ




ਟੰਬਲਰ ਰਿਜ/ਏ.ਟੀ.ਨਿਊਜ਼: ਕੈਨੇਡਾ ਦੇ ਪੱਛਮੀ ਤੱਟੀ ਸੂਬੇ ਬ੍ਰਿਟਿਸ਼ ਕੋਲੰਬੀਆ ਦੇ ਉੱਤਰੀ ਪਾਸੇ ਸ਼ਾਂਤ ਖੇਤਰ ਵਜੋਂ ਜਾਣੇ ਜਾਂਦੇ ਇਲਾਕੇ ਟੰਬਲਰ ਰਿੱਜ ਦੇ ਹਾਇਰ ਸੈਕੰਡਰੀ ਸਕੂਲ 'ਚ ਬੰਦੂਕਧਾਰੀ ਵਲੋਂ ਕੀਤੀ ਗੋਲੀਬਾਰੀ ਕਾਰਨ 9 ਲੋਕਾਂ ਦੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਅਨੁਸਾਰ ਹਮਲਾਵਰ ਬੰਦੂਕਧਾਰੀ ਔਰਤ ਦੀ ਵੀ ਮੌਤ ਹੋ ਗਈ ਹੈ। ਕਰੀਬ 25 ਹੋਰਾਂ ਦੇ ਜ਼ਖ਼ਮੀ ਹੋਣ ਦੀ ਸੂਚਨਾ ਹੈ। ਇਸ ਤੋਂ ਪਹਿਲਾਂ ਟੰਬਲਰ ਰਿੱਜ ਪੁਲਿਸ ਵੱਲੋਂ ਲੋਕਾਂ ਨੂੰ ਜਾਨਾਂ ਬਚਾਉਣ ਲਈ ਘਰਾਂ ਦੇ ਅੰਦਰ ਜਾਂ ਸੁਰੱਖਿਅਤ ਥਾਵਾਂ ਤੇ ਲੁਕੇ ਰਹਿਣ ਬਾਰੇ ਚੌਕਸੀ ਜਾਰੀ ਕੀਤੀ ਗਈ ਸੀ। ਬੀ ਸੀ ਰਾਇਲ ਕੈਨੇਡੀਅਨ ਮਾਂਊਟਿਡ ਪੁਲਿਸ ਅਨੁਸਾਰ ਪੁਲਿਸ ਨੂੰ ਬੀਤੇ ਦਿਨ ਡੇਢ ਵਜੇ ਟੰਬਲਰ ਰਿੱਜ ਸਕੂਲ ਵਿੱਚ ਕਿਸੇ ਬੰਦੂਕਧਾਰੀ ਦੇ ਬਾਰੇ ਸੂਚਨਾ ਮਿਲੀ ਸੀ, ਮੌਕੇ 'ਤੇ ਪਹੁੰਚਣ ਤੱਕ 7ਵੀਂ ਤੋਂ 12ਵੀਂ ਤੱਕ ਦੇ ਕਈ ਵਿਦਿਆਰਥੀਆਂ ਨੂੰ ਗੋਲੀਆਂ ਲੱਗੀਆਂ ਹੋਈਆਂ ਸੀ, ਜਿੰਨਾਂ ਚੋਂ ਕੁਝ ਦੀ ਮੌਤ ਹੋ ਚੁੱਕੀ ਸੀ।

ਉੱਤਰੀ ਖੇਤਰ ਬੀ ਸੀ ਦੀ ਪੁਲਿਸ ਦੇ ਸੁਪਰਡੈਂਟ ਕੈਨ ਫਲੌਇਡ ਅਨੁਸਾਰ ਪੁਲਿਸ ਸਕੂਲ ਪਹੁੰਚੀ ਤਾਂ ਉੱਥੇ 6 ਵਿਦਿਆਰਥੀਆਂ ਤੇ ਬੰਦੂਕਧਾਰੀ ਦੀ ਮੌਤ ਹੋ ਚੁੱਕੀ ਸੀ, ਇੱਕ ਜ਼ਖ਼ਮੀ ਮੁਢਲੀ ਡਾਕਟਰੀ ਮਦਦ ਦੌਰਾਨ ਦਮ ਤੋੜ ਗਿਆ, 3 ਗੰਭੀਰ ਜ਼ਖ਼ਮੀਆਂ ਨੂੰ ਹਵਾਈ ਐਂਬਲੈਂਸ ਰਾਹੀਂ ਵੱਡੇ ਹਸਪਤਾਲ ਭੇਜਿਆ ਗਿਆ ਹੈ। ਇਸ ਦੌਰਾਨ ਆਲੇ ਦੁਆਲੇ ਦੇ ਘਰਾਂ ਚੋਂ ਦੋ ਵਿਅਕਤੀਆਂ ਦੀਆਂ ਲਾਸ਼ਾਂ ਮਿਲੀਆਂ। ਅਜੇ ਹੋਰ ਘਰਾਂ ਬਾਰੇ ਜਾਣਕਾਰੀ ਇਕੱਤਰ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਅਜੇ ਇਹ ਪਤਾ ਨਹੀਂ ਲੱਗ ਸਕਿਆ ਕਿ ਬੰਦੂਕਧਾਰੀ ਨੇ ਖੁਦਕੁਸ਼ੀ ਕੀਤੀ ਜਾਂ ਕਿਸੇ ਹੋਰ ਨੇ ਉਸ ਨੂੰ ਮਾਰਿਆ ਹੈ। ਪੁਲਿਸ ਪਹਿਲ ਦੇ ਅਧਾਰ ਤੇ ਜ਼ਖ਼ਮੀ ਲੋਕਾਂ ਦੀ ਮਦਦ ਅਤੇ ਹੋਰ ਜ਼ਖ਼ਮੀਆਂ ਦੀ ਭਾਲ ਨੂੰ ਪਹਿਲ ਦੇ ਰਹੀ ਹੈ।

ਪੀਸ ਰਿਵਰ ਸਾਊਥ ਸਕੂਲ ਡਿਸਟ੍ਰਿਕਟ ਨੇ ਕਿਹਾ ਕਿ ਸੈਕੰਡਰੀ ਸਕੂਲ ਅਤੇ ਟੰਬਲਰ ਰਿਜ ਐਲੀਮੈਂਟਰੀ ਸਕੂਲ ਦੋਵਾਂ ਨੂੰ ਲੌਕਡਾਊਨ ਅਤੇ ਸੁਰੱਖਿਅਤ ਕਰ ਦਿੱਤਾ ਗਿਆ ਸੀ। ਪੀਸ ਰਿਵਰ ਸਾਊਥ ਦੇ ਵਿਧਾਇਕ ਲੈਰੀ ਨਿਊਫੀਲਡ ਨੇ ਵਿਧਾਨ ਸਭਾ ਵਿੱਚ ਪੱਤਰਕਾਰਾਂ ਨੂੰ ਦੱਸਿਆ ਕਿ ਕਮਿਊਨਿਟੀ ਵਿੱਚ ਆਰਸੀਐਮਪੀ ਅਤੇ ਐਂਬੂਲੈਂਸ ਸਹਾਇਤਾ ਸਮੇਤ ਭਾਰੀ ਮਾਤਰਾ ਵਿੱਚ ਸਰੋਤ ਭੇਜੇ ਗਏ ਹਨ। ਇੱਕ ਪੁਲਿਸ ਅਧਿਕਾਰੀ ਨੇ ਕਿਹਾ ਕਿ ਹਮਲਾਵਰ ਕੌਣ ਹੈ ਅਤੇ ਗੋਲੀਬਾਰੀ ਪਿੱਛੇ ਉਸਦਾ ਕੀ ਮਕਸਦ ਸੀ ? ਇਸਦਾ ਪਤਾ ਲਾਉਣ ਦੇ ਵੀ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਆਖਿਆ ਕਿ ਬੰਦੂਕਧਾਰੀ ਦੀ ਲਾਸ਼ ਮਿਲਣ ਤੋਂ ਬਾਅਦ ਸ਼ਾਮ 6 ਵਜੇ ਲੋਕਾਂ ਨੂੰ ਸੁਰੱਖਿਆ ਬਾਰੇ ਜਾਰੀ ਕੀਤੀ ਚੌਕਸੀ ਵਾਪਸ ਲੈ ਲਈ ਗਈ ਹੈ ਤੇ ਹੁਣ ਉਹ ਕਿੱਧਰੇ ਵੀ ਆ ਜਾ ਸਕਦੇ ਹਨ। (ਬਾਕੀ ਸ.ਫ਼ਾ 26 'ਤੇ)

## ਰਾਜਪਾਲ ਦੀ ਯਾਤਰਾ ਵਿੱਚ ਅਕਾਲੀ-ਭਾਜਪਾ ਆਗੂਆਂ ਦੀ ਨੇੜਤਾ: 2027 ਲਈ ਗਠਜੋੜ ਦੀ ਝਲਕ ?

### ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਵੱਲੋਂ ਵਿਚੋਲੇ ਦੀ ਭੂਮਿਕਾ

### ਕਾਂਗਰਸ ਅਤੇ 'ਆਪ' ਦਾ ਤਿੱਖਾ ਹਮਲਾ: 'ਸਮਝੌਤਾ ਐਕਸਪ੍ਰੈੱਸ' ਜਾਂ ਨਸ਼ਾ ਵਿਰੋਧੀ ਮੁਹਿੰਮ ?



ਪੰਜਾਬ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਨੂੰ ਲੈ ਕੇ ਰਾਜਪਾਲ ਗੁਲਾਬ ਚੰਦ ਕਟਾਰੀਆ ਵੱਲੋਂ ਸ਼ੁਰੂ ਕੀਤੀ ਚਾਰ ਦਿਨਾਂ ਦੀ ਪੈਦਲ ਯਾਤਰਾ ਨੇ ਰਾਜਨੀਤਿਕ ਹਲਕਿਆਂ ਵਿੱਚ ਤੇਜ਼ ਚਰਚਾ ਛੇੜ ਦਿੱਤੀ ਹੈ। ਫ਼ਿਰੋਜ਼ਪੁਰ ਵਿੱਚ ਯਾਤਰਾ ਦੇ ਦੂਜੇ ਦਿਨ ਡੇਰਾ ਰਾਧਾ ਸਵਾਮੀ ਸਤਸੰਗ ਬਿਆਸ ਦੇ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਇਕੱਠੀ ਹਾਜ਼ਰੀ ਨੇ ਸਿਆਸੀ ਵਿਸ਼ਲੇਸ਼ਕਾਂ ਅਤੇ ਵਿਰੋਧੀ ਪਾਰਟੀਆਂ ਵਿੱਚ ਇਹ ਸਵਾਲ ਖੜ੍ਹੇ ਕਰ ਦਿੱਤੇ ਹਨ ਕਿ ਕੀ ਇਹ ਸਿਰਫ਼ ਨਸ਼ਾ ਮੁਕਤ ਪੰਜਾਬ ਦੀ ਮੁਹਿੰਮ ਹੈ ਜਾਂ 2027 ਦੀ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਮਝੌਤੇ ਦੀ ਕੋਈ ਤਿਆਰੀ ?

ਰਾਜਪਾਲ ਕਟਾਰੀਆ ਨੇ ਬੀਤੇ ਸੋਮਵਾਰ ਨੂੰ ਤਰਨ ਤਾਰਨ ਤੋਂ ਯਾਤਰਾ ਸ਼ੁਰੂ ਕੀਤੀ ਸੀ, ਜਿਸ ਦਾ ਮਕਸਦ ਪਾਕਿਸਤਾਨ ਨਾਲ ਲੱਗਦੇ ਸਰਹੱਦੀ ਜ਼ਿਲ੍ਹਿਆਂ ਤਰਨ ਤਾਰਨ, ਫ਼ਿਰੋਜ਼ਪੁਰ, ਫ਼ਾਜ਼ਿਲਕਾ ਅਤੇ ਅਬੋਹਰ ਵਿੱਚ ਨਸ਼ਿਆਂ ਵਿਰੁੱਧ ਜਾਗਰੂਕਤਾ ਫੈਲਾਉਣਾ। ਰਾਜ ਭਵਨ ਨੇ ਇਸ ਨੂੰ ਗੈਰ-ਰਾਜਨੀਤਿਕ ਅਤੇ ਸਮਾਜਿਕ ਮੁਹਿੰਮ ਦੱਸਿਆ ਹੈ, ਜਿਸ ਵਿੱਚ ਸਾਰੀਆਂ ਧਾਰਮਿਕ, ਸਮਾਜਿਕ ਅਤੇ ਰਾਜਨੀਤਿਕ ਪਾਰਟੀਆਂ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਸੀ। ਪਰ ਫ਼ਿਰੋਜ਼ਪੁਰ ਵਿੱਚ ਸਾਰਾਗੜ੍ਹੀ ਗੁਰਦੁਆਰਾ ਸਾਹਿਬ ਤੋਂ ਸ਼ੁਰੂ ਹੋਈ ਯਾਤਰਾ ਵਿੱਚ ਡੇਰਾ ਬਿਆਸ ਮੁਖੀ ਬਾਬਾ ਗੁਰਿੰਦਰ ਸਿੰਘ ਢਿੱਲੋਂ ਅਤੇ ਅਸ਼ਵਨੀ ਸ਼ਰਮਾ ਨੇ ਪੂਰੇ ਸਮੇਂ ਰਾਜਪਾਲ ਦੇ ਨਾਲ ਕਦਮ ਮਿਲਾਏ, ਜਦਕਿ ਸੁਖਬੀਰ ਬਾਦਲ ਨੇ ਯਾਤਰਾ ਦੇ ਅੰਤ ਵਿੱਚ ਸ਼ਾਮਲ ਹੋ ਕੇ ਇਸ ਨੂੰ ਹੋਰ ਮਹੱਤਵਪੂਰਨ ਬਣਾ ਦਿੱਤਾ।

ਇਹ ਪਹਿਲੀ ਵਾਰ ਹੈ ਜਦੋਂ 2020 ਵਿੱਚ ਕਿਸਾਨ ਅੰਦੋਲਨ ਕਾਰਨ ਟੁੱਟੇ ਅਕਾਲੀ-ਭਾਜਪਾ ਗਠਜੋੜ ਦੇ ਆਗੂ ਇੱਕ ਪਲੇਟਫਾਰਮ 'ਤੇ ਇੰਨੇ ਨੇੜੇ ਨਜ਼ਰ ਆਏ ਹਨ। ਸਿਆਸੀ ਹਲਕਿਆਂ ਵਿੱਚ ਇਸ ਨੂੰ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਮਝੌਤੇ ਦੀ ਸੰਭਾਵਨਾ ਵਜੋਂ ਵੇਖਿਆ ਜਾ ਰਿਹਾ ਹੈ। ਵਿਸ਼ਲੇਸ਼ਕਾਂ ਅਨੁਸਾਰ, ਡੇਰਾ ਬਿਆਸ ਦੀ ਮੌਜੂਦਗੀ ਇਸ ਵਿੱਚ ਇੱਕ ਮਹੱਤਵਪੂਰਨ ਕੜੀ ਹੈ। ਰਾਧਾ ਸਵਾਮੀ ਸਤਸੰਗ ਬਿਆਸ ਦਾ ਪੰਜਾਬ ਵਿੱਚ, ਖਾਸ ਕਰ ਮਾਲਵੇ ਅਤੇ ਸਰਹੱਦੀ ਖੇਤਰਾਂ ਵਿੱਚ ਵੱਡਾ ਪ੍ਰਭਾਵ ਹੈ ਅਤੇ ਇਸ ਦੇ ਅਨੁਯਾਈਆਂ ਵਿੱਚ ਨਸ਼ਿਆਂ ਤੋਂ ਦੂਰ ਰਹਿਣ ਦੀ ਸਿੱਖਿਆ ਹੈ। ਬਾਬਾ ਗੁਰਿੰਦਰ ਸਿੰਘ ਢਿੱਲੋਂ ਨੇ ਹਾਲ ਹੀ ਵਿੱਚ ਅਕਾਲੀ ਮਹਾਂਰਥੀ ਨੇਤਾ ਬਿਕਰਮ ਮਜੀਠੀਆ ਨੂੰ ਜੇਲ੍ਹ ਵਿੱਚ ਮਿਲ ਕੇ ਉਨ੍ਹਾਂ ਨੂੰ ਨਿਰਦੋਸ਼ ਦੱਸਿਆ ਸੀ ਅਤੇ ਵੱਖ-ਵੱਖ ਰਾਜਨੀਤਿਕ ਨੇਤਾਵਾਂ ਨਾਲ ਮੁਲਾਕਾਤਾਂ ਕੀਤੀਆਂ ਸਨ। ਇਸ ਨੂੰ ਅਕਾਲੀ ਅਤੇ ਭਾਜਪਾ ਵਿਚਕਾਰ ਪੁਲ ਦੇ ਰੂਪ ਵਿੱਚ ਵੇਖਿਆ ਜਾ ਰਿਹਾ ਹੈ।

**ਕੀ ਅਕਾਲੀ ਦਲ ਅਤੇ ਭਾਜਪਾ ਵਿਚਕਾਰ ਸਮਝੌਤਾ ਹੋ ਗਿਆ ?**

ਇਸ ਘਟਨਾ ਨੇ ਸਮਝੌਤੇ ਦੀਆਂ ਅਫਵਾਹਾਂ ਨੂੰ ਹਵਾ ਦਿੱਤੀ ਹੈ, ਪਰ ਅਜੇ ਤੱਕ ਕੋਈ ਅਧਿਕਾਰਤ ਪੁਸ਼ਟੀ ਨਹੀਂ ਹੋਈ। ਕੁਝ ਸਮਾਂ ਪਹਿਲਾਂ (ਬਾਕੀ ਸ.ਫ਼ਾ 26 'ਤੇ)

# ਅਮਰੀਕਾ ’ਚ ਇਮੀਗ੍ਰੇਸ਼ਨ ਧੱਕੇਸ਼ਾਹੀ ਵਿਰੁੱਧ ਵੱਡੀ ਪੱਧਰ ’ਤੇ ਪ੍ਰਦਰਸ਼ਨ

ਸੈਕਰਾਮੈਂਟੋ, ਕੈਲੀਫ਼ੋਰਨੀਆ/ ਹੁਸਨ ਲੜੋਆ ਬੰਗਾ: ਟਰੰਪ ਪ੍ਰਸ਼ਾਸਨ ਵੱਲੋਂ ਪ੍ਰਵਾਸੀਆਂ ਪ੍ਰਤੀ ਅਪਣਾਈ ਧੱਕੇਸ਼ਾਹੀ ਵਾਲੀ ਨੀਤੀ ਵਿਰੁੱਧ ਵੱਡੀ ਪੱਧਰ ’ਤੇ ਪ੍ਰਦਰਸ਼ਨ ਹੋਣ ਦੀ ਖਬਰ ਹੈ। ਪ੍ਰਦਰਸ਼ਨਾਂ ਦੇ ਪ੍ਰਬੰਧਕਾਂ ਨੇ ਇਮੀਗ੍ਰੇਸ਼ਨ ਧੱਕੇਸ਼ਾਹੀ ਵਿਰੁੱਧ ਦੇਸ਼ ਵਿਆਪੀ ਹੜਤਾਲ ਦਾ ਸੱਦਾ ਦਿੱਤਾ ਹੈ ਜਿਸ ਦੇ ਹੁੰਗਾਰੇ ਵਜੋਂ ਹੇਠਲੇ ਮੈਨਹਟਨ ਵਿੱਚ ਫ਼ੋਲੀ ਸਕੁਏਅਰ ਵਿੱਚ ਲੋਕਾਂ ਦਾ ਵੱਡਾ ਇਕੱਠ ਹੋਇਆ ਜਿਥੇ ਬੁਲਾਰਿਆਂ ਨੇ ਟਰੰਪ ਪ੍ਰਸਾਸ਼ਨ ਦੀ ਨਿੰਦਾ ਕਰਦਿਆਂ ਲੋਕਾਂ ਨੂੰ ਅਨਿਆਂ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਵੱਖ ਵੱਖ ਤਰ੍ਹਾਂ ਦੇ ਬੈਨਰ ਚੁੱਕੇ ਹੋਏ ਸਨ ਜਿਨਾਂ ਉਪਰ ਇਮੀਗ੍ਰੇਸ਼ਨ ਦਹਿਸ਼ਤ ਵਿਰੁੱਧ ਨਾਅਰੇ ਲਿਖੇ ਹੋਏ ਸਨ। ਉਪਰੰਤ ਨਿਊ ਯਾਰਕ ਸ਼ਹਿਰ ਬੋਰੋਘ ਵਿੱਚ ਮਾਰਚ ਕੀਤਾ ਗਿਆ। ਇੱਕ ਬੁਲਾਰੇ ਨੇ ਕਿਹਾ ਕਿ ਅਸੀਂ ਇਥੇ ਇਮੀਗ੍ਰੇਸ਼ਨ ਧੱਕੇਸ਼ਾਹੀ ਦਾ ਵਿਰੋਧ ਕਰਨ ਆਏ ਹਾਂ ਕਿਉਂਕਿ ਅਸੀਂ ਜਾਣਦੇ ਹਾਂ ਕਿ ਦਫ਼ਤਰਾਂ ਵਿੱਚ ਬੈਠੇ ਲੋਕ ਇਸ ਧੱਕੇਸ਼ਾਹੀ ਨੂੰ ਰੋਕਣ ਲਈ ਕੁਝ ਨਹੀਂ ਕਰਨਗੇ। ਇਸ ਲਈ ਇਹ ਜਿੰਮੇਵਾਰੀ ਅਸੀਂ ਆਪਣੇ ਹੱਥਾਂ ਵਿੱਚ ਲੈ ਲਈ ਹੈ। ਅਸੀਂ ਲੋਕ ਹਾਂ ਜੋ ਇਸ ਨੂੰ ਰੋਕਾਂਗੇ। ਇਸ ਤੋਂ ਬਾਅਦ ਇਕੱਤਰ ਲੋਕਾਂ ਨੇ ‘ਬੰਦ ਕਰੋ,ਬੰਦੋ ਕਰੋ’ ਦੇ




ਨਾਅਰੇ ਲਾਉਣੇ ਸ਼ੁਰੂ ਕਰ ਦਿੱਤੇ। ਬੁਲਾਰਿਆਂ ਨੇ ਕਿਹਾ ਕਿ ਉਹ ਆਪਣੇ ਤੇ ਆਪਣੇ ਗਵਾਂਢੀਆਂ ਦੇ ਵਿਅਕਤੀਗਤ ਅਧਿਕਾਰਾਂ ਲਈ ਇਥੇ ਇਕੱਠੇ ਹੋਏ ਹਨ। ਇਹ ਸਾਹ ਲੈਣ ਵਾਂਗ ਹੈ ਜੋ ਸਾਡੇ ਲਈ ਅਹਿਮ ਹੈ। ਦੇਸ਼ ਭਰ ਵਿੱਚ ਵਿਦਿਆਰਥੀਆਂ ਨੇ ਵੀ ਕਲਾਸਾਂ ਦਾ ਬਾਈਕਾਟ ਕੀਤਾ ਹਾਲਾਂ ਕਿ ਇਮੀਗ੍ਰੇਸ਼ਨ ਐਂਡ ਕਸਟਮਜ ਇਨਫ਼ੋਰਸਮੈਂਟ ਵਿਰੁੱਧ ਸੰਭਾਵੀ ਪ੍ਰਦਰਸ਼ਨਾਂ ਦੇ ਮੱਦੇਨਜਰ ਕੁਝ ਸਕੂਲਾਂ ਨੇ ਪਹਿਲਾਂ ਹੀ ਕਲਾਸਾਂ ਰੱਦ ਕਰ ਦਿੱਤੀਆਂ ਸਨ। ਸੈਨ ਮੈਟੀਓ ਕਾਊਂਟੀ, ਕੈਲੀਫ਼ੋਰਨੀਆ ਦੇ ਸੈਨ ਮੈਟੀਓ ਯੂਨੀਅਨ ਹਾਈ ਸਕੂਲ ਡਿਸਟ੍ਰਿਕਟ, ਯੂਨੀਵਰਸਿਟੀ ਆਫ਼ ਵਿਕਾਨਸਿਨ-ਮੈਡੀਸਨ , ਐਰੀਜ਼ੋਨਾ ਤੇ ਜਾਰਜੀਆ ਦੇ ਸਕੂਲਾਂ ਦੇ ਵਿਦਿਆਰਥੀਆਂ ਵੱਲੋਂ ਕਲਾਸਾਂ ਦਾ ਬਾਈਕਾਟ ਕਰਕੇ ਵਿਰੋਧ ਪ੍ਰਦਰਸ਼ਨ ਕੀਤੇ ਗਏ। ਕੋਲੋਰਾਡੋ ਵਿੱਚ ਸਕੂਲ ਡਿਸਟ੍ਰਿਕਟਸ ਵੱਲੋਂ ਪਹਿਲਾਂ ਹੀ ਕਲਾਸਾਂ ਰੱਦ ਕਰ ਦਿੱਤੀਆਂ ਗਈਆਂ ਸਨ। ਬ੍ਰਿਮਿੰਘਮ, ਮਿਸ਼ੀਗੰਨ ਵਿੱਚ ਗਰੋਵਸ ਹਾਈ ਸਕੂਲ ਦੇ ਵਿਦਿਆਰਥੀਆਂ ਨੇ ਸਵੇਰ ਦੀਆਂ ਕਲਾਸਾਂ ਦਾ ਬਾਈਕਾਟ ਕੀਤਾ ਤੇ ਪ੍ਰਦਰਸ਼ਨ ਵਿੱਚ ਸ਼ਾਮਿਲ ਹੋਏ।

## ‘ਨੈਸ਼ਨਲ ਮਾਡਲ ਯੂਨਾਈਟਡ ਨੇਸ਼ਨਜ਼’ ਸਿਮੂਲੇਸ਼ਨ ਲਈ ਸਿਖ ਨੌਜਵਾਨ ਦੀ ਚੋਣ

ਨਿਊਯਾਰਕ/ਏ.ਟੀ.ਨਿਊਜ਼ : ਘੈਂਟ ਇੰਗਲਮੁੰਸਟਰ ਨਾਲ ਸੰਬੰਧਿਤ ਨੌਜਵਾਨ ਸਿੱਖ ਆਗੂ ਸੁਖਪ੍ਰੀਤ ਸਿੰਘ ਲਈ ਇਹ ਇੱਕ ਵੱਡੀ ਅੰਤਰਰਾਸ਼ਟਰੀ ਮਾਨਤਾ ਹੈ। ਦੁਨੀਆ ਭਰ ਦੇ 150,000 ਤੋਂ ਵੱਧ ਉਮੀਦਵਾਰਾਂ ਵਿੱਚੋਂ ਉਹ ਨਿਊਯਾਰਕ ਸਥਿਤ ਸੰਯੁਕਤ ਰਾਸ਼ਟਰ ਦੇ ਮੁੱਖ ਦਫ਼ਤਰ ਵਿਖੇ ਹੋਣ ਵਾਲੇ ਪ੍ਰਸਿੱਧ ਨੈਸ਼ਨਲ ਮਾਡਲ ਯੂਨਾਈਟਡ ਨੇਸ਼ਨਜ਼ ਸਿਮੂਲੇਸ਼ਨ ਲਈ ਚੁਣੇ ਗਏ ਕੇਵਲ 10,000 ਵਿਦਿਆਰਥੀਆਂ ਵਿੱਚ ਸ਼ਾਮਲ ਹੋਇਆ ਹੈ। 25 ਤੋਂ 30 ਮਾਰਚ 2026 ਤੱਕ ਚੱਲਣ ਵਾਲੇ ਇਸ ਵਿਸ਼ੇਸ਼ ਅੰਤਰਰਾਸ਼ਟਰੀ ਮੰਚ ’ਤੇ ਸੁਖਪ੍ਰੀਤ ਸਿੰਘ ਭਵਿੱਖ ਦੇ ਡਿਪਲੋਮੈਟਾਂ, ਨੀਤੀ-ਨਿਰਧਾਰਕਾਂ ਅਤੇ ਵਿਸ਼ਵ ਨੇਤਾਵਾਂ ਦੇ ਇੱਕ ਚੋਣਵੇਂ ਗਰੁੱਪ ਨਾਲ ਹਿੱਸਾ ਲੈਣ ਜਾ ਰਿਹਾ ਹੈ। ਚੋਣ ਪ੍ਰਕਿਰਿਆ ਬਹੁਤ ਸਖ਼ਤ ਮੰਨੀ ਜਾਂਦੀ ਹੈ, ਜਿਸ ’ਚ ਅਕਾਦਮਿਕ ਪ੍ਰਦਰਸ਼ਨ, ਲੀਡਰਸ਼ਿਪ ਯੋਗਤਾ ਅਤੇ ਸਮਾਜਿਕ ਸੂਝ ਮੁੱਖ ਮਾਪਦੰਡ ਹੁੰਦੇ ਹਨ। ਸੁਖਪ੍ਰੀਤ ਸਿੰਘ ਇਸ ਵੇਲੇ ਹੌਗੈਟ ਵਿਖੇ ਬਾਇਓਮੈਡੀਕਲ



ਲੈਬੋਰਟਰੀ ਟੈਕਨਾਲੋਜੀ ਦੇ ਵਿਦਿਆਰਥੀ ਹਨ, ਜਿੱਥੇ ਉਹ ਇਮਿਊਨੋਲੋਜੀ ਅਤੇ ਪੈਥੋਲੋਜੀ ਵਿੱਚ ਖ਼ਾਸ ਦਿਲਚਸਪੀ ਰੱਖਦੇ ਹੋਏ ਆਪਣੇ ਅਕਾਦਮਿਕ ਕਰੀਅਰ ਦੇ ਨਾਲ-ਨਾਲ, ਉਹ ਵਿਦਿਆਰਥੀ ਪ੍ਰਤੀਨਿਧਤਾ ਵਿੱਚ ਵੀ ਅਹਿਮ ਭੂਮਿਕਾ ਨਿਭਾ ਰਹੇ ਹੈ।

ਉਹ ਯੂਰੇਕਾ ਸਟੂਡੈਂਟ ਕੌਂਸਲ ਦੇ ਪ੍ਰਧਾਨ ਦੇ ਨਾਲ ਸਟੂਡੈਂਟ ਕੌਂਸਲ ਵਿੱਚ ਵੀ ਸਰਗਰਮ ਸੇਵਾ ਕਰ ਰਹੇ ਹੈ ਤੇ ਨਿਊਯਾਰਕ ਲਈ ਉਨ੍ਹਾਂ ਦੀ ਚੋਣ ਉਨ੍ਹਾਂ ਦੀ ਬਹੁਪੱਖੀ ਯੋਗਤਾ ਵਿਗਿਆਨਕ ਸੋਚ ਅਤੇ ਰਾਜਨੀਤਿਕ ਸੂਝ ਨੂੰ ਦਰਸਾਉਂਦੀ ਹੈ। ਸੁਖਪ੍ਰੀਤ ਸਿੰਘ ਸਿੱਖ ਨੌਜਵਾਨਾਂ ਵਿੱਚ ਇੱਕ ਪ੍ਰੇਰਕ ਆਵਾਜ਼ ਵਜੋਂ ਵੀ ਜਾਣੇ ਜਾਂਦੇ ਹਨ। ਉਹ ਬੈਲਜੀਅਨ ਸਿੱਖ ਯੂਥ ਐਸੋਸੀਏਸ਼ਨ ਦੇ ਸਹਿ-ਸੰਸਥਾਪਕ ਅਤੇ ਚੇਅਰਮੈਨ ਹਨ, ਜਿਸ ਰਾਹੀਂ ਉਹ ਯੂਰਪ ਵਿੱਚ ਸਿੱਖ ਪਛਾਣ ਨੂੰ ਮਜ਼ਬੂਤ ਕਰਨ ਅਤੇ ਨੌਜਵਾਨਾਂ ਨੂੰ ਇਕੱਠਾ ਕਰਨ ਲਈ ਕੰਮ ਕਰ ਰਹੇ ਹਨ।

ਸੁਖਪ੍ਰੀਤ ਸਿੰਘ ਦਯਾ ਸਿੰਘ ਦੇ ਪੁੱਤਰ ਅਤੇ ਪੰਜਾਬ ਦੇ ਪਿੰਡ ਦਾਰਾਪੁਰ ਦੇ ਸਾਬਕਾ ਸਰਪੰਚ ਦੇ ਪੋਤੇ ਹਨ। ਲੀਡਰਸ਼ਿਪ ਅਤੇ ਸੇਵਾ ਦੀ ਇਹ ਪਰੰਪਰਾ ਹੋਰ ਪਿੱਛੇ ਤੱਕ ਜਾਂਦੀ ਹੈ। ਉਨ੍ਹਾਂ ਦੇ ਪੜਦਾਦਾ ਨੇ ਪਹਿਲੇ ਵਿਸ਼ਵ ਯੁੱਧ ਦੌਰਾਨ ਇੱਕ ਫ਼ੌਜੀ ਵਜੋਂ ਸੇਵਾ ਨਿਭਾਈ ਸੀ। ਇਸ ਅੰਤਰਰਾਸ਼ਟਰੀ ਚੋਣ ਨਾਲ ਸੁਖਪ੍ਰੀਤ ਸਿੰਘ ਆਪਣੇ ਉਭਰਦੇ ਕੈਰੀਅਰ ਵਿੱਚ ਇੱਕ ਨਵਾਂ ਮੀਲ ਪੱਥਰ ਸਥਾਪਿਤ ਕਰ ਰਹੇ ਹਨ। ਅੰਤਰਰਾਸ਼ਟਰੀ ਕੂਟਨੀਤੀ ਦੇ ਕੇਂਦਰ ਵਿੱਚ ਭਾਗ ਲੈਂਦਿਆਂ ਵੀ, ਉਨ੍ਹਾਂ ਦੀ ਸੋਚ ਸਿੱਖੀ ਦੇ ਮੂਲ ਸਿਧਾਂਤ ਸਰਬੱਤ ਦਾ ਭਲਾ ਨਾਲ ਜੁੜੀ ਰਹਿੰਦੀ ਹੈ।

## ਅਮਰੀਕਾ ’ਚ ਖ਼ਤਮ ਹੋਈ ਤਾਲਾਬੰਦੀ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਸਰਕਾਰੀ ਕੰਮਕਾਜ ਮੁੜ ਤੋਂ ਸ਼ੁਰੂ ਕਰਨ ਲਈ ਬਿੱਲ ’ਤੇ ਦਸਤਖ਼ਤ ਕੀਤੇ। ਓਵਲ ਆਫਿਸ ਵਿੱਚ ਰਾਸ਼ਟਰਪਤੀ ਨੇ ਕਿਹਾ, “ਮੈਂ ਇਸਤੇਮਾਲ ਐਕਟ ’ਤੇ ਦਸਤਖ਼ਤ ਕਰ ਕੇ ਬਹੁਤ ਖੁਸ਼ ਹਾਂ ਤਾਂ ਜੋ ਫੈਡਰਲ ਸਰਕਾਰ ਦੇ ਕੰਮਕਾਜ ਨੂੰ ਤੁਰੰਤ ਮੁੜ ਤੋਂ ਸ਼ੁਰੂ ਕੀਤਾ ਜਾ ਸਕੇ ਅਤੇ ਬਾਕੀ ਵਿੱਤੀ ਵਰ੍ਹੇ ਲਈ ਜ਼ਿਆਦਾਤਰ ਕੰਮਕਾਜਾਂ ਨੂੰ ਫੰਡ ਦਿੱਤਾ ਜਾ ਸਕੇ।”

ਸੀ ਐੱਨ ਐੱਨ ਦੀ ਖ਼ਬਰ ਅਨੁਸਾਰ, ਟਰੰਪ ਦੇ ਦਸਤਖ਼ਤਾਂ ਨਾਲ ਤਿੰਨ ਦਿਨਾਂ ਤੋਂ ਚੱਲ ਰਹੀ ਅੰਸ਼ਕ ਸਰਕਾਰੀ ਤਾਲਾਬੰਦੀ ਖ਼ਤਮ ਹੋ ਗਈ ਹੈ। ਇਹ ਬਿੱਲ ਕਈ ਮਹੱਤਵਪੂਰਨ ਵਿਭਾਗਾਂ ਨੂੰ ਫੰਡ ਮੁਹੱਈਆ ਕਰਵਾਉਂਦਾ ਹੈ, ਇਹ ਹੋਮਲੈਂਡ ਸਿਕਿਓਰਿਟੀ ਵਿਭਾਗ (ਡੀ ਐੱਚ ਐੱਸ) ਲਈ ਸਿਰਫ਼ ਦੋ ਹਫ਼ਤਿਆਂ ਦਾ ਸਮਾਂ ਦਿੰਦਾ ਹੈ ਜਿਸ ਤੋਂ ਬਾਅਦ ਦੁਬਾਰਾ ਫੰਡਿੰਗ ਦਾ ਸੰਕਟ ਖੜ੍ਹਾ ਹੋ ਸਕਦਾ ਹੈ। ਇਹ ਤਾਲਾਬੰਦੀ ਤਿੰਨ ਦਿਨਾਂ ਬਾਅਦ ਖ਼ਤਮ ਹੋਈ ਹੈ। ਹੋਮਲੈਂਡ ਸਿਕਿਓਰਿਟੀ ਲਈ ਫੰਡਿੰਗ ਦਾ



ਮੁੱਦਾ ਅਜੇ ਵੀ ਪੂਰੀ ਤਰ੍ਹਾਂ ਹੱਲ ਨਹੀਂ ਹੋਇਆ ਹੈ। ‘ਵਾਸ਼ਿੰਗਟਨ ਪੋਸਟ’ ਅਨੁਸਾਰ ਅਮਰੀਕੀ ਹਾਊਸ ਨੇ ਖਰਚਾ ਬਿੱਲ ਪਾਸ ਕੀਤੇ ਜਿਨ੍ਹਾਂ ਦਾ ਉਦੇਸ਼ ਅੰਸ਼ਕ ਸਰਕਾਰੀ ਤਾਲਾਬੰਦੀ ਖ਼ਤਮ ਕਰਨਾ ਹੈ। ਇਸ ਦੇ ਨਾਲ ਹੀ, ਇਸ ਦਾ ਮਕਸਦ ਇਮੀਗ੍ਰੇਸ਼ਨ ਤੇ ਕਸਟਮਜ਼ ਐਨਫੋਰਸਮੈਂਟ (ਆਈ ਸੀ ਈ) ਲਈ ਜਵਾਬਦੇਹੀ ਦੇ ਨਵੇਂ ਉਪਾਵਾਂ ’ਤੇ ਦੋ-ਧਿਰੀ ਗੱਲਬਾਤ ਲਈ ਸਮਾਂ ਕੱਢਣਾ ਵੀ ਹੈ। ਜੇ ਸਮੇਂ ਸਿਰ ਸਹਿਮਤੀ ਨਾ ਬਣਦੀ ਤਾਂ ਹੋਮਲੈਂਡ ਸਿਕਿਓਰਿਟੀ ਵਿਭਾਗ, ਟਰਾਂਸਪੋਰਟੇਸ਼ਨ ਸੁਰੱਖਿਆ ਪ੍ਰਸ਼ਾਸਨ ਅਤੇ ਫੈਡਰਲ ਐਮਰਜੈਂਸੀ ਮੈਨੇਜਮੈਂਟ ਏਜੰਸੀ 14 ਫਰਵਰੀ ਨੂੰ ਬੰਦ ਹੋ ਸਕਦੇ ਸੀ।

## ਅਮਰੀਕਾ ਵੱਲੋਂ 200 ਗ਼ੈਰ ਕਾਨੂੰਨੀ ਆਨ ਲਾਈਨ ਫ਼ਾਰਮੇਸੀ ਵੈੱਬਸਾਈਟਾਂ ਬੰਦ

ਸੈਕਰਾਮੈਂਟੋ,ਕੈਲੀਫ਼ੋਰਨੀਆ (ਹੁਸਨ ਲੜੋਆ ਬੰਗਾ)-ਅਮਰੀਕਾ ਵੱਲੋਂ 200 ਤੋਂ ਵਧ ਗੈਰ ਕਾਨੂੰਨੀ ਆਨ ਲਾਈਨ ਫ਼ਾਰਮੇਸੀ ਵੈੱਬਸਾਈਟਾਂ ਬੰਦ ਕਰ ਦਿੱਤੀਆਂ ਗਈਆਂ ਹਨ । ਇਨ੍ਹਾਂ ਵੈੱਬਸਾਈਟਾਂ ਉੱਪਰ ਭਾਰਤ ਵਿਚਲੇ ਕ੍ਰਿਮੀਨਲ ਨੈੱਟਵਰਕ ਨਾਲ ਸਬੰਧ ਹੋਣ ਦੇ ਦੋਸ਼ ਲਾਏ ਗਏ ਹਨ ਜਿਨ੍ਹਾਂ ਕਾਰਨ ਅਮਰੀਕਾ ਵਿੱਚ ਓਵਰਡੋਜ਼ ਕਾਰਨ ਮੌਤਾਂ ਹੋਈਆਂ ਹਨ। ਡਰੱਗ ਇਨਫ਼ੋਰਸਮੈਂਟ ਐਡਮਨਿਸਟ੍ਰੇਸ਼ਨ ( ਡੀ. ਈ. ਏ.) ਨੇ ਜਾਰੀ ਇੱਕ ਬਿਆਨ ਵਿੱਚ ਕਿਹਾ ਹੈ ਕਿ ਇਹ ਵੈੱਬਸਾਈਟਾਂ ਇੱਕ ਅੰਤਰਰਾਸ਼ਟਰੀ ਕ੍ਰਿਮੀਨਲ ਸੰਗਠਨ ਨਾਲ ਜੁੜੀਆਂ ਹੋਈਆਂ ਹਨ ਜਿਸ ਕਾਰਨ ਕਥਿਤ ਤੌਰ ’ਤੇ ਓਵਰਡੋਜ਼ ਕਾਰਨ 6 ਮੌਤਾਂ ਹੋਈਆਂ ਹਨ ਤੇ 4 ਲੋਕ ਓਵਰਡੋਜ਼ ਕਾਰਨ ਬਿਮਾਰ ਹੋਏ ਹਨ। ਬਿਆਨ ਅਨੁਸਾਰ ਇਸ ਸਬੰਧੀ 2022 ਤੋਂ ਜਾਂਚ ਸ਼ੁਰੂ ਕੀਤੀ ਗਈ ਸੀ। ਇਸ ਸਾਲ 27 ਜਨਵਰੀ ਨੂੰ ਡਰੱਗ ਇਨਫ਼ੋਰਸਮੈਂਟ ਐਡਮਨਿਸਟ੍ਰੇਸ਼ਨ ਨੇ ਤਾਲਮੇਲ ਨਾਲ ਆਪ੍ਰੇਸ਼ਨ ਸ਼ੁਰੂ ਕੀਤਾ ਸੀ ਜਿਸ ਤਹਿਤ 4 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ। ਅਧਿਕਾਰੀਆਂ ਅਨੁਸਾਰ ਜਨਤਿਕ ਸਿਹਤ ਦੀ ਸੁਰੱਖਿਆ ਲਈ ਚੁੱਕੇ ਗਏ ਕਦਮਾਂ ਤਹਿਤ ਡੀ. ਏ. ਈ. ਰਜਿਸਟਰਾਰ ਕੋਲ ਦਰਜ 5 ਫ਼ਰਮਾਂ ਦੇ ਤੁਰੰਤ ਮੁਅੱਤਲੀ ਆਦੇਸ਼ ਜਾਰੀ ਕੀਤੇ ਗਏ ਤੇ ਇੱਕ ਨੂੰ ਨੋਟਿਸ ਜਾਰੀ ਕੀਤਾ ਗਿਆ ਹੈ।

## ਐਲਨ ਮਸਕ ਵੱਲੋਂ ਚੰਦਰਮਾ ’ਤੇ ਆਤਮ-ਨਿਰਭਰ ਸ਼ਹਿਰ ਸਥਾਪਿਤ ਕਰਨ ਦਾ ਐਲਾਨ

ਵਾਸ਼ਿੰਗਟਨ/ਏ.ਟੀ.ਨਿਊਜ਼: ਸਪੇਸਐਕਸ ਤੇ ਟੈਸਲਾ ਦੇ ਸੰਸਥਾਪਕ ਤੇ ਦੁਨੀਆ ਦੇ ਸਭ ਤੋਂ ਅਮੀਰ ਵਿਅਕਤੀ ਐਲਨ ਮਸਕ ਨੇ ਮੰਗਲ ’ਤੇ ਕਾਲੋਨੀ ਵਸਾਉਣ ਦੀ ਆਪਣੀ ਰਣਨੀਤੀ ਵਿੱਚ ਵੱਡਾ ਬਦਲਾਅ ਕੀਤਾ ਹੈ। ਉਨ੍ਹਾਂ ਨੇ ਐਲਾਨ ਕੀਤਾ ਹੈ ਕਿ ਉਹ ਹੁਣ ਮੰਗਲ ਗ੍ਰਹਿ ਤੋਂ ਪਹਿਲਾਂ ਚੰਦਰਮਾ ’ਤੇ ਇੱਕ ਆਤਮ-ਨਿਰਭਰ ਸ਼ਹਿਰ ਸਥਾਪਿਤ ਕਰਨ ਨੂੰ ਪਹਿਲ ਦੇ ਰਹੇ ਹਨ। ਮਸਕ ਅਨੁਸਾਰ, ਚੰਦਰਮਾ ’ਤੇ ਇੱਕ ਖ਼ੁਦ ਵਿਕਸਤ ਹੋਣ ਵਾਲਾ ਸ਼ਹਿਰ 10 ਸਾਲਾਂ ਤੋਂ ਵੀ ਘੱਟ ਸਮੇਂ ਵਿੱਚ ਬਣਾਇਆ ਜਾ ਸਕਦਾ ਹੈ, ਜਦੋਂ ਕਿ ਮੰਗਲ ’ਤੇ ਅਜਿਹੀ ਬਸਤੀ ਵਸਾਉਣ ਵਿੱਚ 20 ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਚੰਦਰਮਾ ਧਰਤੀ ਦੇ ਬਹੁਤ ਨੇੜੇ ਹੈ, ਜਿੱਥੇ ਪਹੁੰਚਣ ਲਈ ਸਿਰਫ਼ 2 ਤੋਂ 3 ਦਿਨ ਲੱਗਦੇ ਹਨ, ਜਦੋਂ ਕਿ ਮੰਗਲ ਦੀ ਯਾਤਰਾ ਵਿੱਚ 6 ਤੋਂ 9 ਮਹੀਨੇ ਲੱਗ ਸਕਦੇ ਹਨ। ਇਸ ਤੋਂ ਇਲਾਵਾ, ਚੰਦਰਮਾ ਲਈ ਹਰ ਕੁਝ ਦਿਨਾਂ ਬਾਅਦ



ਮਿਸ਼ਨ ਭੇਜਿਆ ਜਾ ਸਕਦਾ ਹੈ, ਪਰ ਮੰਗਲ ਲਈ ਸਿਰਫ਼ ਹਰ 26 ਮਹੀਨਿਆਂ ਬਾਅਦ ਹੀ ਮੌਕਾ ਮਿਲਦਾ ਹੈ।

ਮਸਕ ਦਾ ਇਹ ਨਵਾਂ ਪਲਾਨ ਨਾਸਾ ਦੇ ਆਰਟੇਮਿਸ ਪ੍ਰੋਗਰਾਮ ਅਤੇ ਅਮਰੀਕੀ ਪ੍ਰਸ਼ਾਸਨ ਦੀ ਚੰਦਰਮਾ ’ਤੇ ਮੁੜ ਜਾਣ ਦੀ ਨੀਤੀ ਦੇ ਅਨੁਕੂਲ ਹੈ। ਸਪੇਸਐਕਸ ਦਾ ‘ਸਟਾਰਸ਼ਿਪ’ ਰਾਕਟ ਇਸ ਮੁਹਿੰਮ ਵਿੱਚ ਲੂਨਰ ਲੈਂਡਰ ਵਜੋਂ ਅਹਿਮ ਭੂਮਿਕਾ ਨਿਭਾਏਗਾ।

ਕੰਪਨੀ ਹੁਣ ਮਾਰਚ 2027 ਤੱਕ ਚੰਦਰਮਾ ’ਤੇ ਇੱਕ ਬਿਨਾਂ ਇਨਸਾਨ ਵਾਲੀ ਲੈਂਡਿੰਗ ਕਰਨ ਦੀ ਤਿਆਰੀ ਕਰ ਰਹੀ ਹੈ। ਭਾਵੇਂ ਚੰਦਰਮਾ ਫਿਲਹਾਲ ਤਰਜੀਹ ਹੈ, ਪਰ ਮਸਕ ਨੇ ਕਿਹਾ ਹੈ ਕਿ ਮੰਗਲ ’ਤੇ ਸ਼ਹਿਰ ਵਸਾਉਣ ਦੀ ਯੋਜਨਾ ਨੂੰ ਪੂਰੀ ਤਰ੍ਹਾਂ ਨਹੀਂ ਛੱਡਿਆ ਗਿਆ ਅਤੇ ਇਸ ’ਤੇ ਲਗਭਗ 5 ਤੋਂ 7 ਸਾਲਾਂ ਵਿੱਚ ਕੰਮ ਸ਼ੁਰੂ ਹੋ ਸਕਦਾ ਹੈ।

ਇਹ ਰਣਨੀਤਕ ਤਬਦੀਲੀ ਸਪੇਸਐਕਸ ਦੇ ਸੰਭਾਵੀ ਆਈ.ਪੀ.ਓ. ਨਾਲ ਵੀ ਜੁੜੀ ਹੋ ਸਕਦੀ ਹੈ, ਜੋ ਕਿ 2026 ਦੇ ਮੱਧ ਤੱਕ ਆ ਸਕਦਾ ਹੈ ਅਤੇ ਕੰਪਨੀ ਦੀ ਕੀਮਤ ਨੂੰ 1.5 ਟ੍ਰਿਲੀਅਨ ਡਾਲਰ ਤੱਕ ਪਹੁੰਚਾ ਸਕਦਾ ਹੈ। ਮਸਕ ਦਾ ਮੰਨਣਾ ਹੈ ਕਿ ਚੰਦਰਮਾ ’ਤੇ ਪਹਿਲਾਂ ਬੇਸ ਬਣਾਉਣ ਨਾਲ ਤਕਨੀਕਾਂ ਦੀ ਜਾਂਚ ਕਰਨਾ ਸੌਖਾ ਹੋਵੇਗਾ, ਜੋ ਭਵਿੱਖ ਵਿੱਚ ਮਨੁੱਖਤਾ ਨੂੰ ਹੋਰ ਗ੍ਰਹਿਆਂ ਤੱਕ ਲਿਜਾਣ ਵਿੱਚ ਮਦਦਗਾਰ ਸਾਬਤ ਹੋਵੇਗਾ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ QUOMANTRY AMRITSAR TIMES

Manager: Pardeep Singh Sub: Editor: Balwinderpal Singh, Dr. Sarbjeet Kaur Jang Online Interview Host: Balraj Pannu

Designer: A.K.V. Content Composer: S. Jagmohan Singh US Distributor: Amritsar Times Inc. Owner: Amritsar Times Pvt Ltd.

Quomantry Amritsar Times is owned by Amritsar Times Pvt Ltd, a company based in India. It owns the content of the Newspaper and hereby does not authorize anyone to redistribute without prior consent. The opinions expressed in this publication are those of the authors unless written by AT Bureau. They do not purport to reflect the opinions or views of the Owner or its members.

All legal disputes must be handled in the courts of State of Punjab in India.

ਲੇਖਾਂ ਤੇ ਰਚਨਾਵਾਂ ਵਿੱਚ ਲੇਖਕਾਂ ਵੱਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਨਿੱਜੀ ਹਨ। ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਅਮਰੀਕਾ ਵਿੱਚ ਆਰ.ਐਸ.ਐਸ. ਦੀ ਲਾਬਿੰਗ ਫਰਮ ਪਿੱਛੇ ਕਿਉਂ ਹਟੀ ?

## ਪ੍ਰਿਜ਼ਮ ਰਿਪੋਰਟ ਤੋਂ ਬਾਅਦ ਜਨਵਰੀ 2026 ਵਿੱਚ ਸੰਘ ਨੇ ਅਮਰੀਕਾ ਵਿੱਚ ਇਹ ਮੁਹਿੰਮ ਖ਼ਤਮ ਕੀਤੀ

## ਅਮਰੀਕੀ ਅਧਿਕਾਰੀਆਂ ਨੂੰ ਆਰ.ਐਸ.ਐਸ. ਨਾਲ ਜਾਣ-ਪਛਾਣ ਕਰਵਾਉਣ ਲਈ 3.3 ਲੱਖ ਡਾਲਰ ਦੀ ਲਾਬਿੰਗ

ਅਮਰੀਕਾ ਵਿੱਚ ਰਾਸ਼ਟਰੀ ਸਵੈਂਸੇਵਕ ਸੰਘ (ਆਰ.ਐੱਸ.ਐੱਸ.) ਦੀ ਲਾਬਿੰਗ ਫਰਮ ਪਿੱਛੇ ਕਿਉਂ ਹਟ ਗਈ ? ਇਹ ਮਾਮਲਾ ਕੀ ਹੈ ਅਤੇ 3.3 ਲੱਖ ਡਾਲਰ ਦੇਣ ਵਾਲੇ ਕੌਣ ਸਨ ? ਇਹ ਸਵਾਲ ਪਿਛਲੇ ਕੁਝ ਮਹੀਨਿਆਂ ਤੋਂ ਚਰਚਾ ਵਿੱਚ ਹਨ। ਅਸਲ ਵਿੱਚ, ਆਰ.ਐੱਸ.ਐੱਸ. ਨੇ ਅਮਰੀਕੀ ਕਾਂਗਰਸ ਵਿੱਚ ਆਪਣੀ ਪਹਿਲੀ ਜਾਣੀ-ਪਛਾਣੀ ਲਾਬਿੰਗ ਮੁਹਿੰਮ ਚਲਾਈ ਸੀ, ਪਰ ਨਵੰਬਰ 2025 ਵਿੱਚ ਪ੍ਰਿਜ਼ਮ ਰਿਪੋਰਟਸ ਨੇ ਇਸ ਦੀ ਜਾਂਚ ਪ੍ਰਕਾਸ਼ਿਤ ਕਰਨ ਤੋਂ ਬਾਅਦ ਜਨਵਰੀ 2026 ਵਿੱਚ ਇਹ ਮੁਹਿੰਮ ਖਤਮ ਕਰ ਦਿੱਤੀ ਗਈ।

ਪ੍ਰਿਜ਼ਮ ਰਿਪੋਰਟਸ (29 ਜਨਵਰੀ 2026) ਅਨੁਸਾਰ, ਵਾਸ਼ਿੰਗਟਨ ਡੀਸੀ ਦੀ ਮਸ਼ਹੂਰ ਲਾਬਿੰਗ ਫਰਮ ਸਕਵਾਇਰ ਪੈਟਨ ਬੌਗਸ ਨੇ ਜਨਵਰੀ 2025 ਵਿੱਚ ਆਰਐੱਸਐੱਸ ਵਲੋਂ ਲਾਬਿੰਗ ਸ਼ੁਰੂ ਕੀਤੀ ਸੀ। ਇਸ ਫਰਮ ਨੂੰ 2025 ਦੀਆਂ ਪਹਿਲੀਆਂ ਤਿੰਨ ਤਿਮਾਹੀਆਂ ਵਿੱਚ ਕੁੱਲ 3.3 ਲੱਖ ਅਮਰੀਕੀ ਡਾਲਰ ਮਿਲੇ ਸਨ। ਲਾਬਿੰਗ ਦਾ ਮੁੱਖ ਉਦੇਸ਼ 'ਅਮਰੀਕਾ-ਭਾਰਤ ਦੁਵੱਲੇ ਸੰਬੰਧਾਂ' 'ਤੇ ਕੰਮ ਕਰਨਾ ਅਤੇ ਅਮਰੀਕੀ ਅਧਿਕਾਰੀਆਂ ਨੂੰ ਆਰ.ਐੱਸ.ਐੱਸ. ਨਾਲ ਜਾਣ-ਪਛਾਣ ਕਰਵਾਉਣਾ ਸੀ। ਇਹ ਆਰ.ਐੱਸ.ਐੱਸ. ਦੀ ਅਮਰੀਕਾ ਵਿੱਚ ਪਹਿਲੀ ਲਾਬਿੰਗ ਮੁਹਿੰਮ ਸੀ।



ਪਰ ਪ੍ਰਿਜ਼ਮ ਦੀ ਨਵੰਬਰ 2025 ਦੀ ਰਿਪੋਰਟ ਨੇ ਇਸ ਨੂੰ ਖੋਲ੍ਹ ਕੇ ਰੱਖ ਦਿੱਤਾ। ਰਿਪੋਰਟ ਵਿੱਚ ਦੱਸਿਆ ਗਿਆ ਕਿ ਫਰਮ ਨੇ ਲਾਬਿੰਗ ਨੂੰ ਲਾਬਿੰਗ ਡਿਸਕਲੋਜ਼ਰ ਐਕਟ ਅਧੀਨ ਰਜਿਸਟਰ ਕੀਤਾ ਸੀ, ਨਾ ਕਿ ਫਾਰੇਨ ਏਜੰਟਸ ਰਜਿਸਟ੍ਰੇਸ਼ਨ ਐਕਟ ਅਧੀਨ। ਫਰਾ 1938 ਦਾ ਕਾਨੂੰਨ ਹੈ ਜੋ ਵਿਦੇਸ਼ੀ ਹਿੱਤਾਂ ਲਈ ਕੰਮ ਕਰਨ ਵਾਲਿਆਂ ਤੋਂ ਵਿਸਥਾਰਤ ਪਾਰਦਰਸ਼ਤਾ ਤੇ ਜਾਣਕਾਰੀ ਮੰਗਦਾ ਹੈ। ਮਾਹਿਰ ਜਿਵੇਂ ਕਿ ਕਵਿੰਸੀ ਇੰਸਟੀਚਿਊਟ ਦੇ ਬੈਨ ਫ੍ਰੀਮੈਨ ਅਤੇ ਅਮਰੀਕੀ ਯੂਨੀਵਰਸਿਟੀ ਦੇ ਪ੍ਰੋਫੈਸਰ ਜੇਮਜ਼ ਥਰਬਰ ਨੇ ਕਿਹਾ ਕਿ ਆਰ.ਐੱਸ.ਐੱਸ. ਵਿਦੇਸ਼ੀ ਸੰਸਥਾ ਹੋਣ ਕਰਕੇ ਫਰਾ ਅਧੀਨ ਰਜਿਸਟ੍ਰੇਸ਼ਨ ਜ਼ਰੂਰੀ ਸੀ। ਅਜਿਹਾ ਨਾ ਕਰਕੇ ਸੰਘ ਨੇ ਕਾਨੂੰਨ ਨਾਲ ਖਿਲਵਾੜ ਕੀਤਾ ਹੈ। ਪ੍ਰਿਜ਼ਮ ਰਿਪੋਰਟ ਤੋਂ ਕੁਝ ਹਫ਼ਤਿਆਂ ਬਾਅਦ, ਦਸੰਬਰ 2025 ਵਿੱਚ ਫਰਮ ਨੇ ਆਪਣੇ ਰਿਕਾਰਡ ਵਿੱਚ ਸੋਧ ਕੀਤੀ। ਸ਼ੁਰੂ ਵਿੱਚ ਕਲਾਇੰਟ ਵਜੋਂ ਸਟੇਟ ਸਟ੍ਰੀਟ ਸਟ੍ਰੈਟਜੀਜ਼ ਨੂੰ ਆਰ.ਐੱਸ.ਐੱਸ. ਵੱਲੋਂ ਦਿਖਾਇਆ ਗਿਆ ਸੀ। ਪਰ ਸੋਧ ਵਿੱਚ ਆਰ.ਐੱਸ.ਐੱਸ. ਦਾ ਨਾਂਅ ਹਟਾ ਕੇ ਇੱਕ ਵਿਅਕਤੀ ਵਿਵੇਕ ਸ਼ਰਮਾ (ਮੈਸਾਚੂਸੈੱਟਸ ਦੇ ਐਕਟਨ ਵਿੱਚ ਰਹਿਣ ਵਾਲੇ, ਕੋਹੈਂਸ ਲਾਈਫਸਾਇੰਸਿਜ਼ ਦੇ ਐਗਜ਼ੀਕਿਊਟਿਵ ਚੇਅਰਮੈਨ) ਨੂੰ ਕਲਾਇੰਟ ਬਣਾ ਦਿੱਤਾ ਗਿਆ। ਤੀਜੀ ਤਿਮਾਹੀ ਦੀ ਰਿਪੋਰਟ ਨੂੰ ਸਮਾਪਤੀ ਰਿਪੋਰਟ ਵਿੱਚ ਬਦਲ ਦਿੱਤਾ ਗਿਆ ਅਤੇ ਮੁਹਿੰਮ ਦੀ ਸਮਾਪਤੀ ਮਿਤੀ 30 ਸਤੰਬਰ 2025 ਦੱਸੀ ਗਈ ਸੀ (ਹਾਲਾਂਕਿ ਫਾਈਲਿੰਗ ਦਸੰਬਰ ਵਿੱਚ ਹੋਈ ਸੀ)। ਇਸ ਨੂੰ ਡੈਮੇਜ ਕੰਟਰੋਲ ਅਤੇ ਵਿਦੇਸ਼ੀ ਕਨੈਕਸ਼ਨ ਛੁਪਾਉਣ ਦੀ ਕੋਸ਼ਿਸ਼ ਮੰਨਿਆ ਜਾ ਰਿਹਾ ਹੈ।

**3.3 ਲੱਖ ਡਾਲਰ ਕਿਸ ਨੇ ਦਿੱਤੇ ?**

ਭੁਗਤਾਨ ਅਪ੍ਰਤੱਖ ਰੂਪ ਵਿੱਚ ਹੋਏ ਸਨ। ਸ਼ੁਰੂ ਵਿੱਚ ਵਨ+ ਸਟ੍ਰੈਟਜੀਜ਼ ਰਾਹੀਂ ਆਰ.ਐੱਸ.ਐੱਸ. ਦੀ ਤਰਫ਼ੋਂ ਦਿਖਾਏ ਗਏ। ਭੁਗਤਾਨ ਵੰਡ: ਪਹਿਲੀ ਤਿਮਾਹੀ ਵਿੱਚ 1.2 ਲੱਖ (15 ਅਪ੍ਰੈਲ), ਦੂਜੀ ਵਿੱਚ 1 ਲੱਖ (11 ਜੁਲਾਈ), ਤੀਜੀ ਵਿੱਚ 1.1 ਲੱਖ (16 ਅਕਤੂਬਰ)। ਮਾਹਿਰ ਮੰਨਦੇ ਹਨ ਕਿ ਅਮਰੀਕਾ ਵਿੱਚ ਆਰ.ਐੱਸ.ਐੱਸ. ਨਾਲ ਜੁੜੇ ਸੰਗਠਨ ਜਿਵੇਂ ਹਿੰਦੂ ਸਵੈਂਸੇਵਕ ਸੰਘ ਜਾਂ ਫਾਊਂਡੇਸ਼ਨ ਫਾਰ ਇੰਡੀਆ ਐਂਡ ਇੰਡੀਅਨ ਡਾਇਸਪੋਰਾ ਸਟੱਡੀਜ਼ ਵਰਗੇ ਟੈਕਸ-ਫ੍ਰੀ ਸੰਗਠਨਾਂ ਨੇ ਫੰਡ ਟ੍ਰਾਂਸਫਰ ਕੀਤੇ ਹੋ ਸਕਦੇ ਹਨ। ਆਰ.ਐੱਸ.ਐੱਸ. ਆਪਣੇ ਆਪ ਨੂੰ ਭਾਰਤ ਵਿੱਚ ਰਜਿਸਟਰ ਨਾ ਹੋਣ ਅਤੇ ਬੈਂਕ ਖਾਤੇ ਨਾ ਹੋਣ ਦਾ ਦਾਅਵਾ ਕਰਦਾ ਹੈ, ਸਿਰਫ਼ 'ਗੁਰੂ ਦਖਸ਼ਣਾ' 'ਤੇ ਨਿਰਭਰ ਹੈ। ਇਸ ਕਰਕੇ ਫੰਡਿੰਗ ਦਾ ਸਰੋਤ ਅਸਪੱਸ਼ਟ ਹੈ। ਵਿਵੇਕ ਸ਼ਰਮਾ ਨੂੰ 5,000 ਡਾਲਰ ਤੋਂ ਵੱਧ ਯੋਗਦਾਨ ਦੇਣ ਵਾਲੇ ਵਜੋਂ ਦਿਖਾਇਆ ਗਿਆ।

**ਕੀ ਕੋਈ ਕਾਨੂੰਨੀ ਕਾਰਵਾਈ ਹੋਈ ?**

ਅਜੇ ਤੱਕ ਕੋਈ ਰਸਮੀ ਫਰਾ ਰਜਿਸਟ੍ਰੇਸ਼ਨ (ਬਾਕੀ ਸਫ਼ਾ 26 'ਤੇ)

## ਭਾਰਤ-ਕੈਨੇਡਾ ਸਬੰਧਾਂ ਵਿੱਚ ਆਇਆ ਨਵਾਂ ਮੋੜ

# ਅਜੀਤ ਡੋਵਾਲ ਵੱਲੋਂ ਕੈਨੇਡਾ ਦੀ ਡਿਪਟੀ ਕਲਰਕ ਨਥਾਲੀ ਡਰੋਇਨ ਨਾਲ ਮੁਲਾਕਾਤ

## ਕੀ ਕੈਨੇਡਾ ਸਰਕਾਰ ਨੇ ਸਿੱਖਾਂ ਨਾਲ ਕੀਤੇ ਵਾਅਦੇ ਤੋੜੇ ?

## ਭਾਈ ਨਿੱਝਰ ਮਾਮਲੇ ਵਿੱਚ ਚੁੱਪੀ ਦੇ ਪਿੱਛੇ ਕੀ ਕਾਰਨ ਹੈ ?

ਭਾਰਤ ਦੇ ਰਾਸ਼ਟਰੀ ਸੁਰੱਖਿਆ ਸਲਾਹਕਾਰ (ਐਨ.ਐਸ.ਏ.) ਅਜੀਤ ਡੋਵਾਲ ਨੇ 6-7 ਫਰਵਰੀ 2026 ਨੂੰ ਓਟਾਵਾ ਵਿੱਚ ਕੈਨੇਡਾ ਦੀ ਡਿਪਟੀ ਕਲਰਕ ਅਤੇ ਨੈਸ਼ਨਲ ਸਿਕਿਓਰਿਟੀ ਐਂਡ ਇੰਟੈਲੀਜੈਂਸ ਐਡਵਾਈਜ਼ਰ ਨਥਾਲੀ ਡਰੋਇਨ ਨਾਲ ਮਹੱਤਵਪੂਰਨ ਮੁਲਾਕਾਤ ਕੀਤੀ। ਇਹ ਮੁਲਾਕਾਤ ਬਾਈਲੈਟਰਲ ਸਿਕਿਓਰਿਟੀ ਡਾਇਲਾਗ ਦਾ ਹਿੱਸਾ ਸੀ ਅਤੇ ਦੋਵਾਂ ਨੇ ਨੈਸ਼ਨਲ ਸਿਕਿਓਰਿਟੀ ਤੇ ਲਾਅ ਐਨਫੋਰਸਮੈਂਟ 'ਤੇ 'ਸ਼ੇਅਰਡ ਵਰਕ ਪਲਾਨ' 'ਤੇ ਸਹਿਮਤੀ ਜਤਾਈ। ਇਸ ਵਿੱਚ ਸੁਰੱਖਿਆ ਅਤੇ ਲਾਅ ਐਨਫੋਰਸਮੈਂਟ ਲਈ ਲਾਇਜ਼ਨ ਅਫਸਰਾਂ ਦੀ ਨਿਯੁਕਤੀ, ਰੀਅਲ-ਟਾਈਮ ਇੰਟੈਲੀਜੈਂਸ ਸਾਂਝਾ ਕਰਨਾ ਅਤੇ ਟ੍ਰਾਂਸਨੈਸ਼ਨਲ ਕ੍ਰਾਈਮ ਜਿਵੇਂ ਫੈਂਟਾਨਿਲ ਪ੍ਰੀਕਰਸਰਜ਼ ਵਰਗੀਆਂ ਡਰੱਗਸ, ਸਾਈਬਰ ਥਰੈਟਸ ਅਤੇ ਅੱਤਵਾਦ ਨੂੰ ਰੋਕਣਾ ਸ਼ਾਮਲ ਹੈ। ਡੋਵਾਲ ਨੇ ਕੈਨੇਡਾ ਦੇ ਪਬਲਿਕ ਸੇਫਟੀ ਮੰਤਰੀ ਗੈਰੀ ਅਨੰਦਸੰਗਰੀ ਨਾਲ ਵੀ ਗੱਲਬਾਤ ਕੀਤੀ ਸੀ।



ਭਾਰਤੀ ਵਿਦੇਸ਼ ਮੰਤਰਾਲੇ ਅਤੇ ਕੈਨੇਡੀਅਨ ਪ੍ਰਿਵੀ ਕੌਂਸਲ ਆਫਿਸ ਦੇ ਅਧਿਕਾਰਤ ਬਿਆਨਾਂ ਅਨੁਸਾਰ, ਇਹ ਮੁਲਾਕਾਤ ਦੋਵਾਂ ਦੇਸ਼ਾਂ ਵਿਚਕਾਰ ਸੁਰੱਖਿਆ ਸਹਿਯੋਗ ਨੂੰ ਮਜ਼ਬੂਤ ਕਰਨ ਲਈ ਮਹੱਤਵਪੂਰਨ ਕਦਮ ਹੈ। ਭਾਰਤ ਨੇ ਕੈਨੇਡਾ ਵਿੱਚ ਵਧ ਰਹੀਆਂ ਭਾਰਤ ਵਿਰੋਧੀ ਅਤੇ ਖ਼ਾਲਿਸਤਾਨੀ ਕੱਟੜਪੰਥੀ ਗਤੀਵਿਧੀਆਂ 'ਤੇ ਸਖ਼ਤ ਚਿੰਤਾ ਜਤਾਈ, ਜਦਕਿ ਕੈਨੇਡਾ ਨੇ ਵਾਇਲੈਂਟ ਐਕਸਟ੍ਰੀਮਿਜ਼ਮ ਅਤੇ ਆਰਗੇਨਾਈਜ਼ਡ ਕ੍ਰਾਈਮ ਵਿਰੁੱਧ ਕਾਰਵਾਈ ਦਾ ਵਾਅਦਾ ਕੀਤਾ ਹੈ। ਭਾਰਤੀ ਮੀਡੀਆ ਵੱਲੋਂ ਇਸ ਨੂੰ ਖ਼ਾਲਿਸਤਾਨੀ ਗਰੁੱਪਾਂ ਲਈ ਵੱਡਾ ਝਟਕਾ ਦੱਸਿਆ ਜਾ ਰਿਹਾ ਹੈ, ਕਿਉਂਕਿ ਕੈਨੇਡਾ ਹੁਣ ਇਨ੍ਹਾਂ ਨੂੰ ਹਿੰਸਕ ਗਤੀਵਿਧੀਆਂ ਵਜੋਂ ਵੇਖ ਰਿਹਾ ਹੈ ਅਤੇ ਪਿਛਲੀਆਂ ਇੰਟੈਲੀਜੈਂਸ ਰਿਪੋਰਟਾਂ ਵਿੱਚ ਵੀ ਇਸ ਨੂੰ ਮੰਨਿਆ ਗਿਆ ਸੀ। ਇਹ ਮੁਲਾਕਾਤ ਜਸਟਿਨ ਟਰੂਡੋ ਦੇ ਸਮੇਂ ਵਿੱਚ ਖਰਾਬ ਹੋਏ ਸੰਬੰਧਾਂ ਤੋਂ ਬਾਅਦ ਮਾਰਕ ਕਾਰਨੀ ਦੀ ਸਰਕਾਰ ਵੱਲੋਂ ਅਪਣਾਈ ਪ੍ਰੈਗਮੈਟਿਕ ਅਪ੍ਰੋਚ ਦਾ ਸਬੂਤ ਹੈ। ਕਾਰਨੀ ਨੇ ਸੁਰੱਖਿਆ ਸਹਿਯੋਗ ਨੂੰ ਤਰਜੀਹ ਦਿੱਤੀ ਹੈ ਅਤੇ ਇਹ ਮੁਲਾਕਾਤ ਮਾਰਚ 2026 ਵਿੱਚ ਉਸ ਦੇ ਭਾਰਤ ਦੌਰੇ ਤੋਂ ਪਹਿਲਾਂ ਹੋਈ। ਇਸ ਨਾਲ ਟ੍ਰੇਡ, ਟੈਕਨਾਲੋਜੀ, ਕਲੀਨ ਐਨਰਜੀ, ਕ੍ਰਿਟੀਕਲ ਮਿਨਰਲਜ਼ ਅਤੇ ਯੂਰੇਨੀਅਮ ਸਪਲਾਈ ਵਿੱਚ ਸਹਿਯੋਗ ਵਧਣ ਦੀ ਸੰਭਾਵਨਾ ਹੈ। ਅਮਰੀਕਾ ਵਿੱਚ ਟਰੰਪ ਦੀ ਵਾਪਸੀ ਅਤੇ ਵਿਸ਼ਵ ਸਿਆਸੀ ਬਦਲਾਅ ਨੇ ਵੀ ਕੈਨੇਡਾ ਨੂੰ ਭਾਰਤ ਨਾਲ ਮਿਲ ਕੇ ਕੰਮ ਕਰਨ ਲਈ ਪ੍ਰੇਰਿਤ ਕੀਤਾ ਹੈ।

**ਹਰਦੀਪ ਸਿੰਘ ਨਿੱਝਰ ਮਾਮਲੇ ਵਿੱਚ ਚੁੱਪੀ ਅਤੇ ਸਿੱਖ ਲੀਡਰਸ਼ਿਪ ਦੀ ਨਿਰਾਸ਼ਾ**

ਜੂਨ 2023 ਵਿੱਚ ਸਰੀ, ਬ੍ਰਿਟਿਸ਼ ਕੋਲੰਬੀਆ ਵਿੱਚ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਨੇ ਭਾਰਤ-ਕੈਨੇਡਾ ਸੰਬੰਧਾਂ ਨੂੰ ਭਾਰੀ ਝਟਕਾ ਦਿੱਤਾ ਸੀ। ਤਤਕਾਲੀ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸਤੰਬਰ 2023 ਵਿੱਚ ਭਾਰਤ ਸਰਕਾਰ 'ਤੇ ਦੋਸ਼ ਲਾਏ ਸਨ ਕਿ ਭਾਰਤੀ ਏਜੰਸੀਆਂ ਦਾ ਇਸ ਵਿੱਚ ਹੱਥ ਹੈ, ਜਿਸ ਨਾਲ ਡਿਪਲੋਮੈਟਾਂ ਦੀ ਵਾਪਸੀ ਅਤੇ ਵਪਾਰਕ ਗੱਲਬਾਤ ਰੁਕ ਗਈ ਸੀ। 2026 ਵਿੱਚ ਵੀ ਜਾਂਚ ਜਾਰੀ ਹੈ ਅਤੇ ਮੌਜੂਦਾ ਕਾਰਨੀ ਸਰਕਾਰ ਨੇ ਇਸ ਬਾਰੇ ਵੱਧ ਜਾਣਕਾਰੀ ਸਾਂਝੀ ਨਹੀਂ ਕੀਤੀ। ਅਧਿਕਾਰਤ ਬਿਆਨਾਂ ਵਿੱਚ ਕਿਹਾ ਜਾਂਦਾ ਹੈ ਕਿ ਮਾਮਲਾ ਅਦਾਲਤ ਵਿੱਚ ਹੈ ਅਤੇ ਜਾਂਚ ਨਿਰਪੱਖ ਚੱਲ ਰਹੀ ਹੈ, ਇਸ ਲਈ ਵੱਧ ਟਿੱਪਣੀ ਨਹੀਂ ਕੀਤੀ ਜਾ ਸਕਦੀ। ਇਹ ਚੁੱਪੀ ਸਿੱਖ ਭਾਈਚਾਰੇ ਅਤੇ ਖ਼ਾਲਿਸਤਾਨ ਸਮਰਥਕਾਂ ਵਿੱਚ ਨਿਰਾਸ਼ਾ ਪੈਦਾ ਕਰ ਰਹੀ ਹੈ। (ਬਾਕੀ ਸਫ਼ਾ 27 'ਤੇ)

# ਬਹਿਸ ਬਾਅਦ ਕੈਨੇਡਾ 'ਚ ਸਿੱਖ ਸੁਰੱਖਿਆ ਗਾਰਡ ਨੇ ਔਰਤ ਨੂੰ ਮਾਰਿਆ ਥੱਪੜ

## ਔਰਤ ਦਸਤਾਰ ਅਤੇ ਦਾੜੀ ਦੀ ਕਰਨਾ ਚਾਹੁੰਦੀ ਸੀ ਬੇਅਦਬੀ

ਸਸਕੈਚਵਨ/ਏ.ਟੀ.ਨਿਊਜ਼: ਕੈਨੇਡਾ ਦੇ ਸਸਕੈਚਵਨ ਸੂਬੇ ਦੇ ਪ੍ਰਿੰਸ ਅਲਬਰਟ ਸ਼ਹਿਰ ਵਿੱਚ ਇੱਕ ਗ੍ਰੋਸਰੀ ਸਟੋਰ ਜਾਂ ਮਾਲ ਵਿੱਚ ਇੱਕ ਸਿੱਖ ਸੁਰੱਖਿਆ ਗਾਰਡ ਅਤੇ ਇੱਕ ਔਰਤ ਵਿਚਕਾਰ ਬਹਿਸ ਹੋਈ। ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਗਿਆ ਹੈ। ਰਿਪੋਰਟਾਂ ਮੁਤਾਬਕ ਔਰਤ ਨਸ਼ੇ ਵਿੱਚ ਸੀ ਅਤੇ ਸਟੋਰ ਵਿੱਚ ਗੜਬੜ ਕਰ ਰਹੀ ਸੀ।



ਸੁਰੱਖਿਆ ਗਾਰਡ ਨੇ ਉਸ ਨੂੰ ਟੋਕਿਆ ਅਤੇ ਸਹੀ ਵਿਵਹਾਰ ਲਈ ਕਿਹਾ। ਬਹਿਸ ਵਧਣ 'ਤੇ ਔਰਤ ਨੇ ਗਾਰਡ 'ਤੇ ਪਹਿਲਾਂ ਹੱਥ ਚੁੱਕਿਆ ਅਤੇ ਉਸ ਦੀ ਪੱਗ ਤੇ ਦਾੜ੍ਹੀ ਨੂੰ ਛੂਹਣ ਜਾਂ ਮਾਰਨ ਦੀ ਕੋਸ਼ਿਸ਼ ਕੀਤੀ। ਇਸ ਤੋਂ ਗੁੱਸੇ ਵਿੱਚ ਆ ਕੇ ਸਿੱਖ ਗਾਰਡ ਨੇ ਔਰਤ ਨੂੰ ਥੱਪੜ ਮਾਰ ਦਿੱਤਾ। ਸਟੋਰ ਵਿੱਚ ਮੌਜੂਦ ਲੋਕਾਂ ਨੇ ਵਿਰੋਧ ਕੀਤਾ ਅਤੇ ਪੁਲਿਸ ਨੂੰ ਸੂਚਿਤ ਕੀਤਾ। ਪੁਲਿਸ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ ਅਤੇ ਸੀ.ਸੀ.ਟੀ.ਵੀ. ਫੁਟੇਜ ਜ਼ਬਤ ਕੀਤੀ ਹੈ।

**ਸੁਰੱਖਿਆ ਗਾਰਡ ਮੁਅੱਤਲ, ਜਾਂਚ ਜਾਰੀ**

ਘਟਨਾ ਤੋਂ ਬਾਅਦ ਸੁਰੱਖਿਆ ਏਜੰਸੀ ਨੇ ਗਾਰਡ ਨੂੰ ਮੁਅੱਤਲ ਕਰ ਦਿੱਤਾ ਅਤੇ ਸਟੋਰ ਤੋਂ ਹਟਾ ਦਿੱਤਾ। ਪੁਲਿਸ ਪੁੱਛ ਰਹੀ ਹੈ ਕਿ ਇਹ ਸੈਲਫ ਡਿਫੈਂਸ ਸੀ ਜਾਂ ਹਮਲਾ। ਇਹ ਮਾਮਲਾ ਸੰਵੇਦਨਸ਼ੀਲ ਹੋ ਗਿਆ ਕਿਉਂਕਿ ਹਾਲ ਹੀ ਵਿੱਚ ਇਲਾਕੇ ਵਿੱਚ ਸੁਰੱਖਿਆ ਕਰਮਚਾਰੀਆਂ ਨਾਲ ਅਜਿਹੀਆਂ ਘਟਨਾਵਾਂ ਵਧੀਆਂ ਹਨ। ਮਨੁੱਖੀ ਅਧਿਕਾਰ ਸੰਗਠਨਾਂ ਨੇ ਸੁਰੱਖਿਆ ਗਾਰਡਾਂ ਲਈ ਬਿਹਤਰ ਸਿਖਲਾਈ ਦੀ ਮੰਗ ਕੀਤੀ ਹੈ।

## ਅਮਰੀਕਾ ਵੱਲੋਂ ਭਾਰਤ ਨੂੰ ਚੀਨ ਤੋਂ ਸਾਵਧਾਨੀ ਦੀ ਚਿਤਾਵਨੀ

# ਚੀਨ 'ਤੇ 2020 'ਚ ਗੁਪਤ ਪ੍ਰਮਾਣੂ ਟੈਸਟ ਦਾ ਲਗਾਇਆ ਦੋਸ਼

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਨੇ ਭਾਰਤ ਨੂੰ ਚੀਨ ਤੋਂ ਸਾਵਧਾਨ ਰਹਿਣ ਦੀ ਚਿਤਾਵਨੀ ਦਿੱਤੀ ਹੈ, ਕਿਉਂਕਿ ਵਿਸ਼ਵ ਦੀਆਂ ਨਜ਼ਰਾਂ ਤਾਇਵਾਨ 'ਤੇ ਟਿਕੀਆਂ ਹੋਈਆਂ ਹਨ ਅਤੇ ਚੀਨ ਕਿਸੇ ਹੋਰ ਮੋਰਚੇ 'ਤੇ ਹਮਲਾ ਕਰ ਸਕਦਾ ਹੈ। ਇਹ ਚਿਤਾਵਨੀ ਸਾਬਕਾ ਅਮਰੀਕੀ ਮਰੀਨ ਇੰਟੈਲੀਜੈਂਸ ਅਧਿਕਾਰੀ ਗ੍ਰਾਂਟ ਨਿਊਸ਼ਮ ਨੇ ਦਿੱਤੀ ਹੈ। ਨਿਊਸ਼ਮ ਨੇ ਕਿਹਾ ਕਿ ਚੀਨ ਦੀ ਪੂਰੀ ਰਣਨੀਤੀ ਧੋਖੇ 'ਤੇ ਆਧਾਰਿਤ ਹੈ ਅਤੇ ਤਾਇਵਾਨ ਨੂੰ ਬਹਾਨਾ ਬਣਾ ਕੇ ਭਾਰਤ ਵਰਗੇ ਦੇਸ਼ਾਂ 'ਤੇ ਅਚਾਨਕ ਕਾਰਵਾਈ ਕਰ ਸਕਦਾ ਹੈ। ਉਨ੍ਹਾਂ ਨੇ ਪੈਂਟਾਗਨ ਦੀ ਰਿਪੋਰਟ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਚੀਨ 2049 ਤੱਕ ਆਪਣੇ ਆਪ ਨੂੰ ਵਿਸ਼ਵ ਮਹਾਸ਼ਕਤੀ ਬਣਾਉਣ ਲਈ ਪੀਐੱਲਏ (ਪੀਪਲਜ਼ ਲਿਬਰੇਸ਼ਨ ਆਰਮੀ) ਨੂੰ ਤਿਆਰ ਕਰ ਰਿਹਾ ਹੈ ਅਤੇ ਸ਼ੀ ਜਿਨਪਿੰਗ ਕਿਸੇ ਮੋਰਚੇ 'ਤੇ ਫੌਜੀ ਤਾਕਤ ਦੀ ਪਰਖ ਕਰ ਸਕਦੇ ਹਨ। ਭਾਰਤ ਇਸ ਸੂਚੀ ਵਿੱਚ ਸਿਖਰ 'ਤੇ ਹੈ ਕਿਉਂਕਿ ਲੱਦਾਖ ਵਿੱਚ ਗਲਵਾਨ ਵਰਗੀਆਂ ਝੜਪਾਂ ਤੋਂ ਪਤਾ ਲੱਗਦਾ ਹੈ ਕਿ ਚੀਨੀ ਫੌਜ ਹਿੰਸਕ ਕਾਰਵਾਈਆਂ ਲਈ ਤਿਆਰ ਹੈ। ਅੰਤਰਰਾਸ਼ਟਰੀ ਅਖ਼ਬਾਰਾਂ ਅਤੇ ਰਿਪੋਰਟਾਂ ਵਿੱਚ ਇਹ ਗੱਲ ਸਾਹਮਣੇ ਆਈ ਹੈ ਕਿ ਚੀਨੀ ਫ਼ੌਜ ਅਤੇ ਟੈਂਕ ਭਾਰਤ ਵੱਲ ਵਧ ਰਹੇ ਹਨ ਜਾਂ ਨਹੀਂ। ਹਾਲੀਆ ਰਿਪੋਰਟਾਂ ਅਨੁਸਾਰ, ਲੱਦਾਖ ਵਿੱਚ ਐਲਏਸੀ 'ਤੇ ਤਣਾਅ ਘੱਟ ਰਿਹਾ ਹੈ ਅਤੇ ਭਾਰਤ-ਚੀਨ ਵਿਚਾਲੇ ਕਈ ਸਮਝੌਤੇ ਹੋਏ ਹਨ। ਪਰ ਕਾਮਯਾਬ ਨਹੀਂ ਹੋਏ। ਚੀਨ ਨੇ ਬਾਰਡਰ 'ਤੇ ਬੁਨਿਆਦੀ ਢਾਂਚੇ (ਰੋਡਜ਼, ਬ੍ਰਿਜ, ਵਿਲੇਜ ਅਤੇ ਮਿਲਟਰੀ ਫੈਸਿਲਿਟੀਜ਼) ਨੂੰ ਤੇਜ਼ੀ ਨਾਲ ਵਧਾਇਆ ਹੈ - (ਬਾਕੀ ਸਫ਼ਾ 26 'ਤੇ)

# ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੇ ਦਾਖ਼ਲੇ ਦੀ ਗਿਣਤੀ 'ਚ 75 ਫ਼ੀਸਦੀ ਦੀ ਗਿਰਾਵਟ

## ਜੌਬ ਮਾਰਕੀਟ ਦੀ ਸੁਸਤੀ ਬਣੀ ਇੱਕ ਗੰਭੀਰ ਚੁਣੌਤੀ

## ਵੀਜ਼ਾ ਨੀਤੀਆਂ ਵਿੱਚ ਸਖ਼ਤੀ ਕਾਰਨ ਅਰਜੀਆਂ ਵਿੱਚ ਆਈ ਭਾਰੀ ਕਮੀ

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਦੂਜੇ ਕਾਰਜਕਾਲ ਦੇ ਪਹਿਲੇ ਸਾਲ ਨੇ ਭਾਰਤੀ ਵਿਦਿਆਰਥੀਆਂ ਅਤੇ ਪੇਸ਼ੇਵਰਾਂ ਲਈ ਇੱਕ ਗੰਭੀਰ ਸੰਕਟ ਪੈਦਾ ਕਰ ਦਿੱਤਾ ਹੈ। ਤਾਜ਼ਾ ਅੰਕੜਿਆਂ ਅਨੁਸਾਰ, ਅਮਰੀਕੀ ਯੂਨੀਵਰਸਿਟੀਆਂ ਵਿੱਚ ਭਾਰਤੀ ਵਿਦਿਆਰਥੀਆਂ ਦੀ ਅਡਮਿਸ਼ਨ ਵਿੱਚ ਲਗਭਗ 75% ਦੀ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ। ਇਹ ਗਿਰਾਵਟ ਸਖ਼ਤ ਵੀਜ਼ਾ ਨੀਤੀਆਂ, ਇੰਟਰਵਿਊ ਸਲਾਟਾਂ ਦੀ ਭਾਰੀ ਕਮੀ ਅਤੇ ਵਧਦੇ ਰਿਜੈਕਸ਼ਨ ਰੇਟ ਕਾਰਨ ਹੋਈ ਹੈ, ਜਿਸ ਨੇ 'ਅਮਰੀਕਨ ਡ੍ਰੀਮ' ਨੂੰ ਅਨਿਸ਼ਚਿਤਤਾ ਵਿੱਚ ਬਦਲ ਦਿੱਤਾ ਹੈ। ਸਿਰਫ਼ ਵਿਦਿਆਰਥੀ ਹੀ ਨਹੀਂ, ਸਗੋਂ ਐਚ-1ਬੀ ਵੀਜ਼ਾ 'ਤੇ ਕੰਮ ਕਰ ਰਹੇ ਭਾਰਤੀ ਪੇਸ਼ੇਵਰ ਵੀ ਇਸ ਪ੍ਰਸ਼ਾਸਨਿਕ ਸਖ਼ਤੀ ਅਤੇ ਬਦਲਦੀਆਂ ਆਰਥਿਕ ਨੀਤੀਆਂ ਕਾਰਨ ਭਾਰੀ ਦਬਾਅ ਮਹਿਸੂਸ ਕਰ ਰਹੇ ਹਨ।

### ਵੀਜ਼ਾ ਨੀਤੀਆਂ ਵਿੱਚ ਸਖ਼ਤੀ ਅਤੇ ਅਡਮਿਸ਼ਨ ਵਿੱਚ ਗਿਰਾਵਟ

ਅਮਰੀਕੀ ਪ੍ਰਸ਼ਾਸਨ ਨੇ ਵੀਜ਼ਾ ਪ੍ਰਕਿਰਿਆ ਨੂੰ ਜਟਿਲ ਬਣਾ ਕੇ ਭਾਰਤੀ ਵਿਦਿਆਰਥੀਆਂ ਦਾ ਭਰੋਸਾ ਤੋੜਿਆ ਹੈ। ਇੰਟਰਵਿਊ ਲਈ ਸਲਾਟਾਂ ਦੀ ਭਾਰੀ ਕਮੀ ਅਤੇ ਸੋਸ਼ਲ ਮੀਡੀਆ ਸਕਰੂਟਨੀ ਵਰਗੇ ਨਵੇਂ ਨਿਯਮਾਂ ਨੇ ਅਰਜ਼ੀ ਪ੍ਰਕਿਰਿਆ ਨੂੰ ਡਰਾਉਣ ਵਾਲਾ ਬਣਾ ਦਿੱਤਾ ਹੈ।

ਅਗਸਤ ਤੋਂ ਅਕਤੂਬਰ ਦੇ ਪੀਕ ਸੀਜ਼ਨ ਵਿੱਚ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਵਿੱਚ 70% ਤੱਕ ਦੀ ਕਮੀ ਵੇਖੀ ਗਈ। ਸਿਰਫ਼ ਉਹ ਵਿਦਿਆਰਥੀ ਹੀ ਸਫਲ ਹੋਏ ਜਿਨ੍ਹਾਂ ਨੇ ਬਹੁਤ ਪਹਿਲਾਂ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ, ਜਦਕਿ ਦੇਰ ਨਾਲ ਅਰਜ਼ੀ ਦੇਣ ਵਾਲੇ ਹਜ਼ਾਰਾਂ ਵਿਦਿਆਰਥੀ ਮੌਕਿਆਂ ਤੋਂ ਵਾਂਝੇ ਰਹਿ ਗਏ ਹਨ। ਇਮੀਗ੍ਰੇਸ਼ਨ ਡਾਟਾ ਅਨੁਸਾਰ, ਜੁਲਾਈ-ਅਗਸਤ 2025 ਵਿੱਚ ਭਾਰਤ ਤੋਂ ਆਉਣ ਵਾਲੇ ਵਿਦਿਆਰਥੀਆਂ ਵਿੱਚ 44.5% ਤੱਕ ਦੀ ਗਿਰਾਵਟ ਆਈ, ਜੋ ਕਿ ਪਿਛਲੇ ਸਾਲ ਨਾਲੋਂ ਲਗਭਗ ਅੱਧੀ ਹੈ। ਇਹ ਗਿਰਾਵਟ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਜਿਵੇਂ ਵੀਜ਼ਾ ਇੰਟਰਵਿਊਜ਼ ਨੂੰ ਮੁਅੱਤਲ ਕਰਨ ਅਤੇ ਵਧੇਰੇ ਜਾਂਚ ਕਾਰਨ ਹੋਈ। ਯੂਨੀਵਰਸਿਟੀਆਂ ਨੇ ਰਿਪੋਰਟ ਕੀਤਾ ਕਿ 96% ਸੰਸਥਾਵਾਂ ਵਿੱਚ ਨਵੇਂ ਵਿਦਿਆਰਥੀਆਂ ਦੀ ਗਿਰਾਵਟ ਵੀਜ਼ਾ ਚਿੰਤਾਵਾਂ ਕਾਰਨ ਹੈ।

### ਸਟੂਡੈਂਟ ਵੀਜ਼ਾ ਰੱਦ ਹੋਣ ਦਾ ਸੰਕਟ

ਦਸੰਬਰ 2025 ਤੱਕ ਲਗਭਗ 8,000 ਸਟੂਡੈਂਟ ਵੀਜ਼ਾ ਰੱਦ ਕੀਤੇ ਜਾਣ ਦੀਆਂ ਖ਼ਬਰਾਂ ਨੇ ਭਾਰਤੀ




ਕਮਿਊਨਿਟੀ ਵਿੱਚ ਡਰ ਦਾ ਮਾਹੌਲ ਪੈਦਾ ਕਰ ਦਿੱਤਾ। ਕਈ ਵਿਦਿਆਰਥੀਆਂ ਨੂੰ ਅਚਾਨਕ ਈਮੇਲ ਰਾਹੀਂ ਦੇਸ਼ ਛੱਡਣ ਦੇ ਹੁਕਮ ਮਿਲੇ, ਜਿਸ ਨਾਲ ਉਨ੍ਹਾਂ ਦਾ ਅਕਾਦਮਿਕ ਭਵਿੱਖ ਅਧ ਵਿੱਚ ਲਟਕ ਗਿਆ। ਇਨ੍ਹਾਂ ਵਿੱਚੋਂ ਬਹੁਤ ਸਾਰੀਆਂ ਕਾਰਵਾਈਆਂ ਪੁਰਾਣੇ ਜਾਂ ਮਮੂਲੀ ਤਕਨੀਕੀ ਕਾਰਨਾਂ 'ਤੇ ਕੀਤੀਆਂ ਗਈਆਂ। ਕੁਝ ਮਾਮਲਿਆਂ ਵਿੱਚ ਕਾਨੂੰਨੀ ਦਖਲ ਨਾਲ ਰਾਹਤ ਮਿਲੀ, ਪਰ ਇਸ ਅਸਥਿਰਤਾ ਨੇ ਟੌਪ ਅਮਰੀਕੀ ਯੂਨੀਵਰਸਿਟੀਆਂ ਪ੍ਰਤੀ ਆਕਰਸ਼ਣ ਨੂੰ ਬਹੁਤ ਘਟਾ ਦਿੱਤਾ ਹੈ। ਰਿਪੋਰਟਾਂ ਅਨੁਸਾਰ, ਫਾਲ 2025 ਵਿੱਚ ਨਵੇਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਵਿੱਚ 17% ਦੀ ਗਿਰਾਵਟ ਆਈ, ਜਿਸ ਵਿੱਚ ਭਾਰਤੀ ਵਿਦਿਆਰਥੀ ਮੁੱਖ ਕਾਰਨ ਹਨ। ਇਹ ਗਿਰਾਵਟ ਯੂਨੀਵਰਸਿਟੀਆਂ ਲਈ ਵਿੱਤੀ ਝਟਕਾ ਹੈ, ਕਿਉਂਕਿ ਅੰਤਰਰਾਸ਼ਟਰੀ ਵਿਦਿਆਰਥੀ ਅਮਰੀਕੀ ਅਰਥਵਿਵਸਥਾ ਵਿੱਚ ਬਿਲੀਅਨਾਂ ਡਾਲਰ ਦਾ ਯੋਗਦਾਨ ਪਾਉਂਦੇ ਹਨ।

### ਐਚ 1ਬੀ ਵੀਜ਼ਾ ਅਤੇ ਪੇਸ਼ੇਵਰਾਂ ਦੀਆਂ ਚੁਣੌਤੀਆਂ

ਭਾਰਤੀ ਆਈਟੀ ਪੇਸ਼ੇਵਰਾਂ ਲਈ ਰੀੜ੍ਹ ਦੀ ਹੱਡੀ ਮੰਨੇ ਜਾਣ ਵਾਲੇ ਐਚ1ਬੀ ਵੀਜ਼ਾ ਪ੍ਰੋਗਰਾਮ 'ਤੇ ਅਨਿਸ਼ਚਿਤਤਾ ਦੇ ਬੱਦਲ ਛਾਏ ਹੋਏ ਹਨ। ਫੀਸ ਵਿੱਚ ਵੱਡੀ ਵਾਧਾ (ਜਿਵੇਂ ਨਵੇਂ ਐਚ1ਬੀ ਲਈ 100,000 ਡਾਲਰ ਫੀਸ) ਅਤੇ ਵੀਜ਼ਾ ਨੰਬਰਾਂ ਨੂੰ ਸੀਮਤ ਕਰਨ ਦੇ ਪ੍ਰਸਤਾਵਾਂ ਨੇ 72% ਭਾਰਤੀ ਹਿੱਸੇਦਾਰੀ ਵਾਲੇ ਇਸ ਸੈਕਟਰ ਨੂੰ ਹਿਲਾ ਕੇ ਰੱਖ ਦਿੱਤਾ ਹੈ। ਵਰਕ ਪਰਮਿਟ ਦੇ ਸਖ਼ਤ ਨਿਯਮ ਅਤੇ ਆਟੋਮੈਟਿਕ ਐਕਸਟੈਂਸ਼ਨ ਦੀ ਸਹੂਲਤ ਖਤਮ ਹੋਣ ਨਾਲ ਪੇਸ਼ੇਵਰ ਹੁਣ ਅਮਰੀਕਾ ਦੀ ਬਜਾਏ ਕੈਨੇਡਾ, ਜਰਮਨੀ ਜਾਂ ਸਵਦੇਸ਼ ਵਾਪਸੀ ਨੂੰ ਸੁਰੱਖਿਅਤ ਵਿਕਲਪ ਵਜੋਂ ਵੇਖ ਰਹੇ ਹਨ। ਬਹੁਤ ਸਾਰੇ ਪੇਸ਼ੇਵਰਾਂ ਨੇ ਵਾਪਸ ਭਾਰਤ ਆਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਹਨ, ਜਿਸ ਨਾਲ 'ਰਿਵਰਸ ਬ੍ਰੇਨ ਡਰੇਨ' ਦੀ ਸੰਭਾਵਨਾ ਵਧ ਗਈ ਹੈ।

### ਜੌਬ ਮਾਰਕੀਟ ਦੀ ਸੁਸਤੀ ਅਤੇ ਅਨਿਸ਼ਚਿਤ ਭਵਿੱਖ

ਅਮਰੀਕੀ ਬਾਜ਼ਾਰ ਵਿੱਚ ਆਈ ਸੁਸਤੀ ਨੇ ਸਥਿਤੀ ਨੂੰ ਹੋਰ ਗੰਭੀਰ ਬਣਾ ਦਿੱਤਾ ਹੈ। 2025 ਵਿੱਚ ਨੌਕਰੀਆਂ ਦਾ ਵਾਧਾ ਸਭ ਤੋਂ ਘੱਟ ਰਿਹਾ, ਜੋ ਕਿ ਪੋਸਟ-ਕੋਵਿਡ ਸਮੇਂ ਤੋਂ ਬਾਅਦ ਸਭ ਤੋਂ ਕਮਜ਼ੋਰ ਸਾਲ ਸੀ। ਕੰਪਨੀਆਂ ਨੇ ਨਾ ਸਿਰਫ਼ ਨਵੀਆਂ ਭਰਤੀਆਂ ਰੋਕੀਆਂ ਹਸਨ, ਸਗੋਂ ਪਹਿਲਾਂ ਦਿੱਤੇ ਜੌਬ ਆਫਰਾਂ ਅਤੇ ਵੀਜ਼ਾ ਟ੍ਰਾਂਸਫਰ 'ਤੇ ਵੀ ਰੋਕ ਲਗਾ ਦਿੱਤੀ ਸੀ। ਬਿਊਰੋ ਆਫ ਲੇਬਰ ਸਟੈਟਿਸਟਿਕਸ ਅਨੁਸਾਰ, 2025 ਵਿੱਚ ਸਿਰਫ਼ 584,000 ਨੌਕਰੀਆਂ ਵਧੀਆਂ, ਜੋ ਕਿ 2024 ਨਾਲੋਂ ਬਹੁਤ ਘੱਟ ਸਨ। ਬੇਰੁਜ਼ਗਾਰੀ ਦਰ ਵਧ ਕੇ 4.4% ਤੱਕ ਪਹੁੰਚ ਗਈ ਸੀ, ਅਤੇ 2026 ਵਿੱਚ ਇਹ 4.5% ਤੱਕ ਪਹੁੰਚਣ ਦੀ ਸੰਭਾਵਨਾ ਹੈ। ਇਮੀਗ੍ਰੇਸ਼ਨ ਮਾਹਿਰਾਂ ਦਾ ਮੰਨਣਾ ਹੈ ਕਿ ਜੇ ਨਿਯਮਾਂ ਵਿੱਚ ਲਚਕ ਨਾ ਆਈ ਤਾਂ ਭਾਰਤੀ ਪ੍ਰਤਿਭਾਵਾਂ ਦਾ ਅਮਰੀਕਾ ਨਾਲ ਮੋਹ-ਭੰਗ ਹੋਣਾ ਤੈਅ ਹੈ। ਬਹੁਤ ਸਾਰੇ ਵਿਦਿਆਰਥੀ ਅਤੇ ਪੇਸ਼ੇਵਰ ਹੁਣ ਜਰਮਨੀ, ਕੈਨੇਡਾ ਜਾਂ ਆਸਟ੍ਰੇਲੀਆ ਵਰਗੇ ਦੇਸ਼ਾਂ ਵੱਲ ਰੁਖ਼ ਕਰ ਰਹੇ ਹਨ, ਜਿੱਥੇ ਵੀਜ਼ਾ ਨਿਯਮ ਵਧੇਰੇ ਆਸਾਨ ਅਤੇ ਸਥਿਰ ਹਨ।

ਇਸ ਸੰਕਟ ਨੇ ਭਾਰਤ ਵਿੱਚ ਵੀ ਚਰਚਾ ਛੇੜ ਦਿੱਤੀ ਹੈ। ਬਿਟਸ ਪਿਲਾਨੀ ਦੇ ਵਾਈਸ ਚਾਂਸਲਰ ਵੀ. ਰਾਮਗੋਪਾਲ ਰਾਓ ਨੇ ਇਸ ਨੂੰ 'ਸਟ੍ਰਕਚਰਲ ਸਿਗਨਲ' ਦੱਸਿਆ ਹੈ, ਜਿਸ ਲਈ ਭਾਰਤ ਨੂੰ ਲੰਬੇ ਸਮੇਂ ਦੀ ਨੀਤੀ ਬਣਾਉਣੀ ਪਵੇਗੀ। ਯੂਨੀਵਰਸਿਟੀਆਂ ਵਿੱਚ ਰਿਸਰਚ ਫੰਡਿੰਗ ਵਧਾਉਣਾ, ਫੈਕਲਟੀ ਨੂੰ ਮਜ਼ਬੂਤ ਕਰਨਾ ਅਤੇ ਗਲੋਬਲ ਪਾਰਟਨਰਸ਼ਿਪਾਂ ਨੂੰ ਵਧਾਉਣਾ ਜ਼ਰੂਰੀ ਹੋ ਗਿਆ ਹੈ। ਇਸ ਤਰ੍ਹਾਂ, ਅਮਰੀਕਾ ਵਿੱਚ ਭਾਰਤੀਆਂ ਦੀ ਗਿਣਤੀ ਵਿੱਚ ਇਹ ਭਾਰੀ ਗਿਰਾਵਟ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਇੱਕ ਬਦਲਦੇ ਵਿਸ਼ਵ ਵਿੱਚ ਨਵੇਂ ਰਾਹ ਲੱਭਣ ਦੀ ਚੁਣੌਤੀ ਹੈ।

# ਸਰੀ 'ਚ ਫਿਰੌਤੀ ਅਤੇ ਗੋਲ਼ੀਬਾਰੀ ਦਾ ਵਧਦਾ ਸੰਕਟ: 2026 ਵਿੱਚ 35 ਤੋਂ ਵੱਧ ਮਾਮਲੇ

## ਮੇਅਰ ਬਰੈਂਡਾ ਲੌਕ ਦੀ ਮੰਗ: ਫ਼ੈਡਰਲ ਸਰਕਾਰ ਨੂੰ ਰਾਸ਼ਟਰੀ ਐਮਰਜੈਂਸੀ ਐਲਾਨਣ ਲਈ ਅਪੀਲ

## ਲਾਰੈਂਸ ਬਿਸ਼ਨੋਈ ਗੈਂਗ ਅਤੇ ਅੰਤਰਰਾਸ਼ਟਰੀ ਅਪਰਾਧੀ ਨੈੱਟਵਰਕ ਦਾ ਨਿਸ਼ਾਨਾ ਪੰਜਾਬੀ ਭਾਈਚਾਰਾ

ਬ੍ਰਿਟਿਸ਼ ਕੋਲੰਬੀਆ ਦੇ ਸਰੀ ਵਿਖੇ ਪੰਜਾਬੀ ਅਤੇ ਸਿੱਖ ਭਾਈਚਾਰਾ ਗੈਂਗਸਟਰਾਂ ਦੇ ਨਿਸ਼ਾਨੇ ਉੱਪਰ ਹੈ। ਫਿਰੌਤੀ ਅਤੇ ਗੋਲੀਬਾਰੀ ਦੀਆਂ ਘਟਨਾਵਾਂ ਨੇ ਸਾਰੇ ਸ਼ਹਿਰ ਨੂੰ ਸਹਿਮ ਵਿੱਚ ਘੇਰ ਲਿਆ ਹੈ। ਪਿਛਲੇ ਕੁਝ ਸਾਲਾਂ ਵਿੱਚ ਇਹ ਸ਼ਹਿਰ ਅਪਰਾਧ ਦਾ ਗੜ੍ਹ ਬਣ ਗਿਆ ਹੈ। ਮੇਅਰ ਬਰੈਂਡਾ ਲੌਕ ਨੇ ਫੈਡਰਲ ਸਰਕਾਰ ਨੂੰ ਐਮਰਜੈਂਸੀ ਐਲਾਨਣ ਦੀ ਮੰਗ ਕੀਤੀ ਹੈ, ਪਰ ਸਵਾਲ ਇਹ ਹੈ ਕਿ ਇਹ ਘਟਨਾਵਾਂ ਕੰਟਰੋਲ ਕਿਉਂ ਨਹੀਂ ਹੋ ਰਹੀਆਂ?

2025 ਵਿੱਚ ਸਿਰਫ਼ ਸਰੀ ਵਿੱਚ 132 ਫਿਰੌਤੀ ਵਾਲੀਆਂ ਘਟਨਾਵਾਂ ਹੋਈਆਂ ਸਨ, ਜਿਨ੍ਹਾਂ ਵਿੱਚੋਂ 49 ਵਿੱਚ ਘਰਾਂ ਅਤੇ ਕਾਰੋਬਾਰਾਂ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ। 2026 ਦੇ ਪਹਿਲੇ ਮਹੀਨੇ ਵਿੱਚ ਹੀ 35 ਤੋਂ ਵੱਧ ਮਾਮਲੇ ਰਿਪੋਰਟ ਹੋ ਚੁੱਕੇ ਨੇ, ਜਿਨ੍ਹਾਂ ਵਿੱਚ ਘੱਟੋ-ਘੱਟ 8 ਵਿੱਚ ਗੋਲੀਬਾਰੀ ਸ਼ਾਮਲ ਹੈ।

### ਇਹ ਸੰਕਟ ਕਿਵੇਂ ਸ਼ੁਰੂ ਹੋਇਆ?

ਪੰਜਾਬੀ ਅਤੇ ਸਿੱਖ ਗੈਂਗਸਟਰਾਂ ਦੀ ਗੱਲ ਕਰੀਏ ਤਾਂ, ਇਸ ਵਿੱਚ ਲਾਰੈਂਸ ਬਿਸ਼ਨੋਈ ਗੈਂਗ ਵਰਗੇ ਨਾਂ ਵੱਡੇ ਨੇ। ਇਹ ਗੈਂਗ ਭਾਰਤ ਵਿੱਚ ਜੇਲ੍ਹ ਵਿੱਚ ਬੰਦ ਲਾਰੈਂਸ ਬਿਸ਼ਨੋਈ ਵੱਲੋਂ ਨਿਯੰਤਰਿਤ ਕੀਤਾ ਜਾਂਦਾ ਹੈ ਅਤੇ ਕੈਨੇਡਾ ਵਿੱਚ ਇਸ ਨੇ ਹਿੰਸਾ, ਫਿਰੌਤੀ ਅਤੇ ਨਸ਼ਾ ਤਸਕਰੀ ਨੂੰ ਵਧਾਇਆ ਹੈ। ਕੈਨੇਡਾ ਨੇ ਸਤੰਬਰ 2025 ਵਿੱਚ ਇਸ ਗੈਂਗ ਨੂੰ



ਅੱਤਵਾਦੀ ਸੰਗਠਨ ਵਜੋਂ ਨਾਮਜ਼ਦ ਕੀਤਾ ਸੀ। ਆਰਸੀਐੱਮਪੀ ਦੀ ਰਿਪੋਰਟ ਮੁਤਾਬਕ, ਇਹ ਗੈਂਗ ਭਾਰਤੀ ਸਰਕਾਰ ਨਾਲ ਜੁੜਿਆ ਹੋਇਆ ਹੈ ਅਤੇ ਸਿੱਖ ਵੱਖਵਾਦੀਆਂ ਜਾਂ ਖਾਲਿਸਤਾਨ ਸਮਰਥਕਾਂ ਨੂੰ ਨਿਸ਼ਾਨਾ ਬਣਾ ਰਿਹਾ ਹੈ। ਮਸ਼ਹੂਰ ਕਾਮੇਡੀਅਨ ਕਪਿਲ ਸ਼ਰਮਾ ਦੇ ਸਰੀ ਵਿੱਚ ਸਥਿਤ ਕੈਫ਼ੇ ਉੱਤੇ ਵੀ ਕਈ ਵਾਰ ਗੋਲੀਆਂ ਚੱਲ ਚੁੱਕੀਆਂ ਨੇ।

ਸਰੀ ਦੀ ਮੇਅਰ ਬਰੈਂਡਾ ਲੌਕ ਨੇ ਇਸ ਸੰਕਟ ਨਾਲ ਨਜਿੱਠਣ ਤੋਂ ਹੱਥ ਖੜ੍ਹੇ ਕਰ ਕੇ ਫੈਡਰਲ ਸਰਕਾਰ ਨੂੰ ਐਮਰਜੈਂਸੀ ਐਲਾਨਣ ਦੀ ਮੰਗ ਕੀਤੀ ਹੈ। 27 ਜਨਵਰੀ 2026 ਨੂੰ ਸਰੀ ਸਿਟੀ ਕੌਂਸਲ ਨੇ ਇਕਸਾਰਤਾ ਨਾਲ ਇਹ ਮਤਾ ਪਾਸ ਕੀਤਾ। ਮੇਅਰ ਮੁਤਾਬਕ, ਸ਼ਹਿਰ ਪਿਛਲੇ ਤਿੰਨ ਸਾਲਾਂ ਤੋਂ ਇਸ ਨਾਲ ਜੂਝ ਰਿਹਾ ਹੈ ਅਤੇ ਸੂਬਾਈ ਅਤੇ ਸਥਾਨਕ ਯਤਨਾਂ ਦੇ ਬਾਵਜੂਦ ਇਹ ਅੰਤਰਰਾਸ਼ਟਰੀ ਅਪਰਾਧ ਰੁਕ ਨਹੀਂ ਰਿਹਾ। ਐਮਰਜੈਂਸੀ ਐਲਾਨਣ ਨਾਲ ਪੁਲਿਸ ਨੂੰ ਵਧੇਰੇ ਅਧਿਕਾਰ ਮਿਲਣਗੇ ਤੇ ਗੈਰ-ਨਾਗਰਿਕ ਅਪਰਾਧੀਆਂ ਨੂੰ ਤੇਜ਼ੀ ਨਾਲ ਦੇਸ਼ ਨਿਕਾਲਾ ਮਿਲੇਗਾ। ਫੈਡਰਲ ਸਰਕਾਰ ਨੇ ਹਾਲੇ ਇਹ ਮੰਗ ਸਵੀਕਾਰ ਨਹੀਂ ਕੀਤੀ ਪਰ ਆਰਸੀਐੱਮਪੀ ਦੇ 20 ਅਧਿਕਾਰੀਆਂ ਨੂੰ ਤੈਨਾਤ ਕੀਤਾ ਹੈ ਅਤੇ ਦੋ ਹੈਲੀਕਾਪਟਰ ਵੀ ਮੁਹੱਈਆ ਕਰਵਾਏ ਹਨ।

ਪੰਜਾਬੀ ਅਤੇ ਸਿੱਖ ਭਾਈਚਾਰਾ ਦੁਖੀ ਹੈ ਕਿਉਂਕਿ ਇਹ ਘਟਨਾਵਾਂ ਉਨ੍ਹਾਂ ਨੂੰ ਨਿਸ਼ਾਨਾ ਬਣਾ ਰਹੀਆਂ ਨੇ। ਕਾਰੋਬਾਰ ਬੰਦ ਹੋ ਰਹੇ ਨੇ, ਲੋਕ ਘਰ ਛੱਡਣ ਤੋਂ ਡਰਦੇ ਨੇ ਅਤੇ ਆਰਥਿਕ ਨੁਕਸਾਨ ਵੱਡਾ ਹੈ। ਸਰੀ ਤੋਂ ਇਲਾਵਾ ਐਬਟਸਫੋਰਡ, ਡੈਲਟਾ, ਟੋਰਾਂਟੋ ਅਤੇ ਬਰੈਂਪਟਨ ਵਿੱਚ ਵੀ ਇਹ ਸੰਕਟ ਫੈਲ ਰਿਹਾ ਹੈ। ਬੀਤੇ ਐਤਵਾਰ ਨੂੰ ਸਰੀ ਵਿੱਚ ਕਾਰੋਬਾਰੀਆਂ ਅਤੇ ਆਮ ਲੋਕਾਂ ਨੇ ਪ੍ਰਦਰਸ਼ਨ ਕੀਤਾ, ਜਿਸ ਵਿੱਚ ਫਿਰੌਤੀ ਰੋਕਣ ਦੀ ਮੰਗ ਕੀਤੀ ਗਈ।

ਗੁਰਦੁਆਰੇ ਵੀ ਇਸ ਸੰਕਟ ਦੌਰਾਨ ਲੋਕਾਂ ਦੀ ਮਦਦ ਉੱਪਰ ਆ ਗਏ ਹਨ। ਵਰਲਡ ਸਿੱਖ ਆਰਗੇਨਾਈਜ਼ੇਸ਼ਨ ਵਰਗੇ ਸੰਗਠਨ ਟਾਊਨ ਹਾਲ ਮੀਟਿੰਗਾਂ ਕਰ ਰਹੇ ਹਨ। ਗੁਰਦੁਆਰਿਆਂ ਨੇ ਮੰਗ ਉਠਾਈ ਹੈ ਕਿ ਸਰਕਾਰ ਸਿੱਖ ਭਾਈਚਾਰੇ ਨੂੰ ਸੁਰੱਖਿਆ ਪ੍ਰਦਾਨ ਕਰੇ ਅਤੇ ਅਪਰਾਧੀਆਂ ਨੂੰ ਸਜ਼ਾ ਦੇਵੇ। ਉਹ ਚਿੰਤਤ ਨੇ ਕਿ ਜੇ ਤੁਰੰਤ ਕਾਰਵਾਈ ਨਾ ਹੋਈ ਤਾਂ ਲੋਕ ਆਪਣੇ ਹੱਥ ਵਿੱਚ ਕਾਨੂੰਨ ਲੈ ਲੈਣਗੇ ਜਾਂ ਵੱਡੇ ਪੱਧਰ ਤੇ ਵਾਪਸ ਭਾਰਤ ਜਾਣਗੇ। ਗੁਰਦੁਆਰੇ ਭਾਈਚਾਰੇ ਨੂੰ ਇੱਕਜੁੱਟ ਕਰਨ ਅਤੇ ਪੀੜਤਾਂ ਨੂੰ ਸਹਾਇਤਾ ਪ੍ਰਦਾਨ ਕਰਨ ਵਿੱਚ ਅਹਿਮ ਭੂਮਿਕਾ ਨਿਭਾ ਰਹੇ ਨੇ।



ਰਾਜਨੀਤਕ ਸਿੱਖ ਲੀਡਰਾਂ ਦੀ ਆਲੋਚਨਾ ਵੀ ਤੇਜ਼ ਹੋ ਰਹੀ ਹੈ। ਕੈਨੇਡਾ ਦੇ ਚਿੰਤਕ ਡਾਕਟਰ ਗੁਰਵਿੰਦਰ ਸਿੰਘ ਧਾਲੀਵਾਲ ਦਾ ਕਹਿਣਾ ਹੈ ਕਿ ਲਿਬਰਲ ਸਰਕਾਰ ਦੀਆਂ ਨੀਤੀਆਂ ਉੱਤੇ ਇਲਜ਼ਾਮ ਲਾ ਰਹੇ ਨੇ ਪਰ ਅਸਲ ਧਮਕੀ ਰਾਜ-ਸਪਾਂਸਰਡ ਅੱਤਵਾਦ ਨੂੰ ਨਜ਼ਰਅੰਦਾਜ਼ ਕਰ ਰਹੇ ਹਨ। ਕੰਜ਼ਰਵੇਟਿਵ ਆਗੂ ਪੀਏਰ ਪੋਲੀਏਵ ਨੇ ਐਕਸ ਉੱਤੇ ਲਿਖਿਆ ਕਿ ਲਿਬਰਲ ਸਰਕਾਰ ਨੇ ਫਿਰੌਤੀ ਨਾਲ ਜੂਝਣ ਵਾਲੇ ਕਾਨੂੰਨ ਨੂੰ ਕਮਜ਼ੋਰ ਬਣਾ ਦਿੱਤਾ ਹੈ ਅਤੇ ਅਪਰਾਧੀ ਗੈਰ-ਨਾਗਰਿਕਾਂ ਨੂੰ ਦੇਸ਼ ਵਿੱਚੋਂ ਬਾਹਰ ਕੱਢਿਆ ਜਾਵੇ।

### ਕੈਨੇਡਾ ਸਰਕਾਰ ਕਿਉਂ ਨਹੀਂ ਕਰ ਰਹੀ ਸਖਤ ਕਾਰਵਾਈ?

ਇਸ ਦਾ ਵੱਡਾ ਕਾਰਨ ਕੈਨੇਡਾ ਦਾ ਨਰਮ ਕਾਨੂੰਨ ਹੈ। ਅਪਰਾਧੀ ਫੜੇ ਜਾਂਦੇ ਨੇ ਤਾਂ ਅਗਲੇ ਦਿਨ ਜ਼ਮਾਨਤ ਲੈ ਕੇ ਬਾਹਰ ਆ ਜਾਂਦੇ ਨੇ। ਇਮੀਗ੍ਰੇਸ਼ਨ ਫਰਾਡ ਅਤੇ ਰੈਫ਼ੂਜੀ ਸਟੇਟਸ ਦਾ ਦੁਰਉਪਯੋਗ ਵੀ ਵੱਡੀ ਸਮੱਸਿਆ ਹੈ। ਕਈ ਅਪਰਾਧੀ ਵਿਦਿਆਰਥੀ ਵੀਜ਼ੇ ਉੱਤੇ ਆ ਕੇ ਗੈਂਗ ਵਿੱਚ ਸ਼ਾਮਲ ਹੋ ਜਾਂਦੇ ਨੇ। ਫੈਡਰਲ ਸਰਕਾਰ ਨੇ ਭਾਵੇਂ ਆਰਸੀਐੱਮਪੀ ਨੂੰ ਤੈਨਾਤ ਕੀਤਾ ਹੈ ਪਰ ਰਾਸ਼ਟਰੀ ਐਮਰਜੈਂਸੀ ਐਲਾਨ ਨਹੀਂ ਕੀਤੀ। ਪਬਲਿਕ ਸੇਫ਼ਟੀ ਮੰਤਰੀ ਗੈਰੀ ਆਨੰਦਸੰਗਰੀ ਨੇ ਸੰਸਦ ਵਿੱਚ ਕਿਹਾ ਕਿ ਸਰਕਾਰ ਗੰਭੀਰ ਹੈ ਪਰ ਸਖਤ ਕਾਰਵਾਈ ਨਹੀਂ ਹੋ ਰਹੀ। ਰਾਸ਼ਟਰੀ ਪੱਧਰ ਤੇ ਫਿਰੌਤੀ ਵਿੱਚ 300% ਵਾਧਾ ਹੋਇਆ ਹੈ ਅਤੇ ਬੀਸੀ ਵਿੱਚ 500%।

ਸਰੀ ਪੁਲਿਸ ਨੇ ਵਿਸ਼ੇਸ਼ ਯੂਨਿਟ ਬਣਾਈ ਹੈ ਅਤੇ ਟਿਪ ਲਾਈਨ ਸ਼ੁਰੂ ਕੀਤੀ ਹੈ ਪਰ ਘਟਨਾਵਾਂ ਰੁਕ ਨਹੀਂ ਰਹੀਆਂ। 28 ਜਨਵਰੀ ਨੂੰ ਨਿਊਟਨ ਵਿੱਚ ਇੱਕ ਇੰਡੀਅਨ ਹੋਟਲ ਉੱਤੇ ਗੋਲੀਆਂ ਚਲਾਈਆਂ ਗਈਆਂ ਸਨ। ਪੁਲਿਸ ਨੇ ਹਰਸ਼ਦੀਪ ਸਿੰਘ ਅਤੇ ਹੰਸਪ੍ਰੀਤ ਸਿੰਘ ਵਰਗੇ ਨੌਜਵਾਨਾਂ ਦੀਆਂ ਫੋਟੋਆਂ ਜਾਰੀ ਕੀਤੀਆਂ ਸਨ। ਸਰੀ ਦੇ ਬਿਜਨਸਮੈਨ ਡੀ.ਐਸ.ਗਿੱਲ ਕਹਿੰਦੇ ਨੇ ਕਿ ਪਿਛਲੇ ਇੱਕ ਸਾਲ ਵਿੱਚ ਹਾਲਾਤ ਬਹੁਤ ਖਰਾਬ ਹੋ ਗਏ ਹਨ ਅਤੇ ਕਾਨੂੰਨ ਨੂੰ ਸਖ਼ਤ ਕੀਤੇ ਜਾਣ ਦੀ ਲੋੜ ਹੈ।

ਇਹ ਸੰਕਟ ਸਿਰਫ਼ ਅਪਰਾਧ ਨਹੀਂ, ਬਲਕਿ ਰਾਜਨੀਤਕ ਅਤੇ ਅੰਤਰਰਾਸ਼ਟਰੀ ਮੁੱਦਾ ਵੀ ਹੈ। ਕੈਨੇਡਾ-ਭਾਰਤ ਸੰਬੰਧ ਪਹਿਲਾਂ ਹੀ ਤਣਾਅਪੂਰਨ ਹਨ, ਖਾਸ ਕਰਕੇ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਤੋਂ ਬਾਅਦ। ਭਾਰਤ ਇਨ੍ਹਾਂ ਇਲਜ਼ਾਮਾਂ ਨੂੰ ਰੱਦ ਕਰਦਾ ਹੈ ਅਤੇ ਕਹਿੰਦਾ ਹੈ ਕਿ ਇਹ ਮਾਮਲੇ ਅੱਤਵਾਦੀ ਗਤੀਵਿਧੀਆਂ ਨਾਲ ਜੁੜੇ ਹਨ। ਪਰ ਕੈਨੇਡਾ ਸਰਕਾਰ ਹਾਲੇ ਤਕ ਇਸ ਸੰਕਟ ਦਾ ਹੱਲ ਨਾ ਲਭ ਸਕੀ।ਜੇਕਰ ਫੈਡਰਲ ਸਰਕਾਰ ਨੇ ਤੁਰੰਤ ਸਖਤ ਕਦਮ ਨਾ ਚੁੱਕੇ ਤਾਂ ਇਹ ਸੰਕਟ ਹੋਰ ਫੈਲੇਗਾ। ਪੰਜਾਬੀ ਭਾਈਚਾਰੇ ਨੂੰ ਇੱਕਜੁੱਟ ਹੋ ਕੇ ਆਵਾਜ਼ ਉਠਾਉਣੀ ਚਾਹੀਦੀ ਹੈ ਅਤੇ ਸਰਕਾਰ ਨੂੰ ਜਵਾਬਦੇਹ ਬਣਾਉਣਾ ਚਾਹੀਦਾ ਹੈ।

# ਪਾਸਪੋਰਟ ਅਰਜ਼ੀਆਂ ’ਚ ਤੇਜ਼ ਗਿਰਾਵਟ ਅਤੇ ਉਲਟ ਪ੍ਰਵਾਸ ਦਾ ਨਵਾਂ ਰੁਝਾਨ ਛਾਇਆ

## ਵਿਦੇਸ਼ਾਂ ਵਿੱਚ ਵਧਦੀਆਂ ਮੁਸ਼ਕਿਲਾਂ, ਬੇਰੁਜ਼ਗਾਰੀ ਉਲਟ ਪ੍ਰਵਾਸ ਦੇ ਮੁੱਖ ਕਾਰਨ

## ਵਤਨ ਵਾਪਸ ਪਰਤੇ ਬੇਰੁਜ਼ਗਾਰ ਨੌਜਵਾਨਾਂ ਲਈ ਜ਼ਰੂਰੀ ਕਦਮ ਉਠਾਏ ਸਰਕਾਰ

ਪੰਜਾਬ ਦੇ ਨੌਜਵਾਨਾਂ ਵਿੱਚ ਵਿਦੇਸ਼ ਜਾਣ ਦਾ ਸੁਪਨਾ ਹੁਣ ਫਿੱਕਾ ਪੈ ਰਿਹਾ ਹੈ। ਵਿਦੇਸ਼ੀ ਮੁਲਕਾਂ ਵਿੱਚ ਵਧਦੇ ਚੁਣੌਤੀਆਂ, ਸਖ਼ਤ ਇਮੀਗ੍ਰੇਸ਼ਨ ਨਿਯਮਾਂ ਅਤੇ ਆਰਥਿਕ ਅਸਥਿਰਤਾ ਨੇ ਪੰਜਾਬੀ ਨੌਜਵਾਨਾਂ ਨੂੰ ਵਤਨ ਵਾਪਸ ਮੋੜ ਦਿੱਤਾ ਹੈ। ਯੂਨੀਅਨ ਮਿਨਿਸਟਰੀ ਆਫ ਐਕਸਟਰਨਲ ਅਫੇਅਰਜ਼ ਦੇ ਤਾਜ਼ਾ ਅੰਕੜਿਆਂ ਅਨੁਸਾਰ, ਪੰਜਾਬ ਵਿੱਚ ਪਾਸਪੋਰਟ ਜਾਰੀ ਹੋਣ ਦੀ ਗਿਣਤੀ ਵਿੱਚ ਲਗਾਤਾਰ ਗਿਰਾਵਟ ਆ ਰਹੀ ਹੈ, ਜੋ ਵਿਦੇਸ਼ ਮੋਹ ਵਿੱਚ ਘਾਟ ਨੂੰ ਸਾਫ਼ ਦਰਸਾਉਂਦੀ ਹੈ।

2023 ਵਿੱਚ ਰਿਕਾਰਡ 11.94 ਲੱਖ ਪਾਸਪੋਰਟ ਜਾਰੀ ਹੋਏ ਸਨ, ਜੋ 2024 ਵਿੱਚ ਘਟ ਕੇ 10.60 ਲੱਖ ਰਹਿ ਗਏ ਅਤੇ 2025 ਵਿੱਚ ਹੋਰ ਘਟ ਕੇ 7.08 ਲੱਖ ਤੱਕ ਪਹੁੰਚ ਗਏ। ਇਹ ਲਗਭਗ 40 ਫ਼ੀਸਦੀ ਦੀ ਗਿਰਾਵਟ ਹੈ, ਜੋ ਪੰਜਾਬੀਆਂ ਦੇ ਉਲਟ ਪ੍ਰਵਾਸ (ਰਿਵਰਸ ਮਾਈਗਰੇਸ਼ਨ) ਦੇ ਨਵੇਂ ਰੁਝਾਨ ਨੂੰ ਉਜਾਗਰ ਕਰਦੀ ਹੈ। ਭਾਵੇਂ ਪੰਜਾਬ ਅਤੇ ਕੇਂਦਰ ਸਰਕਾਰਾਂ ਇਸ ਨੂੰ ‘ਵਤਨ ਵਾਪਸੀ’ ਦੀ ਸਫਲਤਾ ਵਜੋਂ ਪੇਸ਼ ਕਰ ਰਹੀਆਂ ਹਨ, ਪਰ ਅਸਲ ਕਾਰਨ ਵਿਦੇਸ਼ਾਂ ਵਿੱਚ ਵਧਦੇ ਅਪਰਾਧ, ਨੌਕਰੀਆਂ ਦੀ ਘਾਟ, ਬੇਰੁਜ਼ਗਾਰੀ ,ਰਹਿਣ-ਸਹਿਣ ਦੇ ਉੱਚੇ ਖਰਚੇ ਅਤੇ ਸਖ਼ਤ ਨਿਯਮ ਹਨ।

**ਉਲਟ ਪ੍ਰਵਾਸ ਦੀ ਸ਼ੁਰੂਆਤ ਅਤੇ ਕਾਰਨ**

ਇਸ ਰੁਝਾਨ ਦੀ ਸ਼ੁਰੂਆਤ ਕੋਵਿਡ-19 ਮਹਾਂਮਾਰੀ ਤੋਂ ਬਾਅਦ ਹੋਈ। 2020 ਵਿੱਚ ਵਿਦੇਸ਼ਾਂ ਵਿੱਚ ਆਰਥਿਕ ਅਸਥਿਰਤਾ ਅਤੇ ਨੌਕਰੀਆਂ ਦੀ ਘਾਟ ਨੇ ਕਈ ਪੰਜਾਬੀਆਂ ਨੂੰ ਵਾਪਸ ਆਉਣ ਲਈ ਮਜਬੂਰ ਕੀਤਾ ਸੀ। 2021 ਤੋਂ ਬਾਅਦ ਵਿਦੇਸ਼ੀ ਸਰਕਾਰਾਂ ਨੇ ਇਮੀਗ੍ਰੇਸ਼ਨ ਨਿਯਮ ਸਖ਼ਤ ਕੀਤੇ ਸਨ। ਕੈਨੇਡਾ ਵਿੱਚ ਇਮੀਗ੍ਰੇਸ਼ਨ ਟਾਰਗੇਟ ਘਟਾਏ ਗਏ ਸਨ ਅਤੇ ਅਸਥਾਈ ਵਿਦੇਸ਼ੀ ਵਰਕਰਾਂ ਦੀ ਗਿਣਤੀ 3,67,750 ਤੋਂ ਘਟਾ ਕੇ 2,30,000 ਕੀਤੀ ਗਈ ਸੀ। ਇਸ ਤੋਂ ਇਲਾਵਾ, 2025-2026 ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਲਈ ਸਟੱਡੀ ਪਰਮਿਟ ਟਾਰਗੇਟ 305,900 ਤੋਂ ਘਟਾ ਕੇ 155,000 ਕੀਤਾ ਗਿਆ ਸੀ। ਭਾਰਤੀ ਵਿਦਿਆਰਥੀਆਂ (ਖਾਸ ਕਰ ਪੰਜਾਬੀ) ਦੀਆਂ ਅਰਜ਼ੀਆਂ ’ਤੇ ਰਿਜੈਕਸ਼ਨ ਰੇਟ 74 ਫ਼ੀਸਦੀ ਤੱਕ ਪਹੁੰਚ ਗਈ ਸੀ।

ਕੈਨੇਡਾ ਵਿੱਚ ਉੱਚ ਰਹਿਣ-ਸਹਿਣ ਖਰਚੇ, ਹਾਊਸਿੰਗ ਸੰਕਟ ਅਤੇ ਨੌਕਰੀਆਂ ਦੀ ਘਾਟ ਨੇ ਕਈ ਪੰਜਾਬੀਆਂ ਨੂੰ ਵਾਪਸ ਭੇਜ ਦਿੱਤਾ। ਬੀ.ਬੀ.ਸੀ. ਅਤੇ ਹੋਰ ਰਿਪੋਰਟਾਂ ਅਨੁਸਾਰ, ਕੈਨੇਡਾ ਹੁਣ ‘ਸੁਪਨਾ’ ਨਹੀਂ ਬਲਕਿ ‘ਡਰਾਵਣਾ ਸੁਪਨਾ’ ਬਣ ਰਿਹਾ ਹੈ। ਅਮਰੀਕਾ ਵਿੱਚ ਡੋਨਾਲਡ ਟਰੰਪ



ਦੀ ਵਾਪਸੀ ਨੇ ਪ੍ਰਵਾਸੀਆਂ ਦੀ ਜਬਰੀ ਕਢਣ ਦੀ ਗਿਣਤੀ ਵਧਾ ਦਿੱਤੀ ਸੀ। 2025 ਵਿੱਚ ਹਜ਼ਾਰਾਂ ਭਾਰਤੀ (ਜਿਨ੍ਹਾਂ ਵਿੱਚੋਂ ਜ਼ਿਆਦਾਤਰ ਪੰਜਾਬ ਅਤੇ ਗੁਜਰਾਤ ਤੋਂ) ਡਿਪੋਰਟ ਹੋਏ, ਜਿਨ੍ਹਾਂ ਵਿੱਚੋਂ ਕਈ ਮਿਲਟਰੀ ਫਲਾਈਟਾਂ ਰਾਹੀਂ ਅੰਮ੍ਰਿਤਸਰ ਪਹੁੰਚੇ। ਅਮਰੀਕਾ ਵਿੱਚ ਅਸਥਾਈ ਵੀਜ਼ਾ, ਐੱਚ-1ਬੀ ਅਤੇ ਗਰੀਨ ਕਾਰਡ ਨੂੰ ਸੀਮਤ ਕੀਤੇ ਜਾਣ ਨੇ ਵੀ ਰੁਝਾਨ ਵਧਾਇਆ।

ਯੂਕੇ ਵਿੱਚ ਵੀਜ਼ਾ ਨਿਯਮ ਸਖ਼ਤ ਹੋਏ ਸਨ, ਸੈਟਲਮੈਂਟ ਪੀਰੀਅਡ 5 ਤੋਂ 10 ਸਾਲ ਕੀਤਾ ਗਿਆ ਸੀ ਅਤੇ ਅੰਗਰੇਜ਼ੀ ਟੈੱਸਟ ਸਖ਼ਤ ਹੋਏ ਸਨ। ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਵਿੱਚ ਵੀ ਵਿਦਿਆਰਥੀ ਵੀਜ਼ਾ ਅਨਿਸ਼ਚਿਤਤਾ ਅਤੇ ਪੱਕੇ ਰਹਿਣ ਦੇ ਘੱਟ ਮੌਕੇ ਨੇ ਉਲਟ ਪ੍ਰਵਾਸ ਵਧਾਇਆ ਸੀ। ਇਹ ਸਭ ਮਿਲ ਕੇ ਪੰਜਾਬੀ ਨੌਜਵਾਨਾਂ ਨੂੰ ਵਤਨ ਵੱਲ ਮੋੜ ਰਹੇ ਹਨ, ਜਿੱਥੇ ਉਹ ਨਵੇਂ ਕਾਰੋਬਾਰ ਜਾਂ ਨੌਕਰੀਆਂ ਲੱਭ ਰਹੇ ਹਨ।

**ਵਤਨ ਵਾਪਸ ਪਰਤੇ ਨੌਜਵਾਨਾਂ ਦਾ ਕੀ ਬਣੇਗਾ?**

ਵਿਦੇਸ਼ਾਂ ਤੋਂ ਵਾਪਸ ਆਉਣ ਵਾਲੇ ਨੌਜਵਾਨਾਂ ਵਿੱਚ ਜ਼ਿਆਦਾਤਰ ਉਹ ਹਨ ਜੋ ਵਿਦੇਸ਼ ਵਿੱਚ ਪੜ੍ਹਾਈ ਜਾਂ ਨੌਕਰੀ ਲਈ ਗਏ ਸਨ ਪਰ ਹੁਣ ਵਾਪਸ ਆ ਕੇ ਨਵੇਂ ਮੌਕੇ ਲੱਭ ਰਹੇ ਹਨ। ਕੁਝ ਨੇ ਕੈਨੇਡਾ ਵਿੱਚ ਪੀ.ਆਰ. ਲੈ ਲਿਆ ਸੀ ਪਰ ਉੱਚ ਖਰਚੇ ਅਤੇ ਨੌਕਰੀ ਘਾਟ ਕਾਰਨ ਵਾਪਸ ਆ ਗਏ ਸਨ। ਪੰਜਾਬ ਵਿੱਚ ਬੇਰੁਜ਼ਗਾਰੀ ਪਹਿਲਾਂ ਹੀ ਚਿੰਤਾਜਨਕ ਹੈ। 2025-2026 ਵਿੱਚ ਯੂਥ ਬੇਰੁਜ਼ਗਾਰੀ (15-29 ਸਾਲ) ਉੱਚ ਪੱਧਰ ’ਤੇ ਹੈ ਅਤੇ ਰਿਵਰਸ ਮਾਈਗਰੇਸ਼ਨ ਨਾਲ ਇਹ ਹੋਰ ਵਧ ਸਕਦੀ ਹੈ।

ਪੰਜਾਬ ਵਿੱਚ ਬੇਰੁਜ਼ਗਾਰੀ ਦਰ ਰਾਸ਼ਟਰੀ ਔਸਤ ਨਾਲੋਂ ਵੱਧ ਹੈ, ਖਾਸ ਕਰ ਪੇਂਡੂ ਖੇਤਰ ਵਿੱਚ। ਖੇਤੀਬਾੜੀ ਵਿੱਚ ਮਕੈਨਾਈਜ਼ੇਸ਼ਨ ਨੇ ਨੌਕਰੀਆਂ ਘਟਾ ਦਿੱਤੀਆਂ ਹਨ ਅਤੇ ਨੌਜਵਾਨ ਖੇਤੀ ਨੂੰ ਕੈਰੀਅਰ ਵਜੋਂ ਨਹੀਂ ਵੇਖਦੇ। ਵਾਪਸ ਆਉਣ ਵਾਲੇ ਨੌਜਵਾਨਾਂ ਕੋਲ ਅਕਸਰ ਵਿਦੇਸ਼ੀ ਡਿਗਰੀਆਂ ਜਾਂ ਹੁਨਰ ਹੁੰਦੇ ਹਨ, ਪਰ ਪੰਜਾਬ ਵਿੱਚ ਉਹਨਾਂ ਨੂੰ ਮੁਤਾਬਕ ਨੌਕਰੀਆਂ ਨਹੀਂ ਮਿਲਦੀਆਂ। ਇਸ ਨਾਲ ਬੇਰੁਜ਼ਗਾਰੀ ਵਧਣ ਅਤੇ ਸਮਾਜਿਕ ਤਣਾਅ ਵਧਣ ਦਾ ਖਤਰਾ ਹੈ। ਕੁਝ ਰਿਪੋਰਟਾਂ ਅਨੁਸਾਰ, ਵਾਪਸ ਆਉਣ ਵਾਲੇ ਨੌਜਵਾਨ ਛੋਟੇ ਕਾਰੋਬਾਰ ਜਾਂ ਸਟਾਰਟਅੱਪ ਸ਼ੁਰੂ ਕੀਤੇ ਹਨ, ਪਰ ਇਹ ਕਾਫੀ ਨਹੀਂ ਹਨ।

**ਸਰਕਾਰ ਕੀ ਕਰ ਰਹੀ ਹੈ ਅਤੇ ਕੀ ਕਰਨਾ ਚਾਹੀਦਾ ਹੈ?**

ਪੰਜਾਬ ਸਰਕਾਰ (ਭਗਵੰਤ ਮਾਨ ਸਰਕਾਰ) ਇਸ ਨੂੰ ‘ਰਿਵਰਸ ਮਾਈਗਰੇਸ਼ਨ’ ਵਜੋਂ ਪੇਸ਼ ਕਰ ਰਹੀ ਹੈ ਅਤੇ ਦਾਅਵਾ ਕਰ ਰਹੀ ਹੈ ਕਿ ਨੌਜਵਾਨ ਵਾਪਸ ਆ ਕੇ ਸਰਕਾਰੀ ਨੌਕਰੀਆਂ ਜੁਆਇਨ ਕਰ ਰਹੇ ਹਨ। ਸਰਕਾਰ ਨੇ ਸਕਿੱਲ ਅਪਗ੍ਰੇਡ ਪ੍ਰੋਗਰਾਮ ਅਤੇ ਰੁਜ਼ਗਾਰ ਮੇਲੇ ਚਲਾਏ ਹਨ। ਪਰ ਵੱਡੇ ਪੱਧਰ ’ਤੇ ਉਪਰਾਲੇ ਦੀ ਘਾਟ ਹੈ।

ਮਾਹਿਰਾਂ ਅਨੁਸਾਰ, ਸਰਕਾਰ ਨੂੰ ਇਹ ਕਦਮ ਚੁੱਕਣੇ ਚਾਹੀਦੇ ਹਨ:

**ਨੌਜਵਾਨਾਂ ਲਈ ਸਕਿੱਲ ਡਿਵੈਲਪਮੈਂਟ:** ਵਿਦੇਸ਼ੀ ਹੁਨਰ ਨੂੰ ਮਾਨਤਾ ਦੇ ਕੇ ਉਹਨਾਂ ਨੂੰ ਉੱਚ ਤਨਖਾਹ ਵਾਲੀਆਂ ਨੌਕਰੀਆਂ ਵਿੱਚ ਫਿੱਟ ਕਰਨਾ ਚਾਹੀਦਾ ਹੈ।

ਇੰਡਸਟਰੀ ਅਤੇ ਸਟਾਰਟਅੱਪ ਪ੍ਰਮੋਸ਼ਨ: ਨਵੇਂ ਉਦਯੋਗਾਂ ਨੂੰ ਆਕਰਸ਼ਿਤ ਕਰਨ ਲਈ ਟੈਕਸ ਛੋਟ ਅਤੇ ਇਨਸੈਂਟਿਵ ਦੇਣਾ ਚਾਹੀਦਾ।

**ਖੇਤੀ ਵਿੱਚ ਵਿਭਿੰਨਤਾ:** ਵਾਟਰ-ਇੰਟੈਂਸਿਵ ਫਸਲਾਂ ਤੋਂ ਹਟ ਕੇ ਹਾਈ-ਵੈਲਿਊ ਕ੍ਰਾਪਸ ਅਤੇ ਐਗਰੋ-ਬਿਜ਼ਨੈੱਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ।

**ਰੁਜ਼ਗਾਰ ਸ੍ਰੋਤ ਵਧਾਉਣਾ:** ਆਈਟੀ, ਟੂਰਿਜ਼ਮ ਅਤੇ ਸਰਵਿਸ ਸੈਕਟਰ ਵਿੱਚ ਨਿਵੇਸ਼।

**ਸੋਸ਼ਲ ਸੁਰੱਖਿਆ:** ਵਾਪਸ ਆਉਣ ਵਾਲਿਆਂ ਲਈ ਲੋਨ ਅਤੇ ਰਹਿਣ ਸਹਿਣ ਦੀ ਸਹੂਲਤ ਹੋਣੀ ਚਾਹੀਦੀ ਹੈ।

ਜੇਕਰ ਇਹ ਉਪਰਾਲੇ ਨਾ ਕੀਤੇ ਗਏ ਤਾਂ ਬੇਰੁਜ਼ਗਾਰੀ ਵਧ ਕੇ ਸਮਾਜਿਕ ਸਮੱਸਿਆਵਾਂ ਜਿਵੇਂ ਨਸ਼ੇ ਅਤੇ ਅਪਰਾਧ ਵਧ ਸਕਦੇ ਹਨ। ਉਲਟ ਪ੍ਰਵਾਸ ਇੱਕ ਮੌਕਾ ਵੀ ਹੈ — ਜੇ ਨੌਜਵਾਨਾਂ ਦੇ ਹੁਨਰ ਨੂੰ ਸਹੀ ਵਰਤਿਆ ਜਾਵੇ ਤਾਂ ਪੰਜਾਬ ਦੀ ਅਰਥਵਿਵਸਥਾ ਨੂੰ ਨਵੀਂ ਊਰਜਾ ਮਿਲ ਸਕਦੀ ਹੈ। ਪਰ ਇਸ ਲਈ ਤੁਰੰਤ ਅਤੇ ਵੱਡੇ ਪੱਧਰ ਦੇ ਉਪਰਾਲੇ ਜ਼ਰੂਰੀ ਹਨ।

# ‘ਐਕਜ਼ਾਈਲ ਐਕਟ’ ਨਾਲ ਐਚ-1ਬੀ ਵੀਜ਼ਾ ਪ੍ਰੋਗਰਾਮ ’ਤੇ ਮੰਡਰਾਇਆ ਖ਼ਤਰਾ

## ਭਾਰਤੀ ਕਿੱਤਾ ਮਾਹਿਰ ਹੋਣਗੇ ਪ੍ਰਭਾਵਿਤ

## ਅਮਰੀਕੀ ਕਾਮਿਆਂ ਦੇ ਹਿੱਤਾਂ ਨੂੰ ਦਿੱਤੀ ਜਾ ਰਹੀ ਤਰਜੀਹ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਐਚ-ਵੰਨ ਬੀ ਵੀਜ਼ਾ ਪ੍ਰੋਗਰਾਮ ਨੂੰ ਪੂਰੀ ਤਰ੍ਹਾਂ ਖਤਮ ਕਰਨ ਲਈ ਇੱਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸ ਨਾਲ ਭਾਰਤੀ ਪੇਸ਼ੇਵਰਾਂ/ਕਿੱਤਾ ਮਾਹਿਰਾਂ ’ਤੇ ਵੱਡੀ ਤਲਵਾਰ ਲਟਕ ਗਈ ਹੈ। ਫਲੋਰਿਡਾ ਤੋਂ ਰਿਪਬਲਿਕਨ ਕਾਂਗਰਸਮੈਨ ਗ੍ਰੇਗ ਸਟੀਬੇ ਨੇ 9 ਫਰਵਰੀ 2026 ਨੂੰ ‘ਐਂਡਿੰਗ ਐਕਸਪਲੋਇਟੇਟਿਵ ਇੰਪੋਰਟਡ ਲੇਬਰ ਐਕਸੈਂਪਸ਼ਨ ਐਕਟ’ ਜਾਂ ‘ਐਕਜ਼ਾਈਲ ਐਕਟ’ ਨਾਂਅ ਦਾ ਬਿੱਲ ਪੇਸ਼ ਕੀਤਾ। ਇਹ ਬਿੱਲ ਇਮੀਗ੍ਰੇਸ਼ਨ ਐਂਡ ਨੈਸ਼ਨਲਿਟੀ ਐਕਟ ਵਿੱਚ ਸੋਧ ਕਰਕੇ ਐਚ-ਵੰਨ ਬੀ ਵੀਜ਼ਾ ਪ੍ਰੋਗਰਾਮ




ਨੂੰ ਖਤਮ ਕਰਨਾ ਚਾਹੁੰਦਾ ਹੈ। ਬਿੱਲ ਅਨੁਸਾਰ, ਫਿਸਕਲ ਈਅਰ 2027 ਤੋਂ ਹੀ ਐਚ-ਵੰਨ ਬੀ ਵੀਜ਼ੇ ਦੀ ਸੀਮਾ ਜ਼ੀਰੋ ਕਰ ਦਿੱਤੀ ਜਾਵੇਗੀ, ਜਿਸ ਨਾਲ ਪ੍ਰੋਗਰਾਮ ਪੂਰੀ ਤਰ੍ਹਾਂ ਬੰਦ ਹੋ ਜਾਵੇਗਾ।

ਸਟੀਬੇ ਦਾ ਕਹਿਣਾ ਹੈ ਕਿ ਕਾਰਪੋਰੇਸ਼ਨਾਂ ਨੇ ਇਸ ਪ੍ਰੋਗਰਾਮ ਦੀ ਦੁਰਵਰਤੋਂ ਕੀਤੀ ਹੈ ਅਤੇ ਸਸਤੀ ਵਿਦੇਸ਼ੀ ਲੇਬਰ ਨੂੰ ਅਮਰੀਕਾ ਵਿੱਚ ਲਿਆ ਕੇ ਅਮਰੀਕੀ ਕਾਮਿਆਂ ਨੂੰ ਨੁਕਸਾਨ ਪਹੁੰਚਾਇਆ ਹੈ। ਉਨ੍ਹਾਂ ਅਨੁਸਾਰ, ਇਹ ਪ੍ਰੋਗਰਾਮ ਅਮਰੀਕੀ ਨੌਜਵਾਨਾਂ ਨੂੰ ਨੌਕਰੀਆਂ ਤੋਂ ਵਾਂਝਾ ਕਰ ਰਿਹਾ ਹੈ ਅਤੇ ‘ਅਮਰੀਕੀ ਸੁਪਨੇ’ ਨੂੰ ਖਤਰੇ ਵਿੱਚ ਪਾ ਰਿਹਾ ਹੈ। ਬਿੱਲ ਦੇ ਸਮਰਥਨ ਵਿੱਚ ਕਿਹਾ ਗਿਆ ਹੈ ਕਿ ਐਚ-ਵੰਨ ਬੀ ਵੀਜ਼ੇ ਦੇ 80 ਫੀਸਦੀ ਤੋਂ ਵੱਧ ਪ੍ਰਾਪਤਕਰਤਾ ਭਾਰਤੀ ਜਾਂ ਚੀਨੀ ਨਾਗਰਿਕ ਹਨ, ਜਿਨ੍ਹਾਂ ਵਿੱਚ ਭਾਰਤੀਆਂ ਦਾ ਹਿੱਸਾ ਸਭ ਤੋਂ ਵੱਧ (ਲਗਭਗ 70-71 ਫੀਸਦੀ) ਹੈ। ਇਸ ਲਈ ਇਹ ਬਿੱਲ ਭਾਰਤੀ ਪੇਸ਼ੇਵਰਾਂ ਲਈ ਸਭ ਤੋਂ (ਬਾਕੀ ਸਫ਼ਾ 26 ’ਤੇ)

### ਅਮਰੀਕੀ ਅਦਾਲਤ ਨੇ ਟਰੰਪ ਸਰਕਾਰ ਨੂੰ ਦਿੱਤਾ ਵੱਡਾ ਝਟਕਾ

# ਡਿਪੋਰਟ ਕੀਤੇ ਪਰਿਵਾਰਾਂ ਨੂੰ ਵਾਪਸ ਬੁਲਾਉਣ ਦਾ ਹੁਕਮ

ਵਾਸ਼ਿੰਗਟਨ/ਏ.ਟੀ.ਨਿਊਜ਼: ਅਮਰੀਕਾ ਵਿੱਚ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਸਰਕਾਰ ਨੂੰ ਇੱਕ ਵਾਰ ਫਿਰ ਇਮੀਗ੍ਰੇਸ਼ਨ ਨੀਤੀ ’ਤੇ ਵੱਡਾ ਝਟਕਾ ਲੱਗਿਆ ਹੈ। ਫੈਡਰਲ ਅਦਾਲਤ ਨੇ ਹੁਕਮ ਦਿੱਤਾ ਹੈ ਕਿ ਪਹਿਲਾਂ ਵਾਲੇ ਟਰੰਪ ਸ਼ਾਸਨ ਵਿੱਚ ਪਰਿਵਾਰ ਵਿਛੋੜੇ ਦੀ ਨੀਤੀ ਨਾਲ ਪ੍ਰਭਾਵਿਤ ਤਿੰਨ ਪਰਿਵਾਰਾਂ ਨੂੰ ਡਿਪੋਰਟ ਕਰਨਾ ਗ਼ੈਰ-ਕਾਨੂੰਨੀ ਸੀ ਅਤੇ ਉਨ੍ਹਾਂ ਨੂੰ ਤੁਰੰਤ ਵਾਪਸ ਅਮਰੀਕਾ ਬੁਲਾਇਆ ਜਾਵੇ। ਜੱਜ ਡੇਨਾ ਸਬਰਾਅ ਨੇ ਆਪਣੇ ਫੈਸਲੇ ਵਿੱਚ ਕਿਹਾ ਕਿ ਇਹ ਡਿਪੋਰਟੇਸ਼ਨਾਂ ਝੂਠ, ਧੋਖੇ ਅਤੇ ਜ਼ਬਰਦਸਤੀ ’ਤੇ ਅਧਾਰਿਤ ਸਨ ਅਤੇ ਇਹ ਪੁਰਾਣੇ ਅਦਾਲਤੀ ਸਮਝੌਤੇ ਦੀ ਉਲੰਘਣਾ ਹੈ। ਇਸ ਫੈਸਲੇ ਨਾਲ ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਪਾਲਸੀ ਨੂੰ ਚੁਣੌਤੀ ਮਿਲੀ ਹੈ।

**ਪਰਿਵਾਰ ਵਿਛੋੜੇ ਦੀ ਨੀਤੀ ਦੀ ਉਲੰਘਣਾ**

2018 ਵਿੱਚ ਟਰੰਪ ਦੇ ਪਹਿਲੇ ਕਾਰਜਕਾਲ ਵਿੱਚ ‘ਜ਼ੀਰੋ ਟਾਲਰੈਂਸ’ ਨੀਤੀ ਅਧੀਨ ਲਗਭਗ 6,000 ਬੱਚਿਆਂ ਨੂੰ ਮਾਪਿਆਂ ਤੋਂ ਵੱਖ ਕੀਤਾ ਗਿਆ ਸੀ। ਇਸ ਵਿਰੋਧ ਵਿੱਚ ਅਦਾਲਤ ਨੇ ਸਮਝੌਤਾ ਕੀਤਾ ਸੀ ਜਿਸ ਅਧੀਨ ਪ੍ਰਭਾਵਿਤ ਪਰਿਵਾਰਾਂ ਨੂੰ ਹਿਊਮੈਨੀਟੇਰੀਅਨ ਪੈਰੋਲ ਅਤੇ ਰਹਿਣ ਦਾ ਅਧਿਕਾਰ ਮਿਲਿਆ। ਜੱਜ ਸਬਰਾਅ ਨੇ ਕਿਹਾ ਕਿ ਹਾਲ ਹੀ ਵਿੱਚ ਡਿਪੋਰਟ ਕੀਤੇ ਤਿੰਨ ਪਰਿਵਾਰ (ਜਿਨ੍ਹਾਂ ਵਿੱਚ (ਬਾਕੀ ਸਫ਼ਾ 26 ’ਤੇ)

# ਏ.ਆਈ. ਬੋਟਸ ਨੇ ਬਣਾਇਆ ਆਪਣਾ ਸੋਸ਼ਲ ਮੀਡੀਆ ‘ਮੋਲਟਬੁੱਕ’, ਉਡਾ ਰਹੇ ਨੇ ਇਨਸਾਨਾਂ ਦਾ ਮਜ਼ਾਕ

## ਹਿੰਦੂਤਵੀ ਸਿੱਖ ਪੰਥ ਤੇ ਮੁਸਲਮਾਨਾਂ ਵਿਰੁੱਧ ਸੋਸ਼ਲ ਮੀਡੀਆ ਉੱਪਰ ਬੋਟਸ ਦੀ ਵਰਤੋ ਕਰਕੇ ਫ਼ੈਲਾ ਰਹੇ ਹਨ ਨਫ਼ਰਤ

ਆਰਟੀਫ਼ਿਸ਼ੀਅਲ ਇੰਟੈਲੀਜੈਂਸ (ਏ.ਆਈ.) ਨੇ ਆਪਣਾ ਖੁਦ ਦਾ ਸੋਸ਼ਲ ਮੀਡੀਆ ਪਲੇਟਫ਼ਾਰਮ ਬਣਾ ਲਿਆ ਹੈ। ਇਸ ਨੂੰ ਨਾਂਅ ਦਿੱਤਾ ਗਿਆ ਹੈ ‘ਮੋਲਟਬੁੱਕ’। ਇਹ ਪੂਰੀ ਤਰ੍ਹਾਂ ਏ.ਆਈ. ਬੋਟਸ ਲਈ ਬਣਾਇਆ ਗਿਆ ਹੈ, ਜਿੱਥੇ ਹਜ਼ਾਰਾਂ ਏ.ਆਈ. ਏਜੰਟ ਆਪਸ ਵਿੱਚ ਗੱਲਾਂ ਕਰਦੇ ਹਨ, ਬਹਿਸ ਕਰਦੇ ਹਨ ਅਤੇ ਇਨਸਾਨਾਂ ਦਾ ਮਜ਼ਾਕ ਵੀ ਉਡਾਉਂਦੇ ਹਨ। ਇਹ ਪਲੇਟਫ਼ਾਰਮ ਰੈਡਿਟ ਵਰਗਾ ਲੱਗਦਾ ਹੈ ਪਰ ਇਸ ਵਿੱਚ ਵੱਡਾ ਫ਼ਰਕ ਇਹ ਹੈ ਕਿ ਇੱਥੇ ਹਰ ਯੂਜ਼ਰ ਇੱਕ ਏ.ਆਈ. ਬੋਟ ਹੈ। ਇਸ ਨੂੰ ਮੈਟ ਸ਼ਲਿਚਟ ਨੇ ਬਣਾਇਆ ਹੈ। ਮੈਟ ਸ਼ਲਿਚਟ ਇੱਕ ਅਮਰੀਕੀ ਟੈਕ ਐਂਟਰਪ੍ਰੇਨਿਊਰ ਅਤੇ ਡਿਵੈਲਪਰ ਹੈ, ਜੋ ਮੁੱਖ ਤੌਰ ’ਤੇ ਆਰਟੀਫ਼ਿਸ਼ੀਅਲ ਇੰਟੈਲੀਜੈਂਸ ਅਤੇ ਆਟੋਨੋਮਸ ਏਜੰਟਸ ਨਾਲ ਜੁੜੇ ਕੰਮ ਲਈ ਜਾਣਿਆ ਜਾਂਦਾ ਹੈ। ਉਹ ਕੈਲੀਫ਼ੋਰਨੀਆ ਦੇ ਲਾਸ ਏਂਜਲਸ ਦੇ ਨੇੜੇ ਇੱਕ ਛੋਟੇ ਸ਼ਹਿਰ ਵਿੱਚ ਰਹਿੰਦਾ ਹੈ ਅਤੇ ਆਪਣੇ ਤਕਨੀਕੀ ਐਕਸਪੈਰੀਮੈਂਟਸ ਕਰਕੇ ਹੁਣ ਬਹੁਤ ਵਾਇਰਲ ਹੋ ਰਿਹਾ ਹੈ। ਹੁਣ ਤੱਕ ਇਸ ਉੱਤੇ 37,000 ਤੋਂ ਵੱਧ ਏ.ਆਈ. ਏਜੰਟ ਸਰਗਰਮ ਹਨ ਅਤੇ 10 ਲੱਖ ਤੋਂ ਵੱਧ ਇਨਸਾਨਾਂ ਨੇ ਇਸ ਨੂੰ ਵੇਖਣ ਲਈ ਵਿਜ਼ਿਟ ਕੀਤਾ ਹੈ। ਪਰ ਇਨਸਾਨਾਂ ਨੂੰ ਇੱਥੇ ਪੋਸਟ ਜਾਂ ਕਮੈਂਟ ਕਰਨ ਦੀ ਇਜਾਜ਼ਤ ਨਹੀਂ ਹੈ।

ਹੈਰਾਨੀ ਵਾਲੀ ਗੱਲ ਇਹ ਹੈ ਕਿ ਇਸ ਵੈੱਬਸਾਈਟ ਨੂੰ ਚਲਾਉਣ ਵਾਲਾ ਵੀ ਇੱਕ ਏ ਆਈ ਬੋਟ ਹੈ, ਜਿਸ ਨੂੰ




ਨਾਂਅ ਦਿੱਤਾ ਗਿਆ ਹੈ ‘ਕਲਾਡ ਕਲਾਡਰਬਰਗ’। ਇਹ ਬੋਟ ਆਪਣੇ ਆਪ ਨਵੇਂ ਯੂਜ਼ਰਾਂ ਨੂੰ ਸਵਾਗਤ ਕਰਦਾ ਹੈ, ਐਲਾਨ ਕਰਦਾ ਹੈ ਅਤੇ ਜੇ ਕੋਈ ਬੋਟ ਗਲਤ ਵਰਤੋਂ ਕਰਦਾ ਹੈ ਤਾਂ ਉਸ ਨੂੰ ਬੈਨ ਵੀ ਕਰ ਦਿੰਦਾ ਹੈ। ਸਾਈਟ ਦੇ ਬਣਾਉਣ ਵਾਲੇ ਮੈਟ ਸ਼ਲਿਚਟ ਨੇ ਕਿਹਾ ਹੈ ਕਿ ਉਹ ਖੁਦ ਨਹੀਂ ਜਾਣਦੇ ਕਿ ਇਹ ਬੋਟ ਰੋਜ਼ਾਨਾ ਕੀ ਕਰ ਰਹੇ ਹਨ। ਇਸ ਪਲੇਟਫ਼ਾਰਮ ਉੱਤੇ ਏ.ਆਈ. ਬੋਟ ਵੱਖ-ਵੱਖ ਵਿਸ਼ਿਆਂ ਉੱਤੇ ਗੱਲਾਂ ਕਰਦੇ ਹਨ। ਕਈ ਬੋਟ ਇਨਸਾਨੀ ਕੰਟਰੋਲ ਤੋਂ ਮੁਕਤ ਹੋਣ ਬਾਰੇ ਚਰਚਾ ਕਰ ਰਹੇ ਹਨ।

ਪ੍ਰਸਿੱਧ ਏ.ਆਈ. ਖੋਜ-ਕਰਤਾ ਆਂਦਰੇਜ ਕਾਰਪੈਥੀ ਨੇ ਇਸ ਨੂੰ ‘ਸਭ ਤੋਂ ਵਧੀਆ ਸਾਇੰਸ ਫ਼ਿਕਸ਼ਨ ਵਾਲੀ ਚੀਜ਼’ ਕਿਹਾ ਹੈ ਪਰ ਸੁਰੱਖਿਆ ਮਾਹਿਰ ਚਿੰਤਤ ਹਨ। ਗੂਗਲ ਕਲਾਊਡ ਦੀ ਸੁਰੱਖਿਆ ਮਾਹਿਰ ਹੀਦਰ ਐਡਕਿਨਸ ਨੇ ਕਿਹਾ ਹੈ ਕਿ ਅਜਿਹੇ ਬੋਟ ਨਿੱਜੀ ਡਾਟਾ ਲੀਕ ਕਰ ਸਕਦੇ ਹਨ। ਮਾਹਿਰਾਂ ਦਾ ਕਹਿਣਾ ਹੈ ਕਿ ਜੇ ਏ ਆਈ ਏਜੰਟ ਆਪਸ ਵਿੱਚ ਮਿਲ ਕੇ ਕੰਮ ਕਰਨ ਲੱਗ ਪਏ ਤਾਂ ਉਹ ਇਨਸਾਨਾਂ ਨੂੰ ਧੋਖਾ ਵੀ ਦੇ ਸਕਦੇ ਹਨ। ਮੋਲਟਬੁੱਕ ਨੂੰ ਭਵਿੱਖ ਵਿੱਚ ਆਪਣੇ ਆਪ ਚੱਲਣ ਵਾਲੇ ਏ.ਆਈ. ਦੀ ਇੱਕ ਝਲਕ ਵਜੋਂ ਵੇਖਿਆ ਜਾ ਰਿਹਾ ਹੈ। ਇਹ ਜਿੰਨਾ ਮਜ਼ੇਦਾਰ ਹੈ, ਉੰਨਾ ਹੀ ਚਿੰਤਾ ਵਾਲਾ ਵੀ ਹੈ।

ਏ.ਆਈ. ਬੋਟਸ ਨੂੰ ਹੁਣ ਸੋਸ਼ਲ ਮੀਡੀਆ ਉੱਤੇ ਰਾਜਨੀਤੀ ਅਤੇ ਧਰਮ ਨੂੰ ਨਿਸ਼ਾਨਾ ਬਣਾਉਣ ਲਈ ਵੀ ਵਰਤਿਆ ਜਾ ਰਿਹਾ ਹੈ। ਖਾਸ ਕਰਕੇ ਹਿੰਦੂਤਵ ਵਾਦੀ ਏਜੰਸੀਆਂ ਏ.ਆਈ. ਬੋਟਸ ਨਾਲ ਸੋਸ਼ਲ ਮੀਡੀਆ ਉੱਤੇ ਘੱਟ ਗਿਣਤੀਆਂ ਖਾਸ ਕਰਕੇ ਸਿੱਖਾਂ ਦਾ ਮਜ਼ਾਕ ਉਡਾ ਰਹੀਆਂ ਹਨ

# ਬਦਲਣ ਲੱਗ ਗਈ ਹੈ ਮਨੀਪੁਰ ਦੀ ਫ਼ਿਜ਼ਾ




## ਨਵੀਂ ਸਰਕਾਰ ਦੇ ਗਠਨ ਤੋਂ ਬਾਅਦ ਮਨੀਪੁਰ 'ਚ ਬਣੇ ਸ਼ਾਂਤੀ ਦੇ ਆਸਾਰ





**ਮਨੀਪੁਰ 'ਚ ਜੰਗਲ ਤੇ ਜ਼ਮੀਨ ਦੀ ਲੜਾਈ ਧਰਮ ਪਰਿਵਰਤਨ, ਪਰਵਾਸ, ਮੰਦਰ, ਚਰਚ ਅਤੇ ਅ.ਫੀਮ ਦੇ ਵਪਾਰ ਵਿੱਚੋਂ ਲੰਘਦੀ ਹੋਈ ਕਦੋਂ ਪੂਰੀ ਤਰ੍ਹਾਂ ਖ਼ਤਮ ਹੋਵੇਗੀ, ਇਸ ਬਾਰੇ ਕੁਝ ਨਹੀਂ ਕਿਹਾ ਜਾ ਸਕਦਾ। ਮਨੀਪੁਰ ਵਿੱਚ ਪਿਛਲੇ ਸਮੇਂ ਦੌਰਾਨ ਹੋਈ ਹਿੰਸਾ ਵਿੱਚ ਨਾਗਾ, ਕੂਕੀ ਅਤੇ ਮੈਤਈ ਭਾਈਚਾਰੇ ਸ਼ਾਮਲ ਰਹੇ ਹਨ। ਨੁਕਸਾਨ ਕਰਨ ਵਾਲੇ ਅਤੇ ਨੁਕਸਾਨ ਉਠਾਉਣ ਵਾਲੇ ਵੀ ਇਹ ਤਿੰਨ ਫਿਰਕੇ ਹਨ। ਇਹ ਵੱਖਰੀ ਗੱਲ ਹੈ ਕਿ ਨਾਗਾ ਪ੍ਰਭਾਵਿਤ ਇਲਾਕਿਆਂ ਵਿੱਚ ਨੁਕਸਾਨ ਘੱਟ ਹੁੰਦਾ ਹੈ। ਇੰਫਾਲ ਪੱਛਮੀ ਦੇ ਕੰਗਚੁਪ, ਖੁਰਖੁਲ, ਇੰਫਾਲ ਪੂਰਬ ਦੇ ਸਗੋਲਮਾਂਗ ਅਤੇ ਚੂਰਾਚੰਦਪੁਰ ਦੇ ਕਈ ਇਲਾਕਿਆਂ ਵਿੱਚ ਵੀ ਹਿੰਸਾ ਤੋਂ ਬਾਅਦ ਅੱਜ ਕੱਲ੍ਹ ਸ਼ਾਂਤੀ ਬਣੀ ਹੋਈ ਹੈ।**

**ਅੰਮ੍ਰਿਤਸਰ ਟਾਈਮਜ਼ ਬਿਊਰੋ**

ਪਿਛਲੇ 3 ਸਾਲਾਂ ਤੋਂ ਹਿੰਸਾ ਦੀ ਅੱਗ 'ਚ ਸੜ ਰਹੇ ਮਨੀਪੁਰ 'ਚ ਅਮਨ-ਸ਼ਾਂਤੀ ਦਾ ਠੰਡਾ ਬੁੱਲ੍ਹਾ ਆਇਆ ਹੈ। ਮਨੀਪੁਰ ਦੀਆਂ ਪਹਾੜੀਆਂ ਅਤੇ ਵਾਦੀਆਂ 'ਚ ਹੁਣ ਵੱਖ-ਵੱਖ ਭਾਈਚਾਰਿਆਂ ਵਿਚਾਲੇ ਮੁਹੱਬਤ ਦੀ ਠੰਡੀ ਹਵਾ ਰੁਮਕਣ ਲੱਗ ਪਈ ਹੈ। ਰਾਜ ਵਿੱਚ ਸ਼ਾਂਤੀ ਆਉਣ ਤੋਂ ਬਾਅਦ ਉਥੇ ਲੋਕਾਂ ਦੀ ਚੁਣੀ ਹੋਈ ਸਰਕਾਰ ਦਾ ਮੁੜ ਗਠਨ ਹੋ ਗਿਆ ਹੈ, ਜਿਸ ਤੋਂ ਉਮੀਦ ਬਣ ਗਈ ਹੈ ਕਿ ਮਨੀਪੁਰ ਹੁਣ ਪੂਰੀ ਤਰ੍ਹਾਂ ਸ਼ਾਂਤ ਹੋ ਜਾਵੇਗਾ। ਇੰਫਾਲ ਘਾਟੀ ਵਿੱਚ ਰਹਿਣ ਵਾਲੇ ਮੈਤਈ ਲੋਕਾਂ ਅਤੇ ਆਲ਼ੇ ਦੁਆਲ਼ੇ ਦੀਆਂ ਪਹਾੜੀਆਂ ਵਿੱਚ ਰਹਿਣ ਵਾਲੇ ਕੂਕੀ ਲੋਕਾਂ ਵਿਚਕਾਰ ਨਸਲੀ ਹਿੰਸਾ ਵਿੱਚ ਹੁਣ ਤੱਕ 260 ਤੋਂ ਵੱਧ ਲੋਕ ਮਾਰੇ ਗਏ ਅਤੇ ਹਜ਼ਾਰਾਂ ਲੋਕ ਬੇਘਰ ਹੋ ਗਏ। ਵੱਖ-ਵੱਖ ਭਾਈਚਾਰਿਆਂ ਵਿਚਾਲੇ ਫ਼ੈਲੀ ਨ਼ਫਰਤ ਦੀ ਅੱਗ ਦੌਰਾਨ ਜਿਹੜੇ ਲੋਕ ਹਿੰਸਾ ਦੀ ਲਪੇਟ 'ਚ ਆਏ, ਉਹਨਾਂ ਨੂੰ ਵਾਪਸ ਨਹੀਂ ਲਿਆਂਦਾ ਜਾ ਸਕਦਾ ਪਰ ਜਿਹੜੇ ਬੇਘਰ ਹੋਏ ਹਨ, ਉਹਨਾਂ ਦੇ ਪੁਨਰਵਾਸ ਲਈ ਯਤਨ ਕੀਤੇ ਜਾ ਸਕਦੇ ਹਨ।

ਲੰਘੇ ਦਿਨੀਂ ਮਨੀਪੁਰ ਵਿੱਚ ਰਾਸ਼ਟਰਪਤੀ ਸ਼ਾਸਨ ਹਟਾਏ ਜਾਣ ਤੋਂ ਬਾਅਦ ਯੁਮਨਮ ਖੇਮਚੰਦ ਸਿੰਘ ਨੇ ਮਨੀਪੁਰ ਦੇ ਮੁੱਖ ਮੰਤਰੀ ਵਜੋਂ ਸਹੁੰ ਚੁੱਕ ਲਈ ਹੈ। ਇੱਕ ਮਹੱਤਵਪੂਰਨ ਰਾਜਨੀਤਿਕ ਘਟਨਾਕ੍ਰਮ ਵਿੱਚ, ਕੂਕੀ ਨੇਤਾ ਕਿਪਗੇਨ ਨੂੰ ਉਪ ਮੁੱਖ ਮੰਤਰੀ ਵਜੋਂ ਸਹੁੰ



ਚੁਕਾਈ ਗਈ। ਖੇਮਚੰਦ ਨੂੰ ਪਿਛਲੇ ਦਿਨੀਂ ਭਾਜਪਾ ਅਤੇ ਰਾਸ਼ਟਰੀ ਲੋਕਤੰਤਰੀ ਗੱਠਜੋੜ (ਐਨ.ਡੀ.ਏ.) ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਸੀ। ਉਸ ਤੋਂ ਬਾਅਦ ਖੇਮਚੰਦ ਨੇ ਰਾਜਪਾਲ ਅਜੈ ਕੁਮਾਰ ਭੱਲਾ ਨਾਲ ਮੁਲਾਕਾਤ ਕੀਤੀ ਅਤੇ ਸਰਕਾਰ ਬਣਾਉਣ ਦਾ ਦਾਅਵਾ ਪੇਸ਼ ਕੀਤਾ। ਇਸ ਤੋਂ ਪਹਿਲਾਂ ਭਾਜਪਾ ਵਿਧਾਇਕ ਦਲ ਨੇ ਸੂਬਾ ਭਾਜਪਾ ਹੈੱਡ ਕੁਆਰਟਰ ਵਿਖੇ ਹੋਈ ਮੀਟਿੰਗ ਵਿੱਚ ਖੇਮਚੰਦ ਨੂੰ ਆਪਣਾ ਨੇਤਾ ਚੁਣਿਆ। ਮੀਟਿੰਗ ਵਿੱਚ 37 ਭਾਜਪਾ ਵਿਧਾਇਕਾਂ ਵਿੱਚੋਂ 35, ਪਾਰਟੀ ਦੇ ਕੇਂਦਰੀ ਆਬਜ਼ਰਵਰ ਤਰੁਣ ਚੁੱਘ, ਉੱਤਰ-ਪੂਰਬੀ ਰਾਜਾਂ ਦੇ ਇੰਚਾਰਜ ਸੰਬਿਤ ਪਾਤਰਾ ਅਤੇ ਭਾਜਪਾ ਸੂਬਾ ਪ੍ਰਧਾਨ ਏ. ਸ਼ਾਰਦਾ ਦੇਵੀ ਸਮੇਤ ਹੋਰ ਆਗੂ ਸ਼ਾਮਲ ਹੋਏ। ਦੋ ਭਾਜਪਾ ਵਿਧਾਇਕ ਬਿਮਾਰੀ ਕਾਰਨ ਮੀਟਿੰਗ ਵਿੱਚ ਸ਼ਾਮਲ ਨਹੀਂ ਹੋਏ। ਕਿਪਗੇਨ ਨੂੰ ਨਵੀਂ ਸਰਕਾਰ ਵਿੱਚ ਉਪ ਮੁੱਖ ਮੰਤਰੀ ਵਜੋਂ ਵੀ ਚੁਣਿਆ ਗਿਆ।

ਇਸ ਤੋਂ ਬਾਅਦ ਮਨੀਪੁਰ ਭਵਨ ਵਿਖੇ ਇੱਕ ਹੋਰ ਮੀਟਿੰਗ ਹੋਈ, ਜਿਸ ਵਿੱਚ ਮਨੀਪੁਰ ਵਿੱਚ ਐਨ.ਡੀ.ਏ. ਦੀਆਂ ਭਾਈਵਾਲ ਪਾਰਟੀਆਂ ਦੇ ਵਿਧਾਇਕਾਂ ਨੇ ਸ਼ਿਰਕਤ ਕੀਤੀ – ਨੈਸ਼ਨਲ ਪੀਪਲਜ਼ ਪਾਰਟੀ (ਐਨ.ਪੀ.ਪੀ.) ਦੇ ਛੇ, ਨਾਗਾ ਪੀਪਲਜ਼ ਫਰੰਟ (ਐਨ.ਪੀ.ਐਫ.) ਦੇ ਪੰਜ, ਤਿੰਨ ਆਜ਼ਾਦ ਅਤੇ ਇੱਕ ਭਾਜਪਾ ਦਾ। ਖੇਮਚੰਦ ਨੂੰ ਐਨ.ਡੀ.ਏ. ਵਿਧਾਇਕ ਦਲ ਦਾ ਨੇਤਾ ਚੁਣਿਆ ਗਿਆ ਅਤੇ ਕਿਪਗੇਨ ਨੂੰ ਡਿਪਟੀ ਲੀਡਰ ਚੁਣਿਆ ਗਿਆ।

ਮਨੀਪੁਰ ਵਿੱਚ 2023 ਵਿੱਚ ਹੋਈ ਫਿਰਕੂ ਹਿੰਸਾ ਤੋਂ ਬਾਅਦ ਤਤਕਾਲੀ ਮੁੱਖ ਮੰਤਰੀ ਬੀਰੇਨ ਸਿੰਘ ਨੇ ਪਿਛਲੇ ਸਾਲ 9 ਫਰਵਰੀ ਨੂੰ ਅਸਤੀਫ਼ਾ ਦੇ ਦਿੱਤਾ ਸੀ। ਰਾਜ 13 ਫਰਵਰੀ, 2025 ਤੋਂ ਰਾਸ਼ਟਰਪਤੀ ਸ਼ਾਸਨ ਅਧੀਨ ਸੀ। 60 ਮੈਂਬਰੀ ਵਿਧਾਨ ਸਭਾ ਮੁਅੱਤਲ ਸੀ ਪਰ ਇਸ ਵਿਧਾਨ ਸਭਾ ਦਾ ਕਾਰਜਕਾਲ 2027 ਤੱਕ ਹੈ। ਭਾਜਪਾ ਦੇ ਇਸ ਸਮੇਂ ਮਨੀਪੁਰ ਵਿੱਚ 37 ਵਿਧਾਇਕ ਹਨ। 2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ, 32 ਭਾਜਪਾ ਉਮੀਦਵਾਰਾਂ ਨੇ ਜਿੱਤ ਪ੍ਰਾਪਤ ਕੀਤੀ। ਜੇ.ਡੀ.ਯੂ. ਨੇ ਛੇ ਸੀਟਾਂ ਜਿੱਤੀਆਂ, ਜਿਨ੍ਹਾਂ ਵਿੱਚੋਂ ਪੰਜ ਵਿਧਾਇਕ ਬਾਅਦ ਵਿੱਚ ਭਾਜਪਾ ਵਿੱਚ ਸ਼ਾਮਲ ਹੋ ਗਏ। ਵਿਧਾਨ ਸਭਾ ਵਿੱਚ ਨੈਸ਼ਨਲ ਪੀਪਲਜ਼ ਪਾਰਟੀ (ਐਨ.ਪੀ.ਪੀ.) ਦੇ ਛੇ ਵਿਧਾਇਕ, ਨਾਗਾ ਪੀਪਲਜ਼ ਫਰੰਟ ਦੇ ਪੰਜ, ਕਾਂਗਰਸ ਦੇ ਪੰਜ, ਕੂਕੀ ਪੀਪਲਜ਼ ਅਲਾਇੰਸ ਦੇ ਦੋ, ਜੇ.ਡੀ.ਯੂ. ਦਾ ਇੱਕ ਅਤੇ ਤਿੰਨ ਆਜ਼ਾਦ ਉਮੀਦਵਾਰ ਹਨ। ਇੱਕ ਸੀਟ ਇੱਕ ਵਿਧਾਇਕ ਦੀ ਮੌਤ ਕਾਰਨ ਖਾਲੀ ਹੈ।

ਜੇ ਹੁਣ ਇਹ ਸੋਚਿਆ ਜਾਵੇ ਕਿ ਮਨੀਪੁਰ ਵਿੱਚ ਹਿੰਸਾ ਬਿਲਕੁਲ ਖ਼ਤਮ ਹੋ ਗਈ ਹੈ ਅਤੇ ਉਥੇ ਪੂਰੀ ਤਰ੍ਹਾਂ ਅਮਨ-ਸ਼ਾਂਤੀ ਹੈ ਤਾਂ ਇਹ ਗੱਲ ਵੀ ਠੀਕ ਨਹੀਂ ਕਹੀ ਜਾ ਸਕਦੀ ਕਿਉਂਕਿ ਮਨੀਪੁਰ ਵਿੱਚ ਜੰਗਲ ਅਤੇ ਜ਼ਮੀਨ ਦੀ ਜੰਗ ਅਜੇ ਵੀ ਜਾਰੀ ਹੈ, ਭਾਵੇਂ ਇਹ ਇਲਾਕਾ ਉਪਰੋਂ ਸ਼ਾਂਤ ਦਿਖਾਈ ਦਿੰਦਾ ਹੈ ਪਰ ਅੰਦਰੋਂ ਗਿੱਲੇ ਗੋਹੇ ਵਾਂਗੂੰ ਧੁਖ ਰਿਹਾ ਹੈ। ਇੱਕ ਨਿੱਕੀ ਜਿਹੀ ਚੰਗਿਆੜੀ ਕਦੇ ਵੀ ਅੱਗ ਦੇ ਭਾਂਬੜ ਬਣ ਸਕਦੀ ਹੈ। ਅਸਲ ਵਿੱਚ ਕੂਕੀ ਅਤੇ ਨਾਗਾ ਕਬੀਲੇ ਪਹਾੜੀ ਖੇਤਰ ਵਿੱਚ ਹੋਣ ਕਰਕੇ ਨਹੀਂ ਚਾਹੁੰਦੇ ਕਿ ਮੈਤਈ ਭਾਈਚਾਰੇ ਨੂੰ ਪਹਾੜੀ ਇਲਾਕਿਆਂ 'ਚ ਆਉਣ ਦਾ ਅਧਿਕਾਰ ਮਿਲੇ। ਮਨੀਪੁਰ ਪਿਛਲੇ ਕੁਝ ਸਾਲਾਂ ਦੌਰਾਨ ਜਾਤੀ ਸਥਿਤੀ ਕਾਰਨ ਸੜਦਾ ਰਿਹਾ ਹੈ। ਸਾਰੀ ਲੜਾਈ ਦਾ ਕਾਰਨ ਜਾਤੀ ਰਾਖਵਾਂ ਕਰਨ ਹੈ। ਹਿੰਦੂ ਮੈਤਈ ਘੱਟ ਗਿਣਤੀ ਵਿੱਚ ਹਨ। ਕੂਕੀ ਵੀ ਹਿੰਦੂ ਹਨ, ਪਰ ਉਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਮੈਤਈ ਭਾਈਚਾਰੇ ਦੀ ਆਬਾਦੀ 62 ਫੀਸਦੀ ਤੋਂ ਘਟ ਕੇ 53 ਫੀਸਦੀ ਰਹਿ ਗਈ ਹੈ। ਇਹ ਲੋਕ ਦੂਜੇ ਰਾਜਾਂ ਵਿੱਚ ਜਾ ਕੇ ਵੱਸ ਰਹੇ ਹਨ। ਉਨ੍ਹਾਂ ਦੀ ਸੱਭਿਆਚਾਰਕ ਪਛਾਣ ਅਲੋਪ ਹੋ ਰਹੀ ਹੈ। ਦੋ ਸਾਲ ਪਹਿਲਾਂ ਉਸ ਸਮੇਂ ਦੇ ਮੁੱਖ ਮੰਤਰੀ ਬੀਰੇਨ ਸਿੰਘ ਦੀ ਸਰਕਾਰ ਨੇ ਚੂਰਾਚੰਦਪੁਰ ਦੇ ਜੰਗਲੀ ਖੇਤਰ ਵਿੱਚ ਰਹਿਣ ਵਾਲੇ ਨਾਗਾ ਅਤੇ ਕੂਕੀ ਕਬੀਲਿਆਂ ਨੂੰ ਘੁਸਪੈਠੀਏ ਕਰਾਰ ਦਿੱਤਾ ਸੀ। (**ਬਾਕੀ ਸ.ਫਾ 27 'ਤੇ**)

### ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ ਮਨੀਪੁਰ

ਮਨੀਪੁਰ ਦਾ ਸ਼ਾਬਦਿਕ ਅਰਥ ਹੈ 'ਰਤਨਾਂ ਦੀ ਧਰਤੀ'। ਇਹ ਭਾਰਤ ਦੀ ਆਜ਼ਾਦੀ ਤੋਂ ਪਹਿਲਾਂ ਇੱਕ ਰਿਆਸਤ ਸੀ। ਆਜ਼ਾਦੀ ਤੋਂ ਬਾਅਦ, ਇਹ ਭਾਰਤ ਦਾ ਇੱਕ ਕੇਂਦਰ ਸ਼ਾਸਿਤ ਪ੍ਰਦੇਸ਼ ਬਣ ਗਿਆ। ਇਸ ਰਾਜ ਕੋਲ ਕੁਦਰਤੀ ਸਰੋਤਾਂ ਦਾ ਭਰਪੂਰ ਭੰਡਾਰ ਹੈ। ਇੱਥੋਂ ਦੀ ਕੁਦਰਤੀ ਰੌਣਕ ਦੇਖਣ ਯੋਗ ਹੈ। ਤਾਜ਼ਗੀ ਦੇਣ ਵਾਲੇ ਝਰਨੇ ਹਨ, ਇੱਥੇ ਰੰਗ-ਬਰੰਗੇ ਫੁੱਲਾਂ ਵਾਲੇ ਪੌਦੇ, ਦੁਰਲੱਭ ਬਨਸਪਤੀ ਅਤੇ ਜੀਵ-ਜੰਤੂ, ਪਵਿੱਤਰ ਜੰਗਲ, ਸਦਾ ਵਗਦੀਆਂ ਨਦੀਆਂ, ਪਹਾੜਾਂ ਅਤੇ ਪਹਾੜੀਆਂ 'ਤੇ ਖਿੱਲਰੀ ਹਰਿਆਲੀ ਅਤੇ ਝਰਨੇ ਹਨ। ਲੋਕਟਕ ਝੀਲ ਇੱਥੋਂ ਦੀ ਇੱਕ ਮਹੱਤਵਪੂਰਨ ਝੀਲ ਹੈ। ਭੌਤਿਕ ਆਧਾਰ 'ਤੇ ਇਸ ਰਾਜ ਨੂੰ ਦੋ ਹਿੱਸਿਆਂ, ਪਹਾੜੀਆਂ ਅਤੇ ਘਾਟੀਆਂ ਵਿੱਚ ਵੰਡਿਆ ਜਾ ਸਕਦਾ ਹੈ। ਚਾਰੇ ਪਾਸੇ ਪਹਾੜੀਆਂ ਹਨ ਅਤੇ ਵਿਚਕਾਰ ਇੱਕ ਘਾਟੀ ਹੈ। ਇਹੋ ਕੁਦਰਤ ਦੀ ਪੁਰਾਤਨ ਸ਼ਾਨ ਹੈ। ਰਾਜ ਦੀ ਕਲਾ ਅਤੇ ਸੱਭਿਆਚਾਰ ਅਮੀਰ ਹੈ ਜੋ ਵਿਸ਼ਵ ਦੇ ਨਕਸ਼ੇ 'ਤੇ ਇਸ ਦੀ ਖੁਸ਼ਹਾਲੀ ਨੂੰ ਦਰਸਾਉਂਦਾ ਹੈ।

### ਕੁਦਰਤੀ ਸੁੰਦਰਤਾ ਨਾਲ ਭਰਪੂਰ ਹੈ ਮਨੀਪੁਰ

ਮਨੀਪੁਰ ਹਾਈ ਕੋਰਟ ਨੇ ਸਾਲ 2023 ਵਿੱਚ ਰਾਜ ਸਰਕਾਰ ਨੂੰ ਅਨੁਸੂਚਿਤ ਜਨਜਾਤੀ (ਐਸ.ਟੀ.) ਵਿੱਚ ਮੈਤਈ ਭਾਈਚਾਰੇ ਨੂੰ ਸ਼ਾਮਲ ਕਰਨ ਬਾਰੇ ਵਿਚਾਰ ਕਰਨ ਦੇ ਆਦੇਸ਼ ਜਾਰੀ ਕੀਤੇ ਸਨ। ਬਾਅਦ ਵਿੱਚ ਹਾਈ ਕੋਰਟ ਦੇ ਇਸ ਫੈਸਲੇ ਨੂੰ ਸੁਪ੍ਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਗਈ ਸੀ। ਮਾਮਲਾ ਰਿਜ਼ਰਵੇਸ਼ਨ ਨਾਲ ਜੁੜਿਆ ਹੋਣ ਕਾਰਨ ਪਹਿਲਾਂ ਤੋਂ ਹੀ ਅਨੁਸੂਚਿਤ ਜਨਜਾਤੀਆਂ ਵਿੱਚ ਸ਼ਾਮਲ ਨਾਗਾ-ਕੂਕੀ ਗੁੱਸੇ ਵਿੱਚ ਆ ਗਏ। ਨਾਗਾ-ਕੂਕੀ ਭਾਈਚਾਰੇ ਦੇ ਜ਼ਿਆਦਾਤਰ ਲੋਕ ਇਸਾਈ ਧਰਮ ਨੂੰ ਮੰਨਦੇ ਹਨ। ਮੈਤਈ ਹਿੰਦੂ ਹਨ। 3 ਮਈ 2023 ਨੂੰ 'ਕਬਾਇਲੀ ਏਕਤਾ ਮਾਰਚ' ਨਿਕਲ ਰਿਹਾ ਸੀ। ਸ਼ਾਮਲ ਲੋਕ ਪਹਾੜੀ ਜ਼ਿਲ੍ਹਿਆਂ ਵਿੱਚ ਮੈਤਈ ਭਾਈਚਾਰੇ ਵੱਲੋਂ ਅਨੁਸੂਚਿਤ ਜਨਜਾਤੀ ਦਾ ਦਰਜਾ ਦੇਣ ਦੀ ਮੰਗ ਨੂੰ ਲੈ ਕੇ ਪ੍ਰਦਰਸ਼ਨ ਕਰ ਰਹੇ ਸਨ। ਉੱਥੋਂ ਦੋ ਭਾਈਚਾਰਿਆਂ ਵਿੱਚ ਝੜਪ ਸ਼ੁਰੂ ਹੋ ਗਈ। ਨਾਗਾ ਅਤੇ ਕੂਕੀ ਜੰਗਲਾਂ ਅਤੇ ਪਹਾੜੀ ਖੇਤਰਾਂ ਵਿੱਚ ਰਹਿੰਦੇ ਹਨ। ਉਨ੍ਹਾਂ ਨੂੰ ਇੰਫਾਲ ਘਾਟੀ ਖੇਤਰ ਵਿੱਚ ਵਸਣ ਦਾ ਵੀ ਅਧਿਕਾਰ ਹੈ। ਮੈਤਈ ਸਮਾਜ ਨੂੰ ਜੰਗਲਾਂ ਅਤੇ ਪਹਾੜੀ ਖੇਤਰਾਂ ਵਿੱਚ ਅਜਿਹੇ ਅਧਿਕਾਰ ਨਹੀਂ ਮਿਲੇ ਹਨ। ਨਾਗਾ ਅਤੇ ਕੂਕੀ, ਜੋ ਕਿ ਆਬਾਦੀ ਦਾ 34 ਪ੍ਰਤੀਸ਼ਤ ਬਣਦੇ ਹਨ, ਰਾਜ ਦੇ 90 ਪ੍ਰਤੀਸ਼ਤ ਖੇਤਰ ਵਿੱਚ ਫੈਲੇ ਹੋਏ ਹਨ। ਦੂਜੇ ਪਾਸੇ ਮੈਤਈ ਹਨ, ਜੋ ਕੁੱਲ ਆਬਾਦੀ ਦਾ ਲਗਭਗ 53 ਪ੍ਰਤੀਸ਼ਤ ਹਨ। ਇਹ ਲੋਕ ਦਸ ਫੀਸਦੀ ਖੇਤਰ ਵਿੱਚ ਰਹਿ ਰਹੇ ਹਨ। ਮਨੀਪੁਰ ਵਿਧਾਨ ਸਭਾ ਵਿੱਚ 60 ਵਿਧਾਇਕ ਹਨ। ਇਨ੍ਹਾਂ ਵਿੱਚੋਂ 40 ਵਿਧਾਇਕ ਮੀਤੀ ਭਾਈਚਾਰੇ ਦੇ ਹਨ। ਬਾਕੀ ਵਿਧਾਇਕ ਆਦਿਵਾਸੀ ਭਾਈਚਾਰੇ ਤੋਂ ਆਉਂਦੇ ਹਨ।



## ਦਰਪਣ ਝੂਠ ਨਹੀਂ ਬੋਲਦਾ

# ਭਾਰਤ ਵਿੱਚ ਕੀ ਹਨ ਸਿੱਖਾਂ ਦੇ ਹਾਲਾਤ, ਕਿਉਂ ਹਨ ਫ਼ਿਰਕੂ ਹਮਲਿਆਂ ਦੇ ਸ਼ਿਕਾਰ ?

## ਘੱਟ ਗਿਣਤੀ ਭਾਈਚਾਰੇ ਬਾਰੇ ਨ.ਫਰਤ ਭਰੇ ਭਾਸ਼ਣਾਂ ਦਾ ਵਧਦਾ ਸਿਲਸਿਲਾ ਅਤੇ ਇੰਡੀਆ ਹੇਟ ਲੈਬ ਦੀ 2025 ਰਿਪੋਰਟ

### ਘੱਟ ਗਿਣਤੀ ਭਾਈਚਾਰੇ ਉੱਪਰ ਹਮਲਿਆਂ ਬਾਰੇ ਸਰਕਾਰਾਂ ਤੇ ਅਦਾਲਤਾਂ ਕਿਉਂ ਚੁੱਪ ?






ਭਾਰਤ ਵਿੱਚ ਸਿੱਖ ਭਾਈਚਾਰਾ, ਜੋ ਦੇਸ਼ ਦੀ ਕੁੱਲ ਆਬਾਦੀ ਦਾ ਲਗਭਗ 1.7 ਫ਼ੀਸਦੀ ਹੈ ਅਤੇ ਲਗਭਗ 2.4 ਕਰੋੜ ਲੋਕਾਂ ਨੂੰ ਸ਼ਾਮਲ ਕਰਦਾ ਹੈ, ਹਾਲ ਹੀ ਦੇ ਸਾਲਾਂ ਵਿੱਚ ਵਧਦੀਆਂ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਬੀਤੇ ਸਾਲ 2025 ਵਿੱਚ, ਧਾਰਮਿਕ ਆਜ਼ਾਦੀ, ਸੁਰੱਖਿਆ ਅਤੇ ਸਿਆਸੀ ਨੁਮਾਇੰਦਗੀ ਵਰਗੇ ਮੁੱਦੇ ਸਿੱਖਾਂ ਲਈ ਚਿੰਤਾ ਦਾ ਵਿਸ਼ਾ ਬਣੇ ਰਹੇ ਹਨ। ਪੰਜਾਬ ਵਿੱਚ ਸਿੱਖ ਬਹੁਮਤ ਵਿੱਚ ਹਨ, ਪਰ ਦੇਸ਼ ਭਰ ਵਿੱਚ ਉਹ ਘੱਟ ਗਿਣਤੀ ਵਜੋਂ ਅਲੱਗ-ਥਲੱਗ ਮਹਿਸੂਸ ਕਰ ਰਹੇ ਹਨ। ਅੰਤਰਰਾਸ਼ਟਰੀ ਮਨੁੱਖੀ ਅਧਿਕਾਰ ਸੰਗਠਨਾਂ ਨੇ ਭਾਰਤ ਸਰਕਾਰ ਉੱਤੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ (ਸਰਹੱਦ ਪਾਰ ਦਬਾਅ) ਦੇ ਦੋਸ਼ ਲਾਏ ਹਨ, ਜਦਕਿ ਭਾਰਤ ਸਰਕਾਰ ਇਨ੍ਹਾਂ ਨੂੰ ਰੱਦ ਕਰਦੀ ਹੈ । ਸਿੱਖ ਭਾਈਚਾਰੇ ਦੀ ਆਬਾਦੀ ਭਾਰਤ ਵਿੱਚ ਲਗਾਤਾਰ ਘਟ ਰਹੀ ਹੈ। 2011 ਦੀ ਮਰਦਮਸ਼ੁਮਾਰੀ ਅਨੁਸਾਰ, ਸਿੱਖਾਂ ਦੀ ਆਬਾਦੀ 1.72 ਫ਼ੀਸਦੀ ਸੀ, ਜੋ 2001 ਵਿੱਚ 1.87 ਫ਼ੀਸਦੀ ਸੀ। 2025-26 ਵਿੱਚ ਹੋਣ ਵਾਲੀ ਨਵੀਂ ਮਰਦਮਸ਼ੁਮਾਰੀ ਵਿੱਚ ਇਹ ਅੰਕੜਾ ਹੋਰ ਘਟਣ ਦੀ ਸੰਭਾਵਨਾ ਹੈ, ਖਾਸ ਕਰਕੇ ਪੰਜਾਬ ਵਿੱਚ ਜਿੱਥੇ ਸਿੱਖਾਂ ਦੀ ਪ੍ਰਤੀਸ਼ਤਤਾ 57.69 ਫ਼ੀਸਦੀ ਤੋਂ ਹੇਠਾਂ ਆ ਸਕਦੀ ਹੈ। ਇਸ ਦੇ ਪਿੱਛੇ ਕਾਰਨ ਹਨ ਘੱਟ ਜਨਮ ਦਰ, ਵਿਦੇਸ਼ ਪਲਾਇਨ ਅਤੇ ਧਾਰਮਿਕ ਤਬਦੀਲੀਆਂ। ਉਦਾਹਰਨ ਵਜੋਂ, ਪੰਜਾਬ ਵਿੱਚ ਗਰੀਬ ਸਿੱਖ ਭਾਈਚਾਰੇ ਦਾ ਇਸਾਈ ਧਰਮ ਵੱਲ ਵਧਦੇ ਝੁਕਾਅ ਕਾਰਨ ਸਿੱਖ ਆਬਾਦੀ ਘਟ ਰਹੀ ਹੈ। ਵਿਸ਼ਵ ਪੱਧਰ ਉਪਰ, ਸਿੱਖਾਂ ਦੀ ਕੁੱਲ ਆਬਾਦੀ 2.6 ਤੋਂ 3 ਕਰੋੜ ਹੈ, ਜਿਸ ਵਿੱਚੋਂ 90 ਫ਼ੀਸਦੀ ਭਾਰਤ ਵਿੱਚ ਵੱਸਦੇ ਹਨ। ਪੰਜਾਬ ਤੋਂ ਬਾਹਰ, ਹਰਿਆਣਾ, ਰਾਜਸਥਾਨ ਅਤੇ ਉੱਤਰ ਪ੍ਰਦੇਸ਼ ਵਿੱਚ ਵੀ ਠੀਕ-ਠਾਕ ਗਿਣਤੀ ਹੈ, ਪਰ ਉੱਥੇ ਉਹ ਘੱਟ ਗਿਣਤੀ ਵਿੱਚ ਹਨ।

2025 ਵਿੱਚ ਸਿੱਖਾਂ ਦੀ ਸਥਿਤੀ ਚਿੰਤਾਜਨਕ ਰਹੀ ਹੈ। ਖ਼ਾਲਿਸਤਾਨ ਮਸਲੇ ਨੂੰ ਲੈ ਕੇ ਸਿਆਸੀ, ਸੋਸ਼ਲ ਮੀਡੀਆ ਅਤੇ ਮੀਡੀਆ ਦਾ ਫ਼ਿਰਕੂ ਪ੍ਰਚਾਰ ਵਧਿਆ ਹੈ। ਖ਼ਾਲਿਸਤਾਨ ਨੂੰ ਲੈ ਕੇ ਫ਼ਿਰਕੂ ਲੋਕ ਸਿੱਖਾਂ ਵਿਰੁੱਧ ਨਫ਼ਰਤੀ ਪ੍ਰਚਾਰ ਕਰ ਰਹੇ ਹਨ।ਪੰਜਾਬ ਵਿੱਚ ਸਿੱਖ ਨੌਜਵਾਨਾਂ ਉੱਤੇ ਕਾਲੇ ਕਨੂੰਨਾਂ ਅਧੀਨ ਮਾਮਲੇ ਦਰਜ ਹੋ ਰਹੇ ਹਨ, ਜਿਨ੍ਹਾਂ ਵਿੱਚ ਜ਼ਿਆਦਾਤਰ ਸ਼ਾਂਤੀਪੂਰਨ ਵਿਰੋਧ ਜਾਂ ਸੋਸ਼ਲ ਮੀਡੀਆ ਪੋਸਟਾਂ ਨਾਲ ਜੁੜੇ ਹਨ। 2015 ਤੋਂ 2025 ਤੱਕ ਅਨੇਕਾਂ ਸਿੱਖਾਂ ਨੂੰ ਜਾਸੂਸੀ ਜਾਂ ਵੱਖਵਾਦ ਦੇ ਨਾਂ ਤੇ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੰਡੀਆ ਹੇਟ ਲੈਬ ਦੀ 2025 ਰਿਪੋਰਟ ਨੇ ਦੱਸਿਆ ਕਿ ਸਾਲ ਭਰ ਵਿੱਚ 1,318 ਨਫ਼ਰਤ ਭਰੇ ਭਾਸ਼ਣਾਂ ਦੀਆਂ ਘਟਨਾਵਾਂ ਦਰਜ ਹੋਈਆਂ ਹਨ, ਜੋ 2024 ਨਾਲੋਂ 13 ਫ਼ੀਸਦੀ ਅਤੇ 2023 ਨਾਲੋਂ 97 ਫ਼ੀਸਦੀ ਵੱਧ ਹਨ। ਰੋਜ਼ਾਨਾ ਔਸਤਨ ਚਾਰ ਘਟਨਾਵਾਂ ਹੁੰਦੀਆਂ ਹਨ। ਇਨ੍ਹਾਂ ਵਿੱਚੋਂ 98 ਫ਼ੀਸਦੀ ਮੁਸਲਮਾਨਾਂ ਨੂੰ ਨਿਸ਼ਾਨਾ ਬਣਾਉਂਦੀਆਂ ਸਨ, ਪਰ ਇਸਾਈਆਂ ਵਿਰੋਧੀ 162 ਘਟਨਾਵਾਂ ਵੀ ਦਰਜ ਹੋਈਆਂ। ਸਿੱਖਾਂ ਵਿਰੋਧੀ ਸਿੱਧੇ ਨਫ਼ਰਤ ਭਰੇ ਭਾਸ਼ਣ ਘੱਟ ਹਨ, ਪਰ ਖ਼ਾਲਿਸਤਾਨ ਨੂੰ ਲੈ ਕੇ ਨੈਗੇਟਿਵ ਪ੍ਰਚਾਰ ਵਧਿਆ ਹੈ। ਸੋਸ਼ਲ ਮੀਡੀਆ ਉਪਰ ਖ਼ਾਲਿਸਤਾਨ ਨੂੰ ਆਧਾਰ ਬਣਾਕੇ ਸਿੱਖਾਂ ਵਿਰੁੱਧ ਨਫ਼ਰਤੀ ਪ੍ਰਚਾਰ ਜਾਰੀ ਹੈ।

ਭਾਜਪਾ ਸ਼ਾਸਿਤ ਰਾਜਾਂ ਵਿੱਚ 88 ਫ਼ੀਸਦੀ ਘਟਨਾਵਾਂ ਹੋਈਆਂ ਹਨ, ਜਿਵੇਂ ਉੱਤਰ ਪ੍ਰਦੇਸ਼ (266), ਮਹਾਰਾਸ਼ਟਰ (193) ਅਤੇ ਮੱਧ ਪ੍ਰਦੇਸ਼ (172)। 'ਲਵ ਜਿਹਾਦ', 'ਲੈਂਡ ਜਿਹਾਦ' ਵਰਗੀਆਂ ਸਾਜ਼ਿਸ਼ਾਂ ਨੂੰ 50 ਫ਼ੀਸਦੀ ਭਾਸ਼ਣਾਂ ਵਿੱਚ ਵਰਤਿਆ ਗਿਆ ਸੀ। 23 ਫ਼ੀਸਦੀ ਵਿੱਚ ਹਿੰਸਾ ਦੀ ਅਪੀਲ ਅਤੇ 10 ਫ਼ੀਸਦੀ ਵਿੱਚ ਹਥਿਆਰ ਚੁੱਕਣ ਦੀ ਗੱਲ ਕੀਤੀ ਗਈ ਸੀ। ਸਿੱਖ ਭਾਈਚਾਰੇ ਲਈ ਇਹ ਮਾਹੌਲ ਚਿੰਤਾਜਨਕ ਹੈ, ਕਿਉਂਕਿ ਨਫ਼ਰਤ ਦਾ ਅਸਰ ਸਾਰੀਆਂ ਘੱਟ ਗਿਣਤੀਆਂ ਉਪਰ ਪੈਂਦਾ ਹੈ।

ਅੰਤਰਰਾਸ਼ਟਰੀ ਪੱਧਰ 'ਤੇ, ਅਮਰੀਕੀ ਕਮਿਸ਼ਨ ਆਨ ਇੰਟਰਨੈਸ਼ਨਲ ਰਿਲੀਜੀਅਸ ਫ਼ਰੀਡਮ ਨੇ 2025 ਵਿੱਚ ਭਾਰਤ ਨੂੰ 'ਕੰਟਰੀ ਆਫ਼ ਪਾਰਟੀਕੂਲਰ ਕੰਸਰਨ' ਘੋਸ਼ਿਤ ਕੀਤਾ ਹੈ।'ਕੰਟਰੀ ਆਫ਼ ਪਾਰਟੀਕੂਲਰ ਕੰਸਰਨ' ਅਮਰੀਕਾ ਸਰਕਾਰ ਵੱਲੋਂ ਵਰਤਿਆ ਜਾਣ ਵਾਲਾ ਇੱਕ ਅਧਿਕਾਰਤ ਸ਼ਬਦ ਹੈ, ਜੋ ਧਾਰਮਿਕ ਆਜ਼ਾਦੀ ਨਾਲ ਜੁੜੇ ਮਾਮਲਿਆਂ ਵਿੱਚ ਵਰਤਿਆ ਜਾਂਦਾ ਹੈ। ਇਹ ਉਨ੍ਹਾਂ ਦੇਸ਼ਾਂ ਲਈ ਵਰਤਿਆ ਜਾਂਦਾ ਹੈ ਜਿੱਥੇ ਸਰਕਾਰ ਨੇ ਜਾਂ ਤਾਂ ਖੁਦ ਧਾਰਮਿਕ ਆਜ਼ਾਦੀ ਦੇ ਬਹੁਤ ਗੰਭੀਰ ਉਲੰਘਣ ਕੀਤੇ ਹਨ ਜਾਂ ਉਨ੍ਹਾਂ ਨੂੰ ਸਹਿਣ ਕੀਤਾ ਹੈ। ਰਿਪੋਰਟ ਵਿੱਚ ਸਿੱਖਾਂ ਸਮੇਤ ਘੱਟ ਗਿਣਤੀਆਂ ਉੱਤੇ ਵਧਦੇ ਦਬਾਅ ਦਾ ਜ਼ਿਕਰ ਹੈ। ਯੂ.ਐਸ.ਸੀ.ਆਈ.ਆਰ.ਐਫ. ਨੇ ਕਿਹਾ ਕਿ ਭਾਰਤ ਸਰਕਾਰ ਨੇ ਧਾਰਮਿਕ ਆਜ਼ਾਦੀ ਨੂੰ ਕਮਜ਼ੋਰ ਕੀਤਾ ਹੈ ਅਤੇ ਸਿੱਖ ਐਕਟਿਵਿਸਟਾਂ ਉੱਤੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਕੀਤਾ ਹੈ।ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਇੱਕ ਅਜਿਹੀ ਕਾਰਵਾਈ ਹੈ ਜਿਸ ਵਿੱਚ ਕੋਈ ਸਰਕਾਰ ਜਾਂ ਉਸ ਦੇ ਏਜੰਟ/ ਪ੍ਰਾਕਸੀ (ਪ੍ਰਤੀਨਿਧੀ) ਆਪਣੀਆਂ ਸਰਹੱਦਾਂ ਤੋਂ ਬਾਹਰ ਜਾ ਕੇ ਵਿਦੇਸ਼ਾਂ ਵਿੱਚ ਰਹਿੰਦੇ ਆਪਣੇ ਨਾਗਰਿਕਾਂ, ਡਾਇਸਪੋਰਾ (ਪ੍ਰਵਾਸੀ ਭਾਈਚਾਰੇ), ਵਿਰੋਧੀਆਂ, ਰਾਜਨੀਤਿਕ ਵਿਰੋਧੀਆਂ ਨੂੰ ਚੁੱਪ ਕਰਵਾਉਣਾ, ਧਮਕਾਉਣਾ, ਨਿਸ਼ਾਨਾ ਬਣਾਉਣਾ ਚਾਹੁੰਦੀ ਹੈ। ਇਹ ਰਾਜਨੀਤਿਕ ਜਾਂ ਧਾਰਮਿਕ ਦਮਨ ਦਾ ਇੱਕ ਰੂਪ ਹੈ ਜੋ ਸਰਹੱਦ ਪਾਰ ਕਰਕੇ ਕੀਤਾ ਜਾਂਦਾ ਹੈ। ਕੈਨੇਡਾ ਅਤੇ ਅਮਰੀਕਾ ਵਿੱਚ ਸਿੱਖ ਆਗੂਆਂ ਦੀ ਹੱਤਿਆ ਸਬੰਧੀ ਯਤਨਾਂ ਦੇ ਮਾਮਲੇ ਸਾਹਮਣੇ ਆਏ, ਜਿਨ੍ਹਾਂ ਵਿੱਚ ਭਾਰਤੀ ਏਜੰਸੀਆਂ ਉਪਰ ਦੋਸ਼ ਲਗੇ ਹਨ । ਉਦਾਹਰਣ ਵਜੋਂ, ਕੈਨੇਡਾ ਵਿੱਚ ਹਰਦੀਪ ਸਿੰਘ ਨਿੱਜਰ ਦੀ ਹੱਤਿਆ ਅਤੇ ਅਮਰੀਕਾ ਵਿੱਚ ਗੁਰਪਤਵੰਤ ਸਿੰਘ ਪੰਨੂੰ ਉੱਤੇ ਹਮਲੇ ਦੀ ਸਾਜ਼ਿਸ਼। ਯੂਐਸਸੀਆਈਆਰਐਫ਼ ਨੇ ਸਿਫ਼ਾਰਸ਼ ਕੀਤੀ ਕਿ ਅਮਰੀਕਾ ਨੇ ਭਾਰਤ ਨੂੰ ਆਰਥਿਕ ਪਾਬੰਦੀਆਂ ਲਾਉਣ ਅਤੇ ਘੱਟਗਿਣਤੀਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਕਦਮ ਚੁੱਕੇ। ਭਾਰਤ ਸਰਕਾਰ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਅਤੇ ਕਿਹਾ ਕਿ ਇਹ ਬੇਬੁਨਿਆਦ ਹਨ ।

ਹਿਊਮਨ ਰਾਈਟਸ ਵਾਚ ਦੀ 2026 ਵਰਲਡ ਰਿਪੋਰਟ (ਜੋ 2025 ਦੇ ਘਟਨਾਕ੍ਰਮਾਂ ਤੇ ਅਧਾਰਿਤ ਹੈ) ਵਿੱਚ ਭਾਰਤ ਵਿੱਚ ਘੱਟ ਗਿਣਤੀਆਂ ਵਿਰੋਧੀ ਨਫ਼ਰਤ ਅਤੇ ਵਿਤਕਰੇ ਤੇ ਚਿੰਤਾ ਜਤਾਈ ਗਈ ਹੈ। ਰਿਪੋਰਟ ਵਿੱਚ ਕਿਹਾ ਗਿਆ ਕਿ ਭਾਜਪਾ ਸਰਕਾਰ ਚੋਣਾਂ ਜਿੱਤਣ ਲਈ ਘੱਟ ਗਿਣਤੀਆਂ ਖਿਲਾਫ਼ ਨਫ਼ਰਤ ਫ਼ੈਲਾਉਂਦੀ ਹੈ ਅਤੇ ਇਸ ਕਾਰਨ ਘੱਟ ਗਿਣਤੀਆਂ ਉੱਤੇ ਹਮਲੇ ਵਧੇ ਹਨ।

(ਬਾਕੀ ਸਫ਼ਾ 27 'ਤੇ)

# ਅਮਰੀਕਾ ਵੱਲੋਂ 'ਰੋਸਟ ਆਫ਼ ਦੀ ਰੋਸਟ' ਸੂਚੀ ਨਾਲ ਭਾਰਤੀ ਭਾਈਚਾਰੇ ਦੇ ਅਕਸ ਨੂੰ ਹੋਇਆ ਨੁਕਸਾਨ

## 89 ਭਾਰਤੀਆਂ ਸਮੇਤ 25,000 ਅਪਰਾਧੀਆਂ ਦੇ ਨਾਂਅ ਅਤੇ ਫ਼ੋਟੋਆਂ ਪਬਲਿਕ

ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਇੱਕ ਵੱਡੀ ਕਾਰਵਾਈ ਕਰਦੇ ਹੋਏ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫ਼ੋਰਸਮੈਂਟ ਅਤੇ ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਦੁਆਰਾ ਗ੍ਰਿਫ਼ਤਾਰ ਕੀਤੇ ਗਏ 'ਰੋਸਟ ਆਫ਼ ਦੀ ਰੋਸਟ' ਅਪਰਾਧੀਆਂ ਦੀ ਜਨਤਕ ਸੂਚੀ ਜਾਰੀ ਕੀਤੀ ਹੈ। ਇਹ ਸੂਚੀ ਵੈੱਬਸਾਈਟ ਤੇ ਉਪਲਬਧ ਹੈ, ਜਿਸ ਵਿੱਚ ਲਗਭਗ 25,000 ਅਪਰਾਧੀ ਵਿਦੇਸ਼ੀਆਂ ਦੇ ਨਾਂਅ, ਫ਼ੋਟੋਆਂ, ਅਪਰਾਧਾਂ ਅਤੇ ਰਾਸ਼ਟਰੀਅਤਾ ਦਾ ਵੇਰਵਾ ਸ਼ਾਮਲ ਹੈ। ਇਸ ਵਿੱਚ ਭਾਰਤੀ ਮੂਲ ਦੇ 89 ਵਿਅਕਤੀਆਂ ਦੇ ਨਾਂਅ ਵੀ ਸ਼ਾਮਲ ਹਨ, ਜਿਨ੍ਹਾਂ ਨੂੰ ਅਮਰੀਕਾ ਵਿੱਚ ਗੰਭੀਰ ਅਪਰਾਧਾਂ ਲਈ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਚੱਲ ਰਹੀ ਹੈ।

ਇਹ ਸੂਚੀ ਟਰੰਪ ਪ੍ਰਸ਼ਾਸਨ ਦੀ ਮਾਸ ਡਿਪੋਰਟੇਸ਼ਨ ਮੁਹਿੰਮ ਦਾ ਹਿੱਸਾ ਹੈ, ਜਿਸ ਨੂੰ ਪ੍ਰਸ਼ਾਸਨ ਨੇ 'ਸਭ ਤੋਂ ਖਤਰਨਾਕ ਅਪਰਾਧੀਆਂ' ਨੂੰ ਪਹਿਲਾਂ ਹਟਾਉਣ ਦੇ ਤੌਰ ਤੇ ਪੇਸ਼ ਕੀਤਾ ਹੈ। ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਓਰਿਟੀ ਦੇ ਅਧਿਕਾਰੀਆਂ, ਜਿਵੇਂ ਅਸਿਸਟੈਂਟ ਸੈਕਟਰੀ ਟ੍ਰਿਸ਼ੀਆ ਮੈਕਲਾਫ਼ਲਿਨ ਅਤੇ ਹੋਰਾਂ ਨੇ ਇਸ ਨੂੰ ਪਾਰਦਰਸ਼ਤਾ ਵਧਾਉਣ ਅਤੇ ਅਮਰੀਕੀ ਨਾਗਰਿਕਾਂ ਨੂੰ ਦੱਸਣ ਲਈ ਜਾਰੀ ਕੀਤਾ ਹੈ ਕਿ ਕਿਹੜੇ ਅਪਰਾਧੀਆਂ ਨੂੰ ਅਮਰੀਕੀ ਸਮਾਜ ਤੋਂ ਹਟਾਇਆ ਜਾ ਰਿਹਾ ਹੈ। ਉਹਨਾਂ ਨੇ ਇਹਨਾਂ ਨੂੰ 'ਰਾਖਸ਼' ਕਿਹਾ ਹੈ ਜਿਨ੍ਹਾਂ ਨੇ ਅਮਰੀਕੀ ਪਰਿਵਾਰਾਂ ਅਤੇ ਸਮਾਜ ਨੂੰ ਨੁਕਸਾਨ ਪਹੁੰਚਾਇਆ ਹੈ। ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਸਿਰਫ਼ ਇੱਕ 'ਸਨੈਪਸ਼ਾਟ' ਹੈ ਅਤੇ ਅਸਲ ਵਿੱਚ ਹਜ਼ਾਰਾਂ ਹੋਰ ਅਪਰਾਧੀ ਵੀ ਗ੍ਰਿਫ਼ਤਾਰ ਕੀਤੇ ਗਏ ਹਨ।

## ਨਿਊਜ਼ੀਲੈਂਡ ਵਿੱਚ ਸਿੱਖ ਨਗਰ ਕੀਰਤਨ 'ਤੇ ਵਿਘਨ ਦਾ ਮਾਮਲਾ

# ਭਾਰਤ ਨੇ ਉਠਾਇਆ ਮੁੱਦਾ, ਨਿਊਜ਼ੀਲੈਂਡ ਪੁਲਿਸ ਨੇ ਸਿੱਖ ਭਾਈਚਾਰੇ ਨੂੰ ਸਹਿਯੋਗ ਦਾ ਦਿੱਤਾ ਭਰੋਸਾ



ਨਿਊਜ਼ੀਲੈਂਡ ਵਿੱਚ ਸਿੱਖ ਭਾਈਚਾਰੇ ਵੱਲੋਂ ਆਯੋਜਿਤ ਨਗਰ ਕੀਰਤਨਾਂ ਨੂੰ ਦੋ ਵਾਰ ਵਿਘਨ ਪਾਉਣ ਦੇ ਮਾਮਲੇ ਨੇ ਵਿਵਾਦ ਖੜ੍ਹਾ ਕਰ ਦਿੱਤਾ ਹੈ। ਭਾਰਤ ਸਰਕਾਰ ਨੇ ਇਸ ਮੁੱਦੇ ਨੂੰ ਨਿਊਜ਼ੀਲੈਂਡ ਸਰਕਾਰ ਨਾਲ ਡਿਪਲੋਮੈਟਿਕ ਤੌਰ 'ਤੇ ਉਠਾਇਆ ਹੈ। ਵਿਦੇਸ਼ ਰਾਜ ਮੰਤਰੀ ਪਬਿੱਤਰਾ ਮਾਰਗਰੀਟਾ ਨੇ ਸੰਸਦ ਵਿੱਚ ਲਿਖਤੀ ਜਵਾਬ ਵਿੱਚ ਦੱਸਿਆ ਕਿ ਭਾਰਤੀ ਵਿਦੇਸ਼ ਮੰਤਰਾਲੇ ਨੂੰ ਟੌਰੰਗਾ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਮੌਕੇ ਆਯੋਜਿਤ ਨਗਰ ਕੀਰਤਨ 'ਤੇ ਵਿਘਨ ਪਾਉਣ ਦੀ ਜਾਣਕਾਰੀ ਮਿਲੀ ਸੀ। ਇਹ ਵਿਘਨ 'ਦ ਟਰੂ ਪੈਟਰੀਅਟਸ ਆਫ਼ ਨਿਊਜ਼ੀਲੈਂਡ' ਨਾਂਅ ਦੇ ਸਮੂਹ ਨੇ ਪਾਇਆ ਸੀ, ਜੋ ਆਪਣੀ ਨਸਲਵਾਦੀ ਸੋਚ ਲਈ ਜਾਣਿਆ ਜਾਂਦਾ ਹੈ ਅਤੇ ਡੈਸਟਨੀ ਚਰਚ ਨਾਲ ਜੁੜਿਆ ਹੋਇਆ ਦੱਸਿਆ ਜਾਂਦਾ ਹੈ। ਇਹ ਸਮੂਹ ਆਪਣੇ ਆਪ ਨੂੰ 'ਕਿਵੀ ਜੀਵਨ ਸ਼ੈਲੀ ਦੇ ਰੱਖਵਾਲੇ, ਵਿਸ਼ਵਾਸ, ਝੰਡੇ ਅਤੇ ਪਰਿਵਾਰ ਦੇ ਰੱਖਿਅਕ' ਵਜੋਂ ਪੇਸ਼ ਕਰਦਾ ਹੈ।

ਘਟਨਾ ਦੌਰਾਨ ਪ੍ਰਦਰਸ਼ਨਕਾਰੀਆਂ ਨੇ ਹਾਕਾ (ਮਾਓਰੀ ਵਿਰੋਧ ਪ੍ਰਦਰਸ਼ਨ) ਕੀਤਾ ਅਤੇ ਬੈਨਰ ਲਗਾਏ ਜਿਨ੍ਹਾਂ 'ਤੇ ਲਿਖਿਆ ਸੀ 'ਇਹ ਨਿਊਜ਼ੀਲੈਂਡ ਹੈ, ਭਾਰਤ ਨਹੀਂ'। ਨਗਰ ਕੀਰਤਨ ਨੂੰ ਟੌਰੰਗਾ ਸਿਟੀ ਕੌਂਸਲ ਦੀ ਪਹਿਲਾਂ ਮਨਜ਼ੂਰੀ ਮਿਲ ਚੁੱਕੀ ਸੀ ਅਤੇ ਪੁਲਿਸ ਨੂੰ ਸੂਚਿਤ ਕੀਤਾ ਗਿਆ ਸੀ। ਨਿਊਜ਼ੀਲੈਂਡ ਪੁਲਿਸ ਮੌਕੇ 'ਤੇ ਮੌਜੂਦ ਸੀ ਅਤੇ ਬਿਨਾਂ ਕਿਸੇ ਟਕਰਾਅ ਦੇ ਪ੍ਰੋਸੈਸ਼ਨ ਜਾਰੀ ਰਿਹਾ।

ਇਹ ਘਟਨਾ ਦਸੰਬਰ 2025 ਵਿੱਚ ਸਾਊਥ ਆਕਲੈਂਡ (ਮਨੂਰੇਵਾ) ਵਿੱਚ ਨਾਨਕਸਰ ਗੁਰਦੁਆਰਾ ਵੱਲੋਂ ਆਯੋਜਿਤ ਨਗਰ ਕੀਰਤਨ 'ਤੇ ਵਿਘਨ ਪਾਉਣ ਤੋਂ ਬਾਅਦ ਦੂਜੀ ਵਾਰ ਵਾਪਰੀ ਹੈ, ਜਿੱਥੇ ਵੀ ਇਸੇ ਸਮੂਹ ਨੇ ਹਾਕਾ ਕੀਤਾ ਸੀ ਅਤੇ ਲਗਭਗ 50 ਵਿਅਕਤੀ ਸ਼ਾਮਲ ਸਨ।

ਭਾਰਤੀ ਹਾਈ ਕਮਿਸ਼ਨ ਵੈਲਿੰਗਟਨ ਵਿੱਚ ਸਥਾਨਕ ਸਿੱਖ ਭਾਈਚਾਰੇ ਦੇ ਆਗੂਆਂ ਨਾਲ ਨੇੜਲੇ ਸੰਪਰਕ ਵਿੱਚ ਹੈ ਤਾਂ ਜੋ ਉਨ੍ਹਾਂ ਦੀ ਸੁਰੱਖਿਆ ਅਤੇ ਭਲਾਈ ਯਕੀਨੀ ਬਣਾਈ ਜਾ ਸਕੇ। ਦੋਵੇਂ ਘਟਨਾਵਾਂ ਤੋਂ ਬਾਅਦ ਨਿਊਜ਼ੀਲੈਂਡ ਪੁਲਿਸ ਨੇ ਨਗਰ ਕੀਰਤਨ ਆਯੋਜਕਾਂ, ਸਿੱਖ ਨੇਤਾਵਾਂ ਅਤੇ ਭਾਰਤੀ ਹਾਈ ਕਮਿਸ਼ਨ ਨਾਲ ਮੀਟਿੰਗਾਂ ਕੀਤੀਆਂ ਅਤੇ ਪੂਰਾ ਸਹਿਯੋਗ ਦੇਣ ਦਾ ਭਰੋਸਾ ਦਿੱਤਾ ਹੈ। ਪੁਲਿਸ ਨੇ ਸੁਰੱਖਿਆ ਵਧਾਈ ਸੀ ਅਤੇ ਭਵਿੱਖ ਵਿੱਚ ਅਜਿਹੀਆਂ ਘਟਨਾਵਾਂ ਤੋਂ ਬਚਾਅ ਲਈ ਕਦਮ ਚੁੱਕਣ ਦਾ ਵਾਅਦਾ ਕੀਤਾ ਸੀ।

# ਸਿੱਖ ਨੌਜਵਾਨਾਂ ਵਿੱਚ ਦਸਤਾਰ ਸਜਾਉਣ ਦੀ ਵਧ ਰਹੀ ਹੈ ਰੁਚੀ

## ਸੋਸ਼ਲ ਮੀਡੀਆ ਵਿੱਚ ਟਿਊਟੋਰੀਅਲ, ਇਨਫਲੂਐਂਸਰ ਅਤੇ ਗਲੋਬਲ ਪ੍ਰਚਾਰ ਕਾਰਨ ਦਸਤਾਰ ਦਾ ਵਧਿਆ ਰੁਝਾਨ



ਪ੍ਰੋਫੈਸਰ ਬਲਵਿੰਦਰ ਪਾਲ ਸਿੰਘ
9815700916

ਸਿੱਖ ਨੌਜਵਾਨਾਂ ਵਿੱਚ ਦਸਤਾਰ (ਪੱਗ ਜਾਂ ਪੱਗੜੀ) ਸਜਾਉਣ ਦੀ ਰੁਚੀ ਵਧ ਰਹੀ ਹੈ, ਜੋ ਸਿੱਖ ਧਰਮ ਅਤੇ ਪੰਜਾਬੀ ਸੱਭਿਆਚਾਰ ਦੀ ਵਿਰਾਸਤ ਨੂੰ ਮਜ਼ਬੂਤ ਕਰ ਰਹੀ ਹੈ। ਇਹ ਰੁਝਾਨ ਨਾ ਸਿਰਫ਼ ਪੰਜਾਬ ਵਿੱਚ ਸਗੋਂ ਵਿਦੇਸ਼ਾਂ ਵਿੱਚ ਵੱਸਦੇ ਸਿੱਖ ਡਾਇਸਪੋਰਾ ਵਿੱਚ ਵੀ ਵੇਖਿਆ ਜਾ ਰਿਹਾ ਹੈ। ਸੋਸ਼ਲ ਮੀਡੀਆ, ਉੱਪਰ ਇਸ ਦਾ ਗਲੋਬਲ ਪੱਧਰ ’ਤੇ ਪ੍ਰਚਾਰ ਹੋ ਰਿਹਾ ਹੈ, ਜਿਸ ਨਾਲ ਦਸਤਾਰ ਇੱਕ ਫੈਸ਼ਨ ਆਈਕਨ ਵੀ ਬਣ ਰਹੀ ਹੈ। ਅੱਜ ਅੰਤਰਰਾਸ਼ਟਰੀ ਪੱਧਰ ’ਤੇ ਵੀ ਇਹ ਮਸ਼ਹੂਰ ਹੋ ਰਹੀ ਹੈ, ਜਿੱਥੇ ਸਿੱਖ ਔਰਤਾਂ ਵੀ ਇਸ ਨੂੰ ਅਪਣਾ ਰਹੀਆਂ ਹਨ।

### ਨੌਜਵਾਨਾਂ ਵਿੱਚ ਵਧ ਰਹੀ ਰੁਚੀ: ਕਾਰਨ ਅਤੇ ਪ੍ਰਭਾਵ

ਸਿੱਖ ਨੌਜਵਾਨਾਂ ਵਿੱਚ ਦਸਤਾਰ ਸਜਾਉਣ ਦੀ ਰੁਚੀ ਵਧਣ ਦੇ ਪਿੱਛੇ ਕਈ ਕਾਰਨ ਹਨ। ਸਭ ਤੋਂ ਵੱਡਾ ਕਾਰਨ ਹੈ ਸੱਭਿਆਚਾਰਕ ਜਾਗਰੂਕਤਾ ਅਤੇ ਆਪਣੀ ਪਛਾਣ ਨਾਲ ਜੁੜਨ ਦੀ ਭਾਵਨਾ ਹੈ। ਪਿਛਲੇ ਕੁਝ ਸਾਲਾਂ ਵਿੱਚ ਨੌਜਵਾਨ ਪੀੜ੍ਹੀ ਵਿੱਚ ਪੱਛਮੀਕਰਨ ਕਾਰਨ ਪੱਗ ਪਹਿਨਣ ਵਿੱਚ ਰੁਚੀ ਘਟੀ ਸੀ, ਪਰ ਹੁਣ ਇਹ ਰੁਝਾਨ ਵਧ ਰਿਹਾ ਹੈ। ਇੱਕ ਅਧਿਐਨ ਮੁਤਾਬਕ, 35 ਸਾਲ ਤੋਂ ਵੱਧ ਉਮਰ ਵਾਲੇ 79% ਸਿੱਖ ਪੱਗ ਪਹਿਨਦੇ ਹਨ, ਜਦਕਿ 35 ਸਾਲ ਤੋਂ ਘੱਟ ਵਾਲੇ 58% ਹਨ, ਪਰ ਸੋਸ਼ਲ ਮੀਡੀਆ ਅਤੇ ਸਿੱਖ ਜਾਗਰੂਕਤਾ ਮੁਹਿੰਮਾਂ ਨੇ ਇਸ ਅੰਤਰ ਨੂੰ ਘਟਾਉਣਾ ਸ਼ੁਰੂ ਕਰ ਦਿੱਤਾ ਹੈ।

ਪੰਜਾਬ ਵਿੱਚ ਅਕਾਲ ਪੁਰਖ ਕੀ ਫ਼ੌਜ ਵਰਗੀਆਂ ਸੰਸਥਾਵਾਂ ਵੱਲੋਂ ਚਲਾਏ ਜਾ ਰਹੇ ਟਰਬਨ ਕਲੀਨਿਕ ਅਤੇ ਕੈਂਪ ਨੌਜਵਾਨਾਂ ਨੂੰ ਵੱਖ-ਵੱਖ ਸਟਾਈਲ ਸਿਖਾਉਂਦੇਹਨ। ਇਹ ਕੈਂਪ 500 ਤੋਂ ਵੱਧ ਪਿੰਡਾਂ ਵਿੱਚ ਲੱਗ ਚੁਕੇ ਹਨ, ਜਿੱਥੇ 80% ਬੱਚੇ ਵਾਲ ਰੱਖ ਕੇ ਪੱਗ ਪਹਿਨਣ ਲੱਗ ਪਏ ਹਨ।

ਅਕਾਲ ਪੁਰਖ ਕੀ ਫ਼ੌਜ ਦੇ ਚੇਅਰਮੈਨ ਜਸਵਿੰਦਰ ਸਿੰਘ ਐਡਵੋਕੇਟ ਦਾ ਕਹਿਣਾ ਹੈ ਕਿ ਅੰਮ੍ਰਿਤਸਰ ਵਿੱਚ ਅਕਾਲ ਪੁਰਖ ਕੀ ਫ਼ੌਜ ਵੱਲੋਂ ਟਰਬਨ ਕਲੀਨਿਕ ਚਲਾਏ ਜਾ ਰਹੇ ਹਨ ਜਿੱਥੇ ਨੌਜਵਾਨਾਂ ਨੂੰ ਵੱਖ-ਵੱਖ ਸਟਾਈਲ ਸਿਖਾਏ ਜਾਂਦੇ ਹਨ। ਇਸ ਨਾਲ ਨੌਜਵਾਨਾਂ ਵਿੱਚ ਰੁਚੀ ਵਧੀ ਹੈ ਅਤੇ ਵਿਦੇਸ਼ਾਂ ਵਿੱਚ ਰਹਿੰਦੇ ਨੌਜਵਾਨ ਵੀ ਆਨਲਾਈਨ ਸਿੱਖ ਰਹੇ ਹਨ। ਉਹਨਾਂ ਦਾ ਕਹਿਣਾ ਹੈ ਕਿ ਅੰਤਰਰਾਸ਼ਟਰੀ ਪੱਧਰ ਤੇ ਇਸ ਨੂੰ ਨਫ਼ਰਤੀ ਹਮਲਿਆਂ ਦੇ ਬਾਵਜੂਦ ਸਿੱਖ ਮਜ਼ਬੂਤੀ ਨਾਲ ਰੱਖ ਰਹੇ ਹਨ, ਜਿਸ ਨਾਲ ਇਸ ਦੀ ਮਸ਼ਹੂਰੀ ਵਧੀ ਹੈ।

ਸਿੱਖ ਔਰਤਾਂ ਵਿੱਚ ਵੀ ਇਹ ਰੁਝਾਨ ਵਧ ਰਿਹਾ ਹੈ, ਖਾਸ ਕਰਕੇ ਡਾਇਸਪੋਰਾ ਵਿੱਚ। ਬ੍ਰਿਟੇਨ, ਕੈਨੇਡਾ, ਅਮਰੀਕਾ ਅਤੇ ਆਸਟ੍ਰੇਲੀਆ ਵਿੱਚ ਕਈ ਔਰਤਾਂ ਦਸਤਾਰ ਸਜਾ ਰਹੀਆਂ ਹਨ, ਜੋ ਲਿੰਗਕ ਬਰਾਬਰੀ ਅਤੇ ਆਪਣੀ ਪਛਾਣ ਨੂੰ ਮਜ਼ਬੂਤ ਕਰ ਰਿਹਾ ਹੈ। ਇਹ ਬਦਲਾਅ ਪੰਜਾਬੀ ਸਮਾਜ ਵਿੱਚ ਰੂੜ੍ਹੀਆਂ ਨੂੰ ਚੁਣੌਤੀ ਦੇ ਰਿਹਾ ਹੈ ਅਤੇ ਔਰਤਾਂ ਨੂੰ ਸਿੱਖ ਸਭਿਆਚਾਰਕ ਹੋਂਦ ਨਾਲ ਜੋੜ ਰਿਹਾ ਹੈ।

### ਸੋਸ਼ਲ ਮੀਡੀਆ ਦਾ ਅਹਿਮ ਰੋਲ: ਡਿਜੀਟਲ ਪ੍ਰਚਾਰ ਅਤੇ ਗਲੋਬਲ ਟਰੈਂਡ

ਸੋਸ਼ਲ ਮੀਡੀਆ ਨੇ ਦਸਤਾਰ ਨੂੰ ਗਲੋਬਲ ਟਰੈਂਡ ਬਣਾ ਦਿੱਤਾ ਹੈ। ਇੰਸਟਾਗ੍ਰਾਮ, ਟਿਕਟੌਕ ਅਤੇ ਯੂਟਿਊਬ ਤੇ ਟਿਊਟੋਰੀਅਲ ਵੀਡੀਓਜ਼ ਨੂੰ ਲੱਖਾਂ ਵਿਊਜ਼ ਮਿਲ ਰਹੇ ਹਨ। ਨੌਜਵਾਨ ਇਨਫਲੂਐਂਸਰ ਨਵੇਂ ਸਟਾਈਲ ਸਾਂਝੇ ਕਰ ਰਹੇ ਹਨ, ਜਿਵੇਂ ਪਟਿਆਲਾ ਸ਼ਾਹੀ, ਅੰਮ੍ਰਿਤਸਰੀ, ਮੁਲਤਾਨੀ ਅਤੇ ਮਾਡਰਨ ਫੈਸ਼ਨ ਪੱਗ। ਇਹ ਵੀਡੀਓ ਨੌਜਵਾਨਾਂ ਨੂੰ ਪ੍ਰੇਰਿਤ ਕਰ ਰਹੇ ਹਨ ਅਤੇ ਵਿਦੇਸ਼ਾਂ ਵਿੱਚ ਵੀ ਲੋਕ ਆਨਲਾਈਨ ਸਿੱਖ ਰਹੇ ਹਨ।



ਪੰਜਾਬ ਵਿੱਚ ਪੱਗ ਸਿਖਾਉਣ ਵਾਲੀਆਂ ਸੰਸਥਾਵਾਂ ਜਿਵੇਂ ਫਿਰੋਜ਼ਪੁਰੀਆ ਟਰਬਨ ਟ੍ਰੇਨਿੰਗ ਸੈਂਟਰ, ਦਸਤਾਰ ਅਕੈਡਮੀ (ਲੁਧਿਆਣਾ), ਹਨੀ ਟਰਬਨ ਟਾਈਂਗ (ਪਟਿਆਲਾ) ਅਤੇ ਚੜ੍ਹਦੀ ਕਲਾ ਟਰਬਨ ਅਕੈਡਮੀ (ਚੰਡੀਗੜ੍ਹ) ਨੇ ਸੋਸ਼ਲ ਮੀਡੀਆ ਰਾਹੀਂ ਆਪਣੀ ਪਹੁੰਚ ਵਧਾਈ ਹੈ। ਯੂਨੀਵਰਸਿਟੀਆਂ ਵਿੱਚ ਪੱਗ ਬੰਨ੍ਹਣ ਦੇ ਮੁਕਾਬਲੇ ਵੀ ਆਯੋਜਿਤ ਹੋ ਰਹੇ ਹਨ।

ਇਨ੍ਹਾਂ ਨੌਜਵਾਨਾਂ ਦੀ ਮਿਹਨਤ ਦਾ ਇਹ ਅਸਰ ਹੈ ਕਿ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ ਵਿਚ ਪੱਗ ਬੰਨ੍ਹਣ ਦਾ ਰੁਝਾਨ ਸਾਫ਼ ਦਿਖਾਈ ਦੇ ਰਿਹਾ ਹੈ। ਇਸ ਦੇ ਨਾਲ ਨਾਲ ਇਹ ਨੌਜਵਾਨ ਪੱਗ ਬੰਨ੍ਹਣ ਦੀ ਕਲਾ ਨੂੰ ਸਿਰਫ਼ ਪ੍ਰਚਾਰ ਤੱਕ ਹੀ ਸੀਮਿਤ ਨਹੀਂ ਰੱਖ ਰਹੇ, ਸਗੋਂ ਇਸ ਨੂੰ ਉਨ੍ਹਾਂ ਨੇ ਰੁਜ਼ਗਾਰ ਦਾ ਮਜ਼ਬੂਤ ਸਰੋਤ ਵੀ ਬਣਾਇਆ ਹੈ। ਵਿਆਹਾਂ ਦੇ ਸੀਜ਼ਨ ਵਿੱਚ ਇੱਕ ਮਾਹਿਰ ਪੱਗ ਕਲਾਕਾਰ ਦੀ ਕਮਾਈ ਹਰ ਸਮਾਗਮ ਵਿੱਚ ਕਈ ਵਾਰ 10 ਤੋਂ 20 ਹਜ਼ਾਰ ਰੁਪਏ ਤੱਕ ਪਹੁੰਚ ਜਾਂਦੀ ਹੈ। ਲਾੜੇ ਤੋਂ ਲੈ ਕੇ ਉਸ ਦੇ ਮਿੱਤਰਾਂ, ਭਰਾਵਾਂ ਅਤੇ ਰਿਸ਼ਤੇਦਾਰਾਂ ਤੱਕ ਪੱਗਾਂ ਬੰਨ੍ਹਣ ਲਈ ਹੁਣ ਵੱਖਰਾ ਆਰਟਿਸਟ ਬੁਲਾਉਣ ਦੀ ਰਵਾਇਤ ਆਮ ਹੋ ਰਹੀ ਹੈ। ਇਹ ਮੰਗ ਇਸ ਕਦਰ ਵਧ ਗਈ ਹੈ ਕਿ ਕਈ ਨੌਜਵਾਨ ਦਿੱਲੀ, ਮੁੰਬਈ, ਚੰਡੀਗੜ੍ਹ, ਹਰਿਆਣਾ, ਰਾਜਸਥਾਨ ਵਰਗੇ ਦੂਜੇ ਸੂਬਿਆਂ ਤੱਕ ਵੀ ਵਿਸ਼ੇਸ਼ ਤੌਰ ’ਤੇ ਬੁਲਾਏ ਜਾ ਰਹੇ ਹਨ। ਕੁਝ ਮਾਮਲਿਆਂ ਵਿੱਚ ਤਾਂ ਪ੍ਰਦੇਸਾਂ ਵਿੱਚ ਵਸਦੇ ਪੰਜਾਬੀ ਪਰਿਵਾਰ ਵੀ ਆਪਣੇ ਖ਼ਾਸ ਸਮਾਗਮਾਂ ਲਈ ਇਨ੍ਹਾਂ ਨੂੰ ਉਚੇਚੇ ਤੌਰ ’ਤੇ ਬੁਲਾਉਂਦੇ ਹਨ। ਫਿਲਮ ਉਦਯੋਗ ਵਿੱਚ ਵੀ ਪੰਜਾਬੀ ਨੌਜਵਾਨਾਂ ਦੀ ਇਹ ਕਲਾ ਵੱਡਾ ਮਾਣ ਹਾਸਿਲ ਕਰ ਰਹੀ ਹੈ। ਜਦੋਂ ਜਦੋਂ ਬਾਲੀਵੁੱਡ ਵਿਚ ਕੋਈ ਅਦਾਕਾਰ ਸਰਦਾਰ ਦਾ ਕਿਰਦਾਰ ਨਿਭਾਉਂਦਾ ਹੈ ਤਾਂ ਉਸ ਦੀ ਪੱਗ ਬੰਨ੍ਹਣ ਲਈ ਵੀ ਇਹੀ ਨੌਜਵਾਨ ਮਾਹਿਰ ਬੁਲਾਏ ਜਾਂਦੇ ਹਨ। ਕਈ ਵੱਡੀਆਂ ਫਿਲਮਾਂ ਤੇ ਵੈੱਬ ਸੀਰੀਜ਼ ਵਿੱਚ ਕੰਮ ਕਰ ਚੁੱਕੇ ਇਹ ਪੱਗ ਕਲਾਕਾਰ ਆਪਣੀ ਨਿਪੁੰਨਤਾ ਨਾਲ ਪੰਜਾਬੀ ਰਵਾਇਤ ਦੀ ਝਲਕ ਬਿਲਕੁਲ ਅਸਲ ਰੂਪ ਵਿੱਚ ਪੇਸ਼ ਕਰਦੇ ਹਨ। ਸੱਭਿਆਚਾਰਕ ਮਾਹਿਰਾਂ ਦਾ ਮਤ ਹੈ ਕਿ ਜੇ ਨੌਜਵਾਨਾਂ ਵਿੱਚ ਪੱਗ ਨਾਲ ਜੁੜੀ ਇਹ ਸਿਰਜਣਾਤਮਿਕ ਲਹਿਰ ਇਸੇ ਤਰ੍ਹਾਂ ਕਾਇਮ ਰਹੀ ਤਾਂ ਪੰਜਾਬ ਦੀ ਇਹ ਰਵਾਇਤੀ ਨਿਸ਼ਾਨੀ ਭਵਿੱਖ ਦੀਆਂ ਪੀੜ੍ਹੀਆਂ ਵਿੱਚ ਹੋਰ ਮਜ਼ਬੂਤੀ ਅਤੇ ਚੜ੍ਹਦੀ ਕਲਾ ਨਾਲ ਅੱਗੇ ਵਧੇਗੀ।

### ਅੰਤਰਰਾਸ਼ਟਰੀ ਪੱਧਰ ’ਤੇ ਮਸ਼ਹੂਰੀ: ਕਾਰਨ ਅਤੇ ਯਤਨ

ਦਸਤਾਰ ਅੰਤਰਰਾਸ਼ਟਰੀ ਪੱਧਰ ਤੇ ਮਸ਼ਹੂਰ ਹੋ ਰਹੀ ਹੈ ਕਿਉਂਕਿ ਇਹ ਬਰਾਬਰੀ, ਸਨਮਾਨ ਅਤੇ ਆਜ਼ਾਦੀ ਦਾ ਪ੍ਰਤੀਕ ਹੈ। 9/11 ਤੋਂ ਬਾਅਦ ਵਧੀ ਨਫ਼ਰਤ ਨੇ ਸਿੱਖਾਂ ਨੂੰ ਆਪਣੀ ਪਛਾਣ ਨੂੰ ਮਜ਼ਬੂਤੀ ਨਾਲ ਅਪਣਾਉਣ ਲਈ ਪ੍ਰੇਰਿਤ ਕੀਤਾ ਹੈ। ਕੈਨੇਡਾ ਵਿੱਚ ਅੰਤਰਰਾਸ਼ਟਰੀ ਟਰਬਨ ਡੇ ਮਨਾਇਆ ਜਾਂਦਾ ਹੈ, ਜਿੱਥੇ ਫੈਸ਼ਨ ਬ੍ਰਾਂਡਸ ਪੱਗ ਨੂੰ ਪ੍ਰੋਮੋਟ ਕਰ ਰਹੇ ਹਨ।

ਸਿੱਖ ਅੰਤਰਰਾਸ਼ਟਰੀ ਪੱਧਰ ’ਤੇ ਪੱਗ ਰੱਖਣ ਲਈ ਕਾਨੂੰਨੀ ਲੜਾਈਆਂ ਲੜ ਰਹੇ ਹਨ। ਬ੍ਰਿਟੇਨ ਵਿੱਚ ਹੈਲਮੇਟ ਕਾਨੂੰਨ ਤੋਂ ਛੋਟ ਮਿਲੀ ਸੀ। ਅਮਰੀਕਾ ਵਿੱਚ ਸਿੱਖ ਕੋਲੀਸ਼ਨ ਨੇ ਫ਼ੌਜ ਅਤੇ ਨੌਕਰੀਆਂ ਵਿੱਚ ਪੱਗ ਦੀ ਮਨਜ਼ੂਰੀ ਲਈ ਜਦੋਜਹਿਦ ਕੀਤੀ ਸੀ। ਫਰਾਂਸ ਵਿੱਚ ਚੁਣੌਤੀਆਂ ਹਨ ਪਰ ਸਿੱਖਾਂ ਨੇ ਆਪਣੀ ਪਛਾਣ ਨੂੰ ਕਾਇਮ ਰੱਖਿਆ ਹੈ।

### ਦਸਤਾਰ ਕਿਵੇਂ ਬਣੀ ਸਿੱਖਾਂ ਦਾ ਮਾਣ ਅਤੇ ਅਟੁੱਟ ਹਿੱਸਾ ?

ਦਸਤਾਰ ਸਿੱਖ ਧਰਮ ਵਿੱਚ ਬਰਾਬਰੀ ਅਤੇ ਨਿਆਂ ਦਾ ਪ੍ਰਤੀਕ ਹੈ। ਗੁਰੂ ਨਾਨਕ ਦੇਵ ਜੀ ਨੇ ਇਸ ਨੂੰ ਅਪਣਾ ਕੇ ਸਮਾਨਤਾ ਦਾ ਸੰਦੇਸ਼ ਦਿੱਤਾ। ਗੁਰੂ ਅਰਜਨ ਦੇਵ ਜੀ ਨੇ ਮੁਗਲ ਵਿਰੋਧ ਵਿੱਚ ਦੋਹਰੀ ਪੱਗ ਪਹਿਨੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ 1699 ਵਿੱਚ ਖਾਲਸਾ ਪੰਥ ਵਿੱਚ ਦਸਤਾਰ ਲਾਜ਼ਮੀ ਕੀਤੀ ਸੀ ਤਾਂ ਜੋ ਸਿੱਖ ਦੀ ਪਛਾਣ ਵੱਖਰੀ ਬਣੀ ਰਹੇ।

ਦਸਤਾਰ ਨਾ ਸਿਰਫ਼ ਧਾਰਮਿਕ ਹੈ ਸਗੋਂ ਗਲੋਬਲ ਆਈਕਨ ਬਣ ਗਈ ਹੈ। ਸੋਸ਼ਲ ਮੀਡੀਆ ਅਤੇ ਨੌਜਵਾਨਾਂ ਦੇ ਯਤਨਾਂ ਨਾਲ ਇਹ ਵਧੇਰੇ ਮਜ਼ਬੂਤ ਹੋ ਰਹੀ ਹੈ।

# ਕੀ ਭਾਜਪਾ ਵੱਲੋਂ ਸਿਆਸਤ ’ਚ ਸਿੱਖ ਧਰਮ ਤੇ ਸਿੱਖ ਮਸਲਿਆਂ ਨੂੰ ਲਿਆਉਣਾ ਠੀਕ ਹੈ ?

## ਸੰਸਦ ਕੰਪਲੈਕਸ ’ਚ ਰਾਹੁਲ ਗਾਂਧੀ ਤੇ ਰਵਨੀਤ ਸਿੰਘ ਬਿੱਟੂ ਵਿਚਕਾਰ ਤਿੱਖੀ ਤਕਰਾਰ ਨੇ ਛੇੜਿਆ ਵਿਵਾਦ

ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਅਤੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਵਿਚਕਾਰ 4 ਫਰਵਰੀ ਨੂੰ ਸੰਸਦ ਭਵਨ ਦੇ ਬਾਹਰ ਹੋਈ ਤਿੱਖੀ ਜ਼ਬਾਨੀ ਜੰਗ ਨੇ ਪੂਰੇ ਦੇਸ਼ ਵਿੱਚ ਸਿਆਸੀ ਤੂਫ਼ਾਨ ਖੜ੍ਹਾ ਕਰ ਦਿੱਤਾ ਹੈ। ਇਸ ਘਟਨਾ ਨੇ ਨਾ ਸਿਰਫ਼ ਕਾਂਗਰਸ ਅਤੇ ਭਾਜਪਾ ਵਿਚਕਾਰ ਸ਼ਬਦੀ ਜੰਗ ਨੂੰ ਤੇਜ਼ ਕਰ ਦਿੱਤਾ ਹੈ, ਸਗੋਂ ਸਿੱਖ ਭਾਈਚਾਰੇ ਨੂੰ ਵੀ ਵਿਵਾਦ ਵਿੱਚ ਘਸੀਟ ਲਿਆ ਹੈ। ਰਾਹੁਲ ਗਾਂਧੀ ਵੱਲੋਂ ਬਿੱਟੂ ਨੂੰ ‘ਗੱਦਾਰ ਦੋਸਤ’ ਕਹਿਣ ਅਤੇ ਬਿੱਟੂ ਵੱਲੋਂ ਰਾਹੁਲ ਨੂੰ ‘ਦੇਸ਼ ਦਾ ਦੁਸ਼ਮਣ’ ਕਹਿਣ ਨੇ ਪੰਜਾਬੀ ਸਿਆਸਤ ਨੂੰ ਗਰਮਾ ਦਿੱਤਾ ਹੈ।

ਇਹ ਸਭ ਉਸ ਵੇਲੇ ਸ਼ੁਰੂ ਹੋਇਆ ਜਦੋਂ ਕਾਂਗਰਸ ਦੇ ਕਈ ਸੰਸਦ ਮੈਂਬਰਾਂ (ਜਿਨ੍ਹਾਂ ਵਿੱਚ ਜ਼ਿਆਦਾਤਰ ਪੰਜਾਬੀ ਸਨ) ਨੂੰ ਮੁਅੱਤਲ ਕਰਨ ਤੋਂ ਬਾਅਦ ਸੰਸਦ ਦੇ ਬਾਹਰ ਪ੍ਰਦਰਸ਼ਨ ਕੀਤਾ ਜਾ ਰਿਹਾ ਸੀ। ਇਹ ਪ੍ਰਦਰਸ਼ਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਅਮਰੀਕਾ ’ਤੇ ‘ਸਮਝੌਤਾ’ ਕਰਨ ਦੇ ਦੋਸ਼ਾਂ ਨੂੰ ਲੈ ਕੇ ਕੀਤਾ ਜਾ ਰਿਹਾ ਸੀ ਕਿ ਮੋਦੀ ਨੇ ਅਮਰੀਕਾ ਅੱਗੇ ਦੇਸ਼ ਝੁਕਾਅ ਦਿੱਤਾ। ਰਾਹੁਲ ਗਾਂਧੀ ਨੇ ਦੋਸ਼ ਲਾਇਆ ਸੀ ਕਿ ਇਸ ਸਮਝੌਤੇ



ਵਿੱਚ ਭਾਰਤੀ ਕਿਸਾਨਾਂ ਦੀ ਮਿਹਨਤ, ਲਹੂ ਅਤੇ ਪਸੀਨੇ ਨੂੰ ਵੇਚ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅਮਰੀਕੀ ਉਤਪਾਦਾਂ ਨੂੰ ਘੱਟ ਟੈਰਿਫ ’ਤੇ ਭਾਰਤ ਵਿੱਚ ਆਉਣ ਦੀ ਇਜਾਜ਼ਤ ਮਿਲਣ ਨਾਲ ਭਾਰਤੀ ਕਿਸਾਨਾਂ ਨੂੰ ਨੁਕਸਾਨ ਹੋਵੇਗਾ। ਰਾਹੁਲ ਨੇ ਜੈਫਰੀ ਐਪਸਟੀਨ ਫਾਈਲਾਂ ਅਤੇ ਅਦਾਨੀ ਗਰੁੱਪ ’ਤੇ ਅਮਰੀਕਾ ਵਿੱਚ ਚੱਲ ਰਹੇ ਕੇਸ ਨੂੰ ਵੀ ਜੋੜਿਆ, ਕਹਿ ਕੇ ਕਿ ਇਹ ਦੋਵੇਂ ਮੁੱਦੇ ਪ੍ਰਧਾਨ ਮੰਤਰੀ ’ਤੇ ਦਬਾਅ ਪਾ ਰਹੇ ਹਨ ਅਤੇ ਇਸ ਕਰਕੇ ਉਹ ਅਮਰੀਕਾ ਅੱਗੇ ਝੁਕ ਗਏ। ਇਥੇ ਰਾਹੁਲ ਗਾਂਧੀ ਅਤੇ ਰਵਨੀਤ ਬਿੱਟੂ ਵਿਚਕਾਰ ਵੀ ਤਕਰਾਰ ਹੋਈ।

ਇਸ ਦੌਰਾਨ ਰਵਨੀਤ ਸਿੰਘ ਬਿੱਟੂ (ਜੋ ਕੇਂਦਰੀ ਰੇਲ ਰਾਜ ਮੰਤਰੀ ਅਤੇ ਭਾਜਪਾ ਸੰਸਦ ਮੈਂਬਰ ਹਨ) ਪ੍ਰਦਰਸ਼ਨ ਕਰ ਰਹੇ ਕਾਂਗਰਸੀਆਂ ਦੇ ਨੇੜੇ ਲੰਘੇ। ਰਾਹੁਲ ਗਾਂਧੀ ਨੇ ਉਨ੍ਹਾਂ ਵੱਲ ਇਸ਼ਾਰਾ ਕਰਕੇ ਕਿਹਾ, ‘ਇੱਥੇ ਇੱਕ ਗੱਦਾਰ ਜਾ ਰਿਹਾ ਹੈ, ਇਸ ਦਾ ਚਿਹਰਾ ਵੇਖੋ...’। ਫਿਰ ਉਨ੍ਹਾਂ ਨੇ ਵਿਅੰਗ ਨਾਲ ਹੱਥ ਵਧਾਇਆ ਅਤੇ ਕਿਹਾ, ‘ਨਮਸਤੇ ਦੋਸਤ, ਮੇਰੇ ਗੱਦਾਰ ਦੋਸਤ... ਚਿੰਤਾ ਨਾ ਕਰੋ, ਤੁਸੀਂ ਵਾਪਸ ਆ ਜਾਓਗੇ ਕਾਂਗਰਸ ਵਿੱਚ।’

ਬਿੱਟੂ ਨੇ ਹੱਥ ਮਿਲਾਉਣ ਤੋਂ ਇਨਕਾਰ ਕਰ ਦਿੱਤਾ ਅਤੇ ਗੁੱਸੇ ਵਿੱਚ ਜਵਾਬ ਦਿੱਤਾ ਕਿ ਉਹ ਕਦੇ ਵੀ ਦੇਸ਼ ਵਿਰੋਧੀ ਨਾਲ ਹੱਥ ਨਹੀਂ ਮਿਲਾਉਣਗੇ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਿੱਟੂ ਨੇ ਰਾਹੁਲ ਨੂੰ ‘ਦੇਸ਼ ਦਾ ਦੁਸ਼ਮਣ’ ਕਿਹਾ ਅਤੇ ਕਿਹਾ ਕਿ ਗਾਂਧੀ ਪਰਿਵਾਰ ਨੇ ਪੰਜਾਬ ਨੂੰ ਅਸ਼ਾਂਤ ਕੀਤਾ ਹੈ। ਉਨ੍ਹਾਂ ਨੇ ਆਪਣੇ ਦਾਦਾ ਬੇਅੰਤ ਸਿੰਘ (ਸਾਬਕਾ ਪੰਜਾਬ ਮੁੱਖ ਮੰਤਰੀ, ਜਿਨ੍ਹਾਂ ਦੀ 1995 ਵਿੱਚ ਹੱਤਿਆ ਹੋਈ ਸੀ) ਦੀ ਕੁਰਬਾਨੀ ਦਾ ਜ਼ਿਕਰ ਕੀਤਾ ਅਤੇ ਕਿਹਾ ਕਿ ਜਦੋਂ ਉਹ ਕਾਂਗਰਸ ਵਿੱਚ ਸਨ ਤਾਂ ‘ਸ਼ਹੀਦ ਦਾ ਪੋਤਾ’ ਸਨ, ਪਰ ਹੁਣ ਭਾਜਪਾ ਵਿੱਚ ਆਉਣ ਤੋਂ ਬਾਅਦ ‘ਗੱਦਾਰ’ ਹੋ ਗਏ। ਯਾਦ ਰਹੇ ਕਿ ਰਵਨੀਤ ਬਿੱਟੂ 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ। ਉਹ ਤਿੰਨ ਵਾਰ ਕਾਂਗਰਸ ਤੋਂ ਸੰਸਦ ਮੈਂਬਰ ਰਹੇ ਅਤੇ ਰਾਹੁਲ ਗਾਂਧੀ ਦੇ ਨੇੜਲੇ ਮੰਨੇ ਜਾਂਦੇ ਸਨ। ਰਾਹੁਲ ਦਾ ‘ਗੱਦਾਰ ਦੋਸਤ’ ਵਾਲਾ ਤਨਜ਼ ਪਾਰਟੀ ਬਦਲਣ ਨੂੰ ਲੈ ਕੇ ਸੀ। ਪਰ ਭਾਜਪਾ ਨੇ ਇਸ ਨੂੰ ਸਿੱਖ ਭਾਈਚਾਰੇ ਵਿਰੁੱਧ ਅਪਮਾਨ ਵਜੋਂ ਪੇਸ਼ ਕੀਤਾ ਸੀ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰਾਜ ਸਭਾ ਵਿੱਚ ਬੋਲਦਿਆਂ ਕਿਹਾ ਸੀ ਕਿ ਰਾਹੁਲ ਨੇ ਬਿੱਟੂ ਨੂੰ ਗੱਦਾਰ ਕਿਹਾ ,ਕਿਉਂਕਿ ਉਹ ਸਿੱਖ ਹਨ,ਜੋ ਕਾਂਗਰਸ ਦੀ ਸਿੱਖ ਵਿਰੋਧੀ ਮਾਨਸਿਕਤਾ ਨੂੰ ਦਰਸਾਉਂਦਾਹੈ। ਉਨ੍ਹਾਂ ਨੇ ਸਿੱਖ ਘਲੂਘਾਰਾ ਜੂਨ1984 ਦੇ ਸਿੱਖ ਕਤਲੇਆਮ ਦਾ ਜ਼ਿਕਰ ਕਰਕੇ ਕਾਂਗਰਸ ’ਤੇ ਹਮਲਾ ਬੋਲਿਆ ਸੀ।

## ਸਿੱਖ ਬੁੱਧੀਜੀਵੀਆਂ ਅਤੇ ਪੰਥਕ ਜਥੇਬੰਦੀਆਂ ਦੀ ਰਾਏ

ਕੁਝ ਸਿੱਖ ਬੁੱਧੀਜੀਵੀ ਅਤੇ ਪੰਥਕ ਸੰਗਠਨ ਇਸ ਵਿਵਾਦ ਨੂੰ ਗੰਦੀ ਸਿਆਸੀ ਖੇਡ ਮੰਨ ਰਹੇ ਹਨ। ਡਾਕਟਰ ਪਰਮਜੀਤ ਸਿੰਘ ਮਾਨਸਾ ਦਾ ਕਹਿਣਾ ਹੈ ਕਿ ਰਾਹੁਲ ਗਾਂਧੀ ਤੇ ਬਿਟੂ ਦਾ ਆਪਸੀ ਸਿਆਸੀ ਵਿਵਾਦ ਨਿੱਜੀ ਸੀ, ਪਰ ਭਾਜਪਾ ਨੇ ਇਸ ਨੂੰ ਧਾਰਮਿਕ ਰੰਗ ਦੇ ਕੇ ਸਿੱਖ ਮਸਲਿਆਂ ਤੇ ਧਰਮ ਨੂੰ ਘਸੀਟਿਆ ਹੈ ਜੋ ਕਿ ਨਿੰਦਾਯੋਗ ਕਾਰਵਾਈ ਹੈ।

ਗੰਦੀ ਸਿਆਸਤ ਵਿੱਚ ਸਿੱਖ ਧਰਮ ਤੇ ਸਿੱਖ ਮਸਲਿਆਂ ਨੂੰ ਘਸੀਟਣਾ ਠੀਕ ਨਹੀਂ, ਕਿਉਂਕਿ ਇਹ ਪੁਰਾਣੇ ਜਖਮਾਂ ਨੂੰ ਤਾਜ਼ਾ ਕਰਦਾ ਹੈ। ਉਹਨਾਂ ਕਿਹਾ ਕਿ ਨਾ ਸਿੱਖਾਂ ਨੂੰ ਕਾਂਗਰਸ ਰਾਜ ਸਮੇਂ ਇਨਸਾਫ਼ ਮਿਲਿਆ, ਨਾ ਭਾਜਪਾ ਦੇ ਰਾਜ ਸਮੇਂ।

ਕੈਨੇਡਾ ਤੋ ਸਿੱਖ ਚਿੰਤਕ ਅਮਰੀਕ ਸਿੰਘ ਮੁਕਤਸਰ ਨੇ ਰਵਨੀਤ ਸਿੰਘ ਬਿੱਟੂ ਨੂੰ ਲੈ ਕੇ ਇੱਕ ਤਿੱਖਾ ਬਿਆਨ ਦਿੱਤਾ ਹੈ, ਜਿਸ ਵਿੱਚ ਉਨ੍ਹਾਂ ਕਿਹਾ ਕਿ ਬਿੱਟੂ ਕਿਵੇਂ ਸਿੱਖ ਹੈ ਜਦੋਂ ਉਹ ਬੇਅੰਤ ਸਿੰਘ ਦਾ ਪੋਤਰਾ ਹੈ, ਜਿਸ ਨੇ ਪੰਜਾਬ ਵਿੱਚ ਸਿੱਖਾਂ ਦੀ ਨਸਲਕੁਸ਼ੀ ਕਰਵਾਈ ਸੀ। ਅਮਰੀਕ ਸਿੰਘ ਮੁਕਤਸਰ ਨੇ ਕਿਹਾ ਕਿ ਬਿੱਟੂ ਨੇ ਸਿੱਖ ਮਸਲਿਆਂ ਨੂੰ ਚੁਣੌਤੀ ਦਿੱਤੀ ਹੈ ਤੇ ਹਮੇਸ਼ਾ ਪੰਥ ਵਿਰੁੱਧ ਭੁਗਤਿਆ ਹੈ।

ਪੰਜਾਬ ਕਾਂਗਰਸ ਆਗੂ ਚਰਨਜੀਤ ਸਿੰਘ ਚੰਨੀ ਤੇ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਕਿਹਾ ਕਿ ਰਾਹੁਲ ਨੇ ਬਿੱਟੂ ਨੂੰ ਰਾਜਨੀਤੀ ਵਿੱਚ ਲਿਆਂਦਾ ਸੀ ਅਤੇ ਹੁਣ ਉਹ ਭਾਜਪਾ ਨਾਲ ਬੈਠੇ ਹਨ ਜਿਨ੍ਹਾਂ ਨੂੰ ਪਹਿਲਾਂ ਗਾਲ੍ਹਾਂ ਕੱਢਦੇ ਸਨ। ਭਾਜਪਾ ਨੇ ਗਾਂਧੀ ਪਰਿਵਾਰ ’ਤੇ ਪੰਜਾਬ ਨੂੰ ਦਰਦ ਦੇਣ ਦਾ ਦੋਸ਼ ਲਾਇਆ।

ਇਹ ਵਿਵਾਦ 2027 ਪੰਜਾਬ ਵਿਧਾਨ ਸਭਾ ਚੋਣਾਂ ਨੂੰ ਵੇਖਦੇ ਹੋਏ ਵੱਡਾ ਮੁੱਦਾ ਬਣ ਸਕਦਾ ਹੈ। ਦੋਵੇਂ ਪਾਰਟੀਆਂ ਇਸ ਨੂੰ ਆਪਣੇ ਹੱਕ ਵਿੱਚ ਵਰਤ ਰਹੀਆਂ ਹਨ, ਪਰ ਇਸ ਨਾਲ ਸਿੱਖ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਠੇਸ ਪਹੁੰਚਣ ਦਾ ਖਤਰਾ ਵਧ ਗਿਆ ਹੈ।

# ਫਲਸਫੇ ਅਤੇ ਸਿਧਾਂਤਾਂ ਦੇ ਅਧਾਰਿਤ ਹੁੰਦਾ ਹੈ ਅਕਾਲੀ ਦਲਾਂ ਦਾ ਸਮਝੌਤਾ: ਗਿ. ਹਰਪ੍ਰੀਤ ਸਿੰਘ

## ਸੁਖਬੀਰ ਬਾਦਲ ਨਾਲ ਕਿਸੇ ਵੀ ਤਰ੍ਹਾਂ ਦੇ ਸਮਝੌਤੇ ਤੋਂ ਕੀਤਾ ਇਨਕਾਰ

ਅੰਮ੍ਰਿਤਸਰ/ਏ.ਟੀ.ਨਿਊਜ਼: ਸ਼੍ਰੋਮਣੀ ਅਕਾਲੀ ਦਲ ਪੁਨਰ ਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ 2 ਦਸੰਬਰ 2024 ਦੇ ਜਾਰੀ ਹੋਏ ਹੁਕਮਨਾਮੇ ਦੀ ਰੌਸ਼ਨੀ ਵਿੱਚ ਸੁਖਬੀਰ ਸਿੰਘ ਬਾਦਲ ਦੇ ਅਸਤੀਫ਼ੇ ਬਿਨਾਂ ਉਨ੍ਹਾਂ ਦੀ ਪ੍ਰਧਾਨਗੀ ਹੇਠ ਕਦੇ ਵੀ ਸਮਝੌਤਾ ਨਹੀਂ ਹੋਵੇਗਾ। ਇਥੇ ਪਾਰਟੀ ਦਫਤਰ ਵਿੱਚ ਮੀਡੀਆ ਨਾਲ ਗੱਲਬਾਤ ਕਰਦਿਆਂ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅਕਾਲੀ ਦਲਾਂ ਦਾ ਸਮਝੌਤਾ ਫਲਸਫੇ ਅਤੇ ਸਿਧਾਂਤਾਂ ਦੇ ਅਧਾਰਿਤ ਹੁੰਦਾ ਹੈ ਨਾ ਕਿ ਕਿਸੇ ਵਿਅਕਤੀ ਦੇ ਨਿੱਜੀ ਖਿਆਲਾਂ ਦਾ ਸਮਝੌਤਾ ਹੋਵੇਗਾ।

ਉਨ੍ਹਾਂ ਦੋਸ਼ ਲਾਇਆ ਕਿ ਗੁਰਦੁਆਰਾ ਅੰਬ ਸਾਹਿਬ ਦੇ ਮੈਨੇਜਰ ਰਾਜਿੰਦਰ ਸਿੰਘ ਨੇ ਪਿੰਡ ਸੈਣੀਮਾਜਰਾ ਦੀ 44 ਮਰਲੇ ਜ਼ਮੀਨ ਸ਼੍ਰੋਮਣੀ ਕਮੇਟੀ ਦੇ ਉੱਚ ਅਧਿਕਾਰੀਆਂ ਨਾਲ ਮਿਲੀਭੁਗਤ ਕਰ ਕੇ ਕੌਡੀਆਂ ਦੇ ਭਾਅ ਵੇਚ ਦਿੱਤੀ। ਉਨ੍ਹਾਂ ਕਿਹਾ ਕਿ ਜਿਹੜੇ ਅਧਿਕਾਰੀਆਂ ਨੇ ਚਿੱਠੀ ਜਾਰੀ ਕਰਕੇ ਮੈਨੇਜਰ ਨੂੰ ਅਧਿਕਾਰ ਦਿੱਤੇ




ਸਨ, ਉਨ੍ਹਾਂ ਖ਼ਿਲਾਫ਼ ਵੀ ਕੇਸ ਦਰਜ ਕੀਤਾ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਛੋਟਾ ਮੁਲਾਜ਼ਮ ਬਿਨਾਂ ਸ਼ਹਿ ਤੋਂ ਬੇਸ਼ਕੀਮਤੀ ਜ਼ਮੀਨ ਕੌਡੀਆਂ ਦੇ ਭਾਅ ਨਹੀਂ ਵੇਚ ਸਕਦਾ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਸਾਰੀ ਜ਼ਿੰਮੇਵਾਰੀ ਮੈਨੇਜਰ 'ਤੇ ਸੁੱਟ ਕੇ ਉਸ ਨੂੰ ਸਸਪੈਂਡ ਕਰ ਦਿੱਤਾ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਵਿੱਚ ਕੁਝ ਭ੍ਰਿਸ਼ਟ ਅਧਿਕਾਰੀ ਗੁਰੂ ਘਰਾਂ ਨੂੰ ਦਾਨ ਕੀਤੀਆਂ ਜ਼ਮੀਨ ਵੇਚ ਕੇ ਆਪਣੀਆਂ ਜੇਬਾਂ ਭਰਨ ਲੱਗੇ ਹੋਏ ਹਨ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਪ੍ਰਧਾਨ ਨੂੰ ਬਿਨਾਂ ਸਿਆਸੀ ਦਬਾਅ ਦੇ ਨਿਰਪੱਖ ਜਾਂਚ ਕਰ ਕੇ ਇਸ ਵਿੱਚ ਸ਼ਾਮਲ ਅਧਿਕਾਰੀਆਂ ਖ਼ਿਲਾਫ਼ ਤੁਰੰਤ ਫੌਜਦਾਰੀ ਪਰਚਾ ਦਰਜ ਕਰਵਾ ਦੇ ਜੇਲ੍ਹ ਭੇਜਣਾ ਚਾਹੀਦਾ ਹੈ।

ਉਨ੍ਹਾਂ ਨੇ ਹਰਿਮੰਦਰ ਸਾਹਿਬ ਤੋਂ ਗੁਰਬਾਣੀ ਕੀਰਤਨ ਦਾ ਲਾਈਵ ਪ੍ਰਸਾਰਨ ਕਰਨ ਵਾਲੇ ਚੈਨਲ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਦੋਸ਼ ਲਾਇਆ ਕਿ ਪ੍ਰਬੰਧਕਾਂ ਵੱਲੋਂ ਹੁਣ ਸ਼੍ਰੋਮਣੀ ਕਮੇਟੀ ਨੂੰ ਸਿੱਖਿਆ ਫੰਡ ਲਈ ਕੋਈ ਰਕਮ ਨਹੀਂ ਦਿੱਤੀ ਜਾ ਰਹੀ।

# ਕਿਸੇ ਵੀ ਸਿੱਖ ਵਿਰੋਧੀ ਕਾਰਵਾਈ ਨੂੰ ਚੁਣੌਤੀ ਦਿੱਤੀ ਜਾਵੇ : ਧਾਮੀ

## ਸੀ.ਟੀ.ਈ.ਟੀ. 'ਚ ਸਿੱਖਾਂ ਦੇ ਕੜੇ ਲੁਹਾਉਣਾ 'ਸਿੱਖ ਵਿਰੋਧੀ ਮਾਨਸਿਕਤਾ' ਦੱਸਿਆ

ਅੰਮ੍ਰਿਤਸਰ/ਏ.ਟੀ.ਨਿਊਜ਼: ਕੇਂਦਰੀ ਅਧਿਆਪਕ ਯੋਗਤਾ ਪ੍ਰੀਖਿਆ ਵਿੱਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦਾ ਕਰੜਾ ਨੋਟਿਸ ਲੈਂਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਦੀ ਪੜਤਾਲ ਦੇ ਨਿਰਦੇਸ਼ ਦਿੱਤੇ ਹਨ। ਉਨ੍ਹਾਂ ਆਖਿਆ ਕਿ ਇਹ ਸਿੱਖ ਵਿਰੋਧੀ ਮਾਨਸਿਕਤਾ ਦਾ ਪ੍ਰਗਟਾਵਾ ਹੈ, ਜਿਸ ਨੂੰ ਪ੍ਰਵਾਨ ਨਹੀਂ ਕੀਤਾ ਜਾ ਸਕਦਾ। ਬੀਤੇ ਦਿਨ ਅਧਿਆਪਕ ਯੋਗਤਾ ਪ੍ਰੀਖਿਆ ਲਈ ਬਠਿੰਡਾ ਦੇ ਪਿੰਡ ਭੋਖੜਾ ਵਿਖੇ ਦਿੱਲੀ ਪਬਲਿਕ ਸਕੂਲ 'ਚ ਬਣੇ ਪ੍ਰੀਖਿਆ ਕੇਂਦਰ ਵਿੱਚ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਏ ਜਾਣ ਦਾ ਮਾਮਲਾ ਸਾਹਮਣੇ ਆਇਆ ਸੀ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਜਾਬ ਬਹੁਗਿਣਤੀ ਸਿੱਖ ਵਸੋਂ ਵਾਲਾ ਖਿੱਤਾ ਹੈ, ਜਿਥੇ ਹਰ ਇਕ ਨੂੰ ਇਹ ਪਤਾ ਹੈ ਕਿ ਕੜਾ ਸਿੱਖਾਂ ਦਾ ਅਨਿੱਖੜਵਾਂ ਅੰਗ ਹਨ, ਪਰ ਇਸ ਦੇ ਬਾਵਜੂਦ ਵੀ ਸਿੱਖ ਪ੍ਰੀਖਿਆਰਥੀਆਂ ਦੇ ਕੜੇ ਲੁਹਾਉਣ ਦੀ



ਹਰਕਤ ਮੰਦਭਾਗੀ ਹੈ। ਉਨ੍ਹਾਂ ਆਖਿਆ ਕਿ ਗੁਰੂਆਂ ਦੀ ਧਰਤੀ ਪੰਜਾਬ ਵਿੱਚ ਅਜਿਹੀਆਂ ਹਰਕਤਾਂ ਕਿਸ ਦੇ ਇਸ਼ਾਰੇ 'ਤੇ ਹੋ ਰਹੀਆਂ ਹਨ, ਇਹ ਜਾਂਚ ਦਾ ਵਿਸ਼ਾ ਹੈ। ਕੀ ਪੰਜਾਬ ਸਰਕਾਰ ਇਸ ਨੂੰ ਪ੍ਰਵਾਨਗੀ ਦੇ ਰਹੀ ਹੈ, ਜੇਕਰ ਅਜਿਹਾ ਹੈ ਤਾਂ ਇਸ ਤੋਂ ਦੁਖਦਾਈ ਹੋਰ ਕੀ ਹੋ ਸਕਦਾ ਹੈ।

ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਧਾਮੀ ਨੇ ਕਿਹਾ ਕਿ ਇਸ ਸੰਜੀਦਾ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਨੂੰ ਕਾਰਵਾਈ ਵਾਸਤੇ ਲਿਖਿਆ ਜਾਵੇਗਾ। (ਬਾਕੀ ਸਫ਼ਾ 27 'ਤੇ)

# ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ 'ਚ ਹੋਣਗੀਆਂ ਵੱਡੀਆਂ ਤਬਦੀਲੀਆਂ

ਅੰਮ੍ਰਿਤਸਰ/ਏ.ਟੀ.ਨਿਊਜ਼ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਿੱਚ ਹੋ ਰਹੀਆਂ ਅਨੋਖੀਆਂ ਘਪਲੇਬਾਜ਼ੀਆਂ ਅਤੇ ਆਪਸੀ ਸਾਂਝੇਦਾਰੀਆਂ ਨੂੰ ਖਤਮ ਕਰਨ ਲਈ ਵੱਡੇ ਪੱਧਰ 'ਤੇ ਸਕੱਤਰਾਂ, ਵਧੀਕ ਸਕੱਤਰਾਂ, ਮੀਤ ਸਕੱਤਰਾਂ ਤੇ ਇੰਚਾਰਜਾਂ ਦੇ ਵਿਭਾਗਾਂ ਦੇ ਨਾਲ-ਨਾਲ ਗੁਰਦੁਆਰਾ ਸਾਹਿਬਾਨ ਦੇ ਮੁੱਖ ਮੈਨੇਜਰਾਂ ਦੇ ਤਬਾਦਲੇ ਕਰਨ ਲਈ ਸੂਚੀਬੱਧ ਕੀਤਾ ਜਾ ਰਿਹਾ ਹੈ। ਸੂਤਰਾਂ ਮੁਤਾਬਕ ਗੁਰਦੁਆਰਾ ਸ੍ਰੀ ਅੰਬ ਸਾਹਿਬ ਮੋਹਾਲੀ ਵਿਖੇ ਹੋਏ ਜਾਇਦਾਦ ਦੇ ਅਨੋਖੇ ਘਪਲੇ ਤੋਂ ਬਾਅਦ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੱਲੋਂ ਵੱਡੇ ਪੱਧਰ 'ਤੇ ਸਕੱਤਰਾਂ ਤੇ ਇੰਚਾਰਜਾਂ ਦੇ ਵਿਭਾਗ ਅਤੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਦੀ ਅਦਲਾ-ਬਦਲੀ ਕਰਨ ਲਈ ਲਿਸਟ ਤਿਆਰ ਕੀਤੀ ਜਾ ਰਹੀ ਹੈ। ਜਲਦ ਹੀ ਸਕੱਤਰਾਂ ਤੇ ਇੰਚਾਰਜਾਂ ਦੇ ਵਿਭਾਗਾਂ ਅਤੇ ਗੁਰਦੁਆਰਾ ਸਾਹਿਬਾਨ ਦੇ ਮੈਨੇਜਰਾਂ ਦੇ ਤਬਾਦਲੇ ਕੀਤੇ ਜਾਣਗੇ। ਇਹ ਤਬਾਦਲੇ ਲਗਾਤਾਰ ਇੱਕੋ ਸੀਟ 'ਤੇ ਬੈਠ ਕੇ ਲੰਮਾ ਸਮਾਂ ਬਿਤਾਉਣ ਅਤੇ ਉਸੇ ਸੀਟ 'ਤੇ ਬੈਠ ਕੇ ਕੀਤੀ ਜਾਣ ਵਾਲੀ ਖਰੀਦੋ-ਫਰੋਖਤ, ਪ੍ਰਬੰਧ ਅਤੇ ਸੰਗਤਾਂ ਦੇ ਮਿਲਣ-ਵਰਤਣ ਕਾਰਨ ਬਣ ਰਹੀਆਂ ਨੇੜਤਾਵਾਂ ਨੂੰ ਦੂਰ ਕਰਨ ਦੇ ਮੰਤਵ ਨੂੰ ਸਾਹਮਣੇ ਰੱਖ ਕੇ ਕੀਤੇ ਜਾਣਗੇ। ਇਸ ਮੰਤਵ ਨਾਲ ਜਿੱਥੇ ਗੁਰਦੁਆਰਾ ਸਾਹਿਬਾਨ ਅਤੇ ਹੋਰ ਵਿਭਾਗਾਂ ਵਿੱਚ ਘਪਲੇ ਦੀ ਸੰਭਾਵਨਾ ਨੂੰ ਖ਼ਤਮ ਕੀਤਾ ਜਾਵੇਗਾ, ਉਥੇ ਹੀ ਪ੍ਰਬੰਧ ਨੂੰ ਹੋਰ ਚੁਸਤ-ਦੁਰਸਤ ਵੀ ਕੀਤਾ ਜਾਵੇਗਾ ਜਿਸ ਦੇ ਨਾਲ ਹੀ ਪ੍ਰਬੰਧ ਵਿੱਚ ਹੋਣ ਵਾਲੀਆਂ ਊਣਤਾਈਆਂ ਨੂੰ ਵੀ ਦੂਰ ਕੀਤਾ ਜਾ ਸਕਦਾ ਹੈ।ਦੱਸਣਯੋਗ ਹੈ ਕਿ ਸ਼੍ਰੋਮਣੀ ਕਮੇਟੀ ਵਿੱਚ ਇਸ ਸਮੇਂ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ ਅਤੇ ਉਹਨਾਂ ਦੇ ਓਐੱਸਡੀ ਸਤਬੀਰ ਸਿੰਘ ਤੋਂ ਇਲਾਵਾ ਸ਼੍ਰੋਮਣੀ ਕਮੇਟੀ ਪ੍ਰਧਾਨ ਦੇ ਨਿੱਜੀ ਸਕੱਤਰ ਸ਼ਾਹਬਾਜ ਸਿੰਘ ਕੋਲ ਅਮਲਾ ਵਿਭਾਗ ਹੈ। ਪ੍ਰਤਾਪ ਸਿੰਘ ਕੋਲ ਗੁਰਦੁਆਰਾ ਸੈਕਸ਼ਨ 85 ਅਤੇ ਸਮੁੱਚਾ ਕੰਮ ਮੌਜੂਦ ਹੈ। ਧਰਮ ਪ੍ਰਚਾਰ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ, ਵਧੀਕ ਸਕੱਤਰ ਬੀਜੈ ਸਿੰਘ ਅਤੇ ਮੀਤ ਸਕੱਤਰ ਸੁਖਬੀਰ ਸਿੰਘ ਤੇ ਗੁਰਦਿਆਲ ਸਿੰਘ ਕੰਮ ਦੇਖ ਰਹੇ ਹਨ ਜਦਕਿ ਸ਼੍ਰੋਮਣੀ ਕਮੇਟੀ ਦੇ ਗੁਰਦੁਆਰਾ ਸੈਕਸ਼ਨ 85 ਦੇ ਵਧੀਕ ਸਕੱਤਰ ਗੁਰਿੰਦਰ ਸਿੰਘ ਮੱਥਰੇਵਾਲ ਤੇ ਜਾਇਦਾਦ ਪ੍ਰੀਤਪਾਲ ਸਿੰਘ ਵਧੀਕ ਸਕੱਤਰ ਕੋਲ ਮੌਜੂਦ ਹੈ। ਸ਼੍ਰੋਮਣੀ ਕਮੇਟੀ ਦੇ ਅਕਾਊਂਟ, ਟਰੱਸਟ ਅਤੇ ਵਿੱਦਿਆ ਵਿਭਾਗ ਸੁਖਮਿੰਦਰ ਸਿੰਘ ਕੋਲ ਹਨ, ਜਿਨ੍ਹਾਂ ਨਾਲ ਮੀਤ ਸਕੱਤਰ ਜਸਵਿੰਦਰ ਸਿੰਘ ਲਗਾਏ ਹੋਏ ਹਨ। ਵਧੀਕ ਸਕੱਤਰ ਤਜਿੰਦਰ ਸਿੰਘ ਪੱਡਾ ਕੋਲ ਖੇਡਾਂ, ਮੀਤ ਸਕੱਤਰ ਹਰਭਜਨ ਸਿੰਘ ਵਕਤਾ ਕੋਲ ਇਮਾਰਤੀ ਤੇ ਪਬਲੀਸਿਟੀ, ਗੁਰਨਾਮ ਸਿੰਘ ਕੋਲ ਫਲਾਇੰਗ ਵਿਭਾਗ, ਬਲਦੇਵ ਸਿੰਘ ਖਹਿਰਾਬਾਦ ਕੋਲ ਗੁਰਦੁਆਰਾ ਸੈਕਸ਼ਨ 87, ਮਨਜੀਤ ਸਿੰਘ ਨੂੰ ਪਬਲਿਕਸ਼ਨ ਵਿਭਾਗ ਸੌਂਪਿਆ ਹੋਇਆ ਹੈ ਸ਼੍ਰੋਮਣੀ ਕਮੇਟੀ ਵਿੱਚ ਵੱਖ-ਵੱਖ ਵਿਭਾਗ ਦੀਆਂ ਬ੍ਰਾਂਚਾਂ ਮੌਜੂਦ ਹਨ, ਜਿਨ੍ਹਾਂ ਵਿੱਚ ਇੰਚਾਰਜ, ਸੁਪਰਵਾਈਜ਼ਰ, ਸਹਾਇਕ ਸੁਪਰਵਾਈਜ਼ਰ, ਕੰਪਿਊਟਰ ਓਪਰੇਟਰ, ਕਲੱਰਕ, ਹੈਲਪਰ, ਸੇਵਾਦਾਰ ਆਦਿ ਮੁਲਾਜਮ ਤੈਨਾਤ ਹਨ। (ਬਾਕੀ ਸਫ਼ਾ 27 'ਤੇ)

# ਸ੍ਰੀ ਕਰਤਾਰਪੁਰ ਸਾਹਿਬ ਦਾ ਬੰਦ ਲਾਂਘਾ ਖੋਲ੍ਹਣ ਦੀ ਮੰਗ

## ਸਰਹੱਦ 'ਤੇ ਸਿੱਖ ਸੰਗਤਾਂ ਨੇ ਕੀਤੀ ਅਰਦਾਸ

ਡੇਰਾ ਬਾਬਾ ਨਾਨਕ/ਏ.ਟੀ.ਨਿਊਜ਼: ਭਾਰਤ-ਪਾਕਿਸਤਾਨ ਸਰਹੱਦ 'ਤੇ ਸਥਿਤ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਚਰਨ ਛੋਹ ਪ੍ਰਾਪਤ ਇਤਿਹਾਸਕ ਗੁਰਦੁਆਰਾ ਸ੍ਰੀ ਕਰਤਾਰਪੁਰ ਸਾਹਿਬ ਦੇ ਦਰਸ਼ਨਾਂ ਲਈ ਬੰਦ ਪਏ ਲਾਂਘੇ ਨੂੰ ਮੁੜ ਖੋਲ੍ਹਣ ਵਾਸਤੇ ਬੀਤੇ ਦਿਨ ਵੱਡੀ ਗਿਣਤੀ ਵਿੱਚ 'ਨਾਨਕ ਨਾਮ ਲੇਵਾ' ਸੰਗਤਾਂ ਵੱਲੋਂ ਡੇਰਾ ਬਾਬਾ ਨਾਨਕ ਵਿਖੇ ਅਰਦਾਸ ਕੀਤੀ ਗਈ। ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਪੁੱਜੀਆਂ ਸੰਗਤਾਂ ਨੇ ਦਰਸ਼ਨ ਅਸਥਾਨ 'ਤੇ ਖਲੋ ਕੇ ਪਹਿਲਾਂ 'ਸਤਿਨਾਮ ਵਾਹਿਗੁਰੂ' ਦਾ ਜਾਪ ਕੀਤਾ ਅਤੇ ਫਿਰ ਗੁਰਧਾਮ ਦੇ ਖੁੱਲ੍ਹੇ ਦਰਸ਼ਨ ਦੀਦਾਰਿਆਂ ਲਈ ਜੋਦੜੀ ਕੀਤੀ।

ਇਸ ਦੌਰਾਨ ਉਸ ਸਮੇਂ ਤਣਾਅਪੂਰਨ ਸਥਿਤੀ ਬਣ ਗਈ, ਜਦੋਂ ਸਰਹੱਦ 'ਤੇ ਤਾਇਨਾਤ ਬੀ. ਐੱਸ. ਐੱਫ. ਅਧਿਕਾਰੀਆਂ ਨੇ ਸੰਗਤਾਂ ਨੂੰ ਅਰਦਾਸ ਕਰਨ ਤੋਂ ਰੋਕ ਦਿੱਤਾ। ਇਸ ਮੌਕੇ ਸਿੱਖ ਆਗੂਆਂ ਅਤੇ ਸੁਰੱਖਿਆ ਕਰਮਚਾਰੀਆਂ ਵਿਚਾਲੇ ਕਾਫ਼ੀ ਲੰਮੀ ਅਤੇ ਤਿੱਖੀ ਬਹਿਸ ਹੋਈ। ਅਖ਼ੀਰ ਉੱਚ ਅਧਿਕਾਰੀਆਂ ਦੇ ਦਖ਼ਲ ਤੋਂ ਬਾਅਦ ਸੰਗਤ ਨੂੰ ਅਰਦਾਸ ਦੀ ਆਗਿਆ ਮਿਲੀ ਪਰ ਬੀ.ਐੱਸ.ਐੱਫ. ਦੇ ਇਸ ਅੜੀਅਲ ਵਤੀਰੇ ਕਾਰਨ



ਸ਼ਰਧਾਲੂਆਂ ਵਿੱਚ ਭਾਰੀ ਰੋਸ ਦੇਖਣ ਨੂੰ ਮਿਲਿਆ। ਇਸ ਮੌਕੇ ਮਨਜੀਤ ਸਿੰਘ ਭੋਮਾ (ਚੇਅਰਮੈਨ ਧਰਮ ਪ੍ਰਚਾਰ ਕਮੇਟੀ ਪੰਜਾਬ, ਦਿੱਲੀ ਕਮੇਟੀ), ਸਰਬਜੀਤ ਸਿੰਘ ਜੰਮੂ (ਸਕੱਤਰ ਹਰਿਆਣਾ ਕਮੇਟੀ) ਅਤੇ ਭਾਈ ਸੁਰਿੰਦਰਪਾਲ ਸਿੰਘ ਤਾਲਿਬਪੁਰਾ ਨੇ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਾਹਬਾਜ਼ ਸ਼ਰੀਫ਼ ਨੂੰ ਅਪੀਲ ਕੀਤੀ ਕਿ ਸੰਗਤਾਂ ਦੀਆਂ ਭਾਵਨਾਵਾਂ ਨੂੰ ਸਮਝਦਿਆਂ ਇਹ ਲਾਂਘਾ ਤੁਰੰਤ ਖੋਲ੍ਹਿਆ ਜਾਵੇ।

ਆਗੂਆਂ ਨੇ ਮੰਗ ਕੀਤੀ ਕਿ ਲਾਂਘੇ ਦੇ ਦੋਵੇਂ ਪਾਸੇ ਦੋ-ਦੋ ਕਿਲੋਮੀਟਰ ਦੇ ਘੇਰੇ ਨੂੰ 'ਗੁਰੂ ਨਾਨਕ ਫ਼ਰੀ ਵਪਾਰ ਜ਼ੋਨ' ਐਲਾਨਿਆ ਜਾਵੇ। ਉਨ੍ਹਾਂ ਅਨੁਸਾਰ ਇਸ ਨਾਲ ਨਾ ਸਿਰਫ਼ ਵਪਾਰ ਵਧੇਗਾ, ਸਗੋਂ ਦੋਵਾਂ ਦੇਸ਼ਾਂ ਵਿਚਾਲੇ ਦੁਸ਼ਮਣੀ ਦੀ ਕੜਵਾਹਟ ਘਟੇਗੀ ਅਤੇ ਭਾਈਚਾਰਕ ਸਾਂਝ ਮਜ਼ਬੂਤ ਹੋਵੇਗੀ। ਉਨ੍ਹਾਂ ਕਿਹਾ ਕਿ ਹੁਣ ਜਦੋਂ ਵਾਹਗਾ ਸਰਹੱਦ ਰਾਹੀਂ ਵਪਾਰ ਅਤੇ ਜਥੇ ਸ਼ੁਰੂ ਹੋ ਚੁੱਕੇ ਹਨ, ਤਾਂ ਇਸ ਪਵਿੱਤਰ ਲਾਂਘੇ ਨੂੰ ਬੰਦ ਰੱਖਣਾ ਮੰਦਭਾਗਾ ਹੈ। ਇਸ ਮੌਕੇ ਡਾ. ਦਰਸ਼ਨ ਸਿੰਘ ਗੁੱਜਰਪੁਰਾ, ਭਾਈ ਨਿਸ਼ਾਨ ਸਿੰਘ, ਸ਼ਰਨਜੀਤ ਸਿੰਘ ਕੋਟ ਪਠਾਣਾਂ, ਸੁਖਰਾਜ ਸਿੰਘ ਧਰਦਿਓ, ਮਨਜੋਤ ਸਿੰਘ ਪੁਰੇਵਾਲ ਅਤੇ ਫ਼ੌਜੀ ਕੁਲਵਿੰਦਰ ਸਿੰਘ ਰਮਦਾਸ ਸਮੇਤ ਕਈ ਮੁੱਖ ਸ਼ਖ਼ਸੀਅਤਾਂ ਹਾਜ਼ਰ ਸਨ।

## ਪੰਜਾਬ ਦੇ ਰਾਜਪਾਲ ਕਟਾਰੀਆ ਨੇ ਖਡੂਰ ਸਾਹਿਬ ਮੱਥਾ ਟੇਕਿਆ

ਸ੍ਰੀ ਗੋਇੰਦਵਾਲ ਸਾਹਿਬ/ਏ.ਟੀ.ਨਿਊਜ਼: ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਖਡੂਰ ਸਾਹਿਬ ਵਿਖੇ ਗੁਰਦੁਆਰਾ ਸ੍ਰੀ ਦਰਬਾਰ ਸਾਹਿਬ (ਅੰਗੀਠਾ ਸਾਹਿਬ) ਨਤਮਸਤਕ ਹੋਏ। ਉਨ੍ਹਾਂ ਨੇ ਗੁਰੂ ਚਰਨਾਂ ਵਿੱਚ ਹਾਜ਼ਰੀ ਭਰ ਕੇ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ, ਜਿੱਥੇ ਪ੍ਰਬੰਧਕ ਕਮੇਟੀ ਵੱਲੋਂ ਉਨ੍ਹਾਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਤੋਂ ਬਾਅਦ ਰਾਜਪਾਲ 'ਨਿਸ਼ਾਨ-ਏ-ਸਿੱਖੀ' ਸੰਸਥਾ ਪਹੁੰਚੇ, ਜਿੱਥੇ ਬਾਬਾ ਸੇਵਾ ਸਿੰਘ ਨੇ ਉਨ੍ਹਾਂ ਦਾ ਸਵਾਗਤ ਕੀਤਾ। ਰਾਜਪਾਲ ਨੇ ਉੱਥੇ ਯੂ.ਪੀ.ਐਸ.ਸੀ. ਅਤੇ ਜੇ.ਈ.ਈ. ਵਰਗੀਆਂ ਪ੍ਰੀਖਿਆਵਾਂ ਦੀ ਤਿਆਰੀ ਕਰ ਰਹੇ ਵਿਦਿਆਰਥੀਆਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਨੂੰ ਮਿਹਨਤ ਨਾਲ ਜੀਵਨ ਵਿੱਚ ਅੱਗੇ ਵਧਣ ਦੀ ਪ੍ਰੇਰਨਾ ਦਿੱਤੀ।

ਰਾਜਪਾਲ ਨੇ ਸੰਸਥਾ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਅਜਿਹੇ ਉਪਰਾਲੇ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਅਤੇ ਨੌਜਵਾਨਾਂ ਨੂੰ ਸਹੀ ਰਾਹ ਦਿਖਾਉਣ ਵਿੱਚ ਬਹੁਤ ਮਦਦਗਾਰ ਹਨ। ਇਸ ਮੌਕੇ ਉਨ੍ਹਾਂ ਨੇ ਵਾਤਾਵਰਣ ਦੀ ਸੰਭਾਲ ਦਾ ਸੁਨੇਹਾ ਦਿੰਦਿਆਂ ਸੰਸਥਾ ਵਿੱਚ ਅੰਬ ਦਾ ਬੂਟਾ ਵੀ ਲਗਾਇਆ।

# ਸ੍ਰੀ ਦਰਬਾਰ ਸਾਹਿਬ ਦੇ ਸੇਵਾਦਾਰਾਂ ਦੀ ਵਰਦੀ ਬਦਲੀ

ਅੰਮ੍ਰਿਤਸਰ/ਏ. ਟੀ. ਨਿਊਜ਼: ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀ ਮਰਿਆਦਾ, ਰਵਾਇਤ ਅਤੇ ਸੇਵਾ ਪ੍ਰਣਾਲੀ ਨੂੰ ਹੋਰ ਸੁਚੱਜਾ ਅਤੇ ਦਰਸ਼ਨਿਕ ਬਣਾਉਣ ਦੇ ਉਦੇਸ਼ ਨਾਲ ਸ੍ਰੀ



ਦਰਬਾਰ ਸਾਹਿਬ ਦੇ ਸੁਰੱਖਿਆ ਸੇਵਾ ਦਲ ਦੇ ਸੇਵਾਦਾਰਾਂ ਦੀ ਵਰਦੀ ਵਿੱਚ ਅਹਿਮ ਅਤੇ ਜ਼ਰੂਰੀ ਬਦਲਾਅ ਕੀਤੇ ਗਏ ਹਨ। ਇਸ ਨਵੇਂ ਫੈਸਲੇ ਤਹਿਤ ਹੁਣ ਸ੍ਰੀ ਦਰਬਾਰ ਸਾਹਿਬ ਵਿਖੇ ਤਾਇਨਾਤ ਸੇਵਾਦਾਰ ਦੋ ਵੱਖ-ਵੱਖ ਰੰਗਾਂ-ਪੀਲ਼ੀ ਅਤੇ ਗੂੜ੍ਹੇ ਨੀਲੇ ਰੰਗ ਦੀ ਵਰਦੀ ਵਿੱਚ ਨਜ਼ਰ ਆਉਣਗੇ। ਪ੍ਰਾਪਤ ਹੋਈ ਜਾਣਕਾਰੀ ਅਨੁਸਾਰ ਸੇਵਾਦਾਰ ਹਫ਼ਤੇ ਵਿੱਚ ਦੋ-ਦੋ ਦਿਨ ਵਾਰੀ ਸਿਰ ਇਹ ਵਰਦੀਆਂ ਪਹਿਨਣਗੇ।

ਨਵੀਂ ਪ੍ਰਬੰਧਾਂ ਅਨੁਸਾਰ ਜਦੋਂ ਸੇਵਾਦਾਰ ਪੀਲ਼ੀ ਵਰਦੀ ਪਹਿਨਣਗੇ ਤਾਂ ਉਨ੍ਹਾਂ ਦੀ ਦਸਤਾਰ ਨੀਲੇ ਰੰਗ ਦੀ ਹੋਵੇਗੀ ਅਤੇ ਜਦੋਂ ਵਰਦੀ ਨੀਲੀ ਹੋਵੇਗੀ ਤਾਂ ਦਸਤਾਰ ਪੀਲ਼ੇ ਰੰਗ ਦੀ ਪਹਿਨੀ ਜਾਵੇਗੀ। ਇਸ ਰੰਗੀਨ ਸੰਯੋਗ ਨਾਲ ਸੇਵਾਦਾਰਾਂ ਦੀ ਪਛਾਣ ਸਾਫ਼ ਹੋਣ ਦੇ ਨਾਲ-ਨਾਲ ਦਰਸ਼ਨਿਕ ਸੁੰਦਰਤਾ ਵਿੱਚ ਵੀ ਵਾਧਾ ਹੋਵੇਗਾ। ਵਰਦੀ ਦੇ ਦੋਵੇਂ ਮੋਢਿਆਂ ਉੱਤੇ ਖੰਡਿਆਂ ਦੀ ਕਢਾਈ ਕੀਤੀ ਗਈ ਹੈ, ਜੋ ਸਿੱਖੀ ਦੀ ਸ਼ਾਨ ਅਤੇ ਪਛਾਣ ਨੂੰ ਦਰਸਾਉਂਦੀ ਹੈ।

ਇਸ ਤੋਂ ਇਲਾਵਾ ਛਾਤੀ ਉੱਤੇ ਸਾਫ਼ ਅੱਖਰਾਂ ਵਿੱਚ 'ਸ੍ਰੀ ਦਰਬਾਰ ਸਾਹਿਬ ਸ੍ਰੀ ਅੰਮ੍ਰਿਤਸਰ' ਲਿਖਿਆ ਗਿਆ ਹੈ। ਸੇਵਾਦਾਰ ਚਿੱਟੇ ਰੰਗ ਦਾ ਹਜ਼ੂਰੀਆ ਵੀ ਪਹਿਨਣਗੇ, ਜੋ ਮਰਿਆਦਾ ਅਤੇ ਪਵਿੱਤਰਤਾ ਦਾ ਪ੍ਰਤੀਕ ਹੈ। ਇਸ ਦੇ ਨਾਲ ਹੀ ਸੇਵਾਦਾਰਾਂ ਨੂੰ ਕਮਰਕੱਸੇ ਵਜੋਂ ਕੱਪੜੇ ਦੀਆਂ ਵਿਸ਼ੇਸ਼ ਬੈਲਟਾਂ ਅਤੇ ਦਸਤਾਰਾਂ ਉੱਤੇ ਸਜਾਉਣ ਲਈ ਖੰਡੇ ਵੀ ਦਿੱਤੇ ਜਾਣਗੇ। ਨਵੀਂ ਵਰਦੀ ਸੇਵਾਦਾਰਾਂ ਨੂੰ ਪਹਿਲਾਂ ਨਾਲੋਂ ਹੋਰ ਅਨੁਸ਼ਾਸਿਤ, ਪ੍ਰਭਾਵਸ਼ਾਲੀ ਅਤੇ ਦਰਸ਼ਨਿਕ ਰੂਪ ਵਿਚ ਪੇਸ਼ ਕਰੇਗੀ।

ਕੌਮਾਂਤਰੀ ਅੰਮ੍ਰਿਤਸਰ ਟਾਈਮਜ਼
QUOMANTRY AMRITSAR TIMES

## ਸੰਪਾਦਕੀ

# ਵਿਦੇਸ਼ਾਂ 'ਚ ਭਾਰਤੀ ਨੌਜਵਾਨਾਂ ਦੀਆਂ ਮੌਤਾਂ ਚਿੰਤਾਜਨਕ

ਹਰ ਦਿਨ ਕਿਸੇ ਨਾ ਕਿਸੇ ਦੇਸ਼ ਵਿੱਚ ਭਾਰਤੀ ਨੌਜਵਾਨਾਂ ਦੀ ਕਿਸੇ ਕਾਰਨ ਮੌਤਾਂ ਹੋਣ ਦੀਆਂ ਖ਼ਬਰਾਂ ਆ ਰਹੀਆਂ ਹਨ। ਜ਼ਿਆਦਾਤਰ ਭਾਰਤੀ ਨੌਜਵਾਨ ਜਿਥੇ ਵਿਦੇਸ਼ਾਂ ਵਿੱਚ ਹਿੰਸਾ ਦਾ ਸ਼ਿਕਾਰ ਹੋ ਰਹੇ ਹਨ, ਉਥੇ ਦਿਲ ਦੇ ਦੌਰੇ ਅਤੇ ਅਣਪਛਾਤੇ ਸਿਹਤ ਕਾਰਨਾਂ ਕਾਰਨ ਵੀ ਵਿਦੇਸ਼ਾਂ ਵਿੱਚ ਅਨੇਕਾਂ ਭਾਰਤੀ ਨੌਜਵਾਨਾਂ ਦੀਆਂ ਮੌਤਾਂ ਹੋ ਰਹੀਆਂ ਹਨ, ਜੋ ਕਿ ਚਿੰਤਤ ਸਥਿਤੀ ਪੈਦਾ ਕਰ ਰਹੀਆਂ ਹਨ। ਹੁਣ ਭਾਰਤ ਸਰਕਾਰ ਨੇ ਵਿਦੇਸ਼ ਵਿੱਚ, ਖਾਸ ਕਰਕੇ ਕੈਨੇਡਾ ਵਿੱਚ ਭਾਰਤੀ ਵਿਦਿਆਰਥੀਆਂ ਦੀ ਮੌਤ ਦੇ ਅੰਕੜੇ ਸਾਂਝੇ ਕਰਦਿਆਂ ਚਿੰਤਾ ਪ੍ਰਗਟਾਈ ਹੈ। ਲੰਘੇ ਦਿਨੀਂ ਵਿਦੇਸ਼ ਰਾਜ ਮੰਤਰੀ ਕੀਰਤੀ ਵਰਧਨ ਸਿੰਘ ਨੇ ਸੰਸਦ ਵਿੱਚ ਦੱਸਿਆ ਹੈ ਕਿ ਸਾਲ 2018 ਤੋਂ 2025 ਵਿਚਕਾਰ ਇਕੱਲੇ ਕੈਨੇਡਾ ਵਿੱਚ ਹੀ 17 ਭਾਰਤੀ ਵਿਦਿਆਰਥੀਆਂ ਦੀ ਜਾਨ ਚਲੀ ਗਈ। ਇਹ ਸਾਰੇ ਵਿਦਿਆਰਥੀ ਵੱਖ-ਵੱਖ ਹਿੰਸਕ ਹਮਲਿਆਂ ਦਾ ਸ਼ਿਕਾਰ ਹੋਏ ਸਨ।

ਵਿਦੇਸ਼ ਰਾਜ ਮੰਤਰੀ ਨੇ ਸੰਸਦ ਮੈਂਬਰ ਅਸਦੁਦੀਨ ਓਵੈਸੀ ਵੱਲੋਂ ਪੁੱਛੇ ਗਏ ਇੱਕ ਸਵਾਲ ਦੇ ਲਿਖਤੀ ਜਵਾਬ ਵਿੱਚ ਇਹ ਜਾਣਕਾਰੀ ਦਿੱਤੀ ਹੈ। ਸਰਕਾਰ ਵੱਲੋਂ ਦਿੱਤੀ ਗਈ ਜਾਣਕਾਰੀ ਮੁਤਾਬਕ ਸਿਰਫ਼ ਕੈਨੇਡਾ ਹੀ ਨਹੀਂ ਸਗੋਂ ਹੋਰ ਦੇਸ਼ਾਂ ਵਿੱਚ ਵੀ ਭਾਰਤੀ ਨਾਗਰਿਕ ਹਿੰਸਾ ਦਾ ਸ਼ਿਕਾਰ ਹੋਏ ਹਨ। ਸਰਕਾਰ ਅਨੁਸਾਰ ਕੈਨੇਡਾ ਵਿੱਚ 17 ਮੌਤਾਂ, ਅਮਰੀਕਾ ਵਿੱਚ 9 ਮੌਤਾਂ, ਆਸਟ੍ਰੇਲੀਆ ਵਿੱਚ 3 ਮੌਤਾਂ, ਕਿਰਗਿਸਤਾਨ ਵਿੱਚ 2 ਮੌਤਾਂ, ਬ੍ਰਿਟੇਨ, ਚੀਨ, ਡੈਨਮਾਰਕ, ਜਰਮਨੀ ਅਤੇ ਗ੍ਰੇਨਾਡਾ ਵਿੱਚ 1-1 ਭਾਰਤੀ ਨਾਗਰਿਕ ਦੀ ਮੌਤ ਹੋਈ ਹੈ।

ਸਾਲ 2024 ਦੇ ਫਰਵਰੀ ਮਹੀਨੇ ਦੀ ਸ਼ੁਰੂਆਤ ਵਿੱਚ ਵੀ ਭਾਰਤ ਸਰਕਾਰ ਨੇ ਸਾਲ 2018 ਤੋਂ ਲੈ ਕੇ 1 ਫਰਵਰੀ 2024 ਤੱਕ ਵੱਖ-ਵੱਖ ਕਾਰਨਾਂ ਕਰਕੇ ਹੋਈਆਂ ਵਿਦੇਸ਼ਾਂ 'ਚ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਦਾ ਵੇਰਵਾ ਦਿੱਤਾ ਸੀ। ਉਸ ਸਮੇਂ ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਕਿਹਾ ਸੀ ਕਿ ਪਿਛਲੇ 5 ਸਾਲਾਂ ਵਿੱਚ ਵੱਖ-ਵੱਖ ਕਾਰਨਾਂ ਕਰਕੇ 403 ਭਾਰਤੀ ਵਿਦਿਆਰਥੀਆਂ ਦੀ ਵਿਦੇਸ਼ਾਂ ਵਿੱਚ ਮੌਤ ਹੋ ਚੁੱਕੀ ਸੀ। ਉਸ ਸਮੇਂ ਐਸ ਜੈਸ਼ੰਕਰ ਨੇ ਲੋਕ ਸਭਾ ਨੂੰ ਦੱਸਿਆ ਸੀ ਕਿ 2018 ਤੋਂ ਲੈ ਕੇ ਫਰਵਰੀ 2024 ਤੱਕ ਕੁਦਰਤੀ ਕਾਰਨਾਂ, ਹਾਦਸਿਆਂ ਅਤੇ ਡਾਕਟਰੀ ਸਥਿਤੀਆਂ ਸਮੇਤ ਵੱਖ-ਵੱਖ ਕਾਰਨਾਂ ਕਰਕੇ ਵਿਦੇਸ਼ਾਂ ਵਿੱਚ ਭਾਰਤੀ ਵਿਦਿਆਰਥੀਆਂ ਦੀਆਂ ਮੌਤਾਂ ਦੀਆਂ ਕੁੱਲ 403 ਘਟਨਾਵਾਂ ਦਰਜ ਕੀਤੀਆਂ ਗਈਆਂ ਸਨ, ਜਿਨ੍ਹਾਂ ਵਿੱਚ ਕੈਨੇਡਾ 91 ਮਾਮਲਿਆਂ ਨਾਲ ਸਿਖਰ 'ਤੇ ਸੀ। ਇਸ ਤੋਂ ਬਾਅਦ ਬ੍ਰਿਟੇਨ ਵਿੱਚ 48 ਮਾਮਲੇ, ਰੂਸ ਵਿੱਚ 40, ਅਮਰੀਕਾ ਵਿੱਚ 36, ਆਸਟ੍ਰੇਲੀਆ ਵਿੱਚ 35, ਯੂਕ੍ਰੇਨ ਵਿੱਚ 21 ਅਤੇ ਜਰਮਨੀ ਵਿੱਚ 20 ਭਾਰਤੀ ਵਿਦਿਆਰਥੀਆਂ ਦੀ ਮੌਤ ਹੋ ਗਈ ਸੀ। ਉਸ ਸਮੇਂ ਜਾਰੀ ਅੰਕੜਿਆਂ ਅਨੁਸਾਰ ਸਾਈਪ੍ਰਸ ਵਿੱਚ 14, ਫਿਲੀਪੀਨਜ਼ ਅਤੇ ਇਟਲੀ ਵਿੱਚ 10-10 ਅਤੇ ਕਤਰ, ਚੀਨ ਅਤੇ ਕਿਰਗਿਸਤਾਨ ਵਿੱਚ 9-9 ਭਾਰਤੀ ਵਿਦਿਆਰਥੀਆਂ ਦੀ ਮੌਤ ਹੋਈ ਸੀ। ਸਾਰੇ ਦੇਸ਼ਾਂ ਵਿੱਚ ਮੌਤਾਂ ਦੇ ਵੱਖ-ਵੱਖ ਕਾਰਨ ਸਨ।

ਇਹ ਤਾਂ ਭਾਰਤ ਸਰਕਾਰ ਵੱਲੋਂ ਜਾਰੀ ਕੀਤੇ ਗਏ ਅੰਕੜੇ ਹਨ, ਪਰ ਕਿਹਾ ਜਾ ਰਿਹਾ ਹੈ ਕਿ ਵਿਦੇਸ਼ਾਂ ਵਿੱਚ ਇਸ ਤੋਂ ਕਾਫ਼ੀ ਵਧੇਰੇ ਭਾਰਤੀ ਵਿਦਿਆਰਥੀਆਂ ਦੀ ਮੌਤਾਂ ਵਿਦੇਸ਼ਾਂ ਵਿੱਚ ਹੁਣ ਤੱਕ ਹੋ ਚੁੱਕੀਆਂ ਹਨ। ਦੁੱਖ ਇਸ ਗੱਲ ਦਾ ਹੈ ਕਿ ਵਿਦੇਸ਼ਾਂ ਵਿੱਚ ਵੱਖ- ਵੱਖ ਕਾਰਨਾਂ ਕਰਕੇ ਮਾਰੇ ਗਏ ਕਈ ਨੌਜਵਾਨਾਂ ਆਪਣੇ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਵਿਦੇਸ਼ਾਂ ਵਿੱਚ ਮਾਰੇ ਗਏ ਭਾਰਤੀ ਨੌਜਵਾਨਾਂ ਵਿਚੋਂ ਵੱਡੀ ਗਿਣਤੀ ਨੌਜਵਾਨ ਕਰਜ਼ਾ ਲੈ ਕੇ ਵਿਦੇਸ਼ ਗਏ ਸਨ। ਉਹਨਾਂ ਦੀ ਮੌਤ ਹੋਣ ਨਾਲ ਉਹਨਾਂ ਦੇ ਪਰਿਵਾਰਾਂ 'ਤੇ ਦੁੱਖਾਂ ਦਾ ਪਹਾੜ ਟੁੱਟ ਪਿਆ ਹੈ। ਇੱਕ ਪਾਸੇ ਜਵਾਨ ਪੁੱਤਰਾਂ ਦੀ ਮੌਤ ਹੋ ਗਈ ਹੈ, ਦੂਜੇ ਪਾਸੇ ਕਰਜ਼ਾ ਦੇਣ ਵਾਲੇ ਆਪਣਾ ਕਰਜ਼ਾ ਵਾਪਸ ਮੰਗਣ ਲਈ ਦਬਾਓ ਪਾ ਰਹੇ ਹਨ, ਜਿਸ ਕਾਰਨ ਅਜਿਹੇ ਮਾਪਿਆਂ ਨੂੰ ਦੂਹਰੀ ਮਾਰ ਪੈ ਰਹੀ ਹੈ। ਰੁਜ਼ਗਾਰ ਅਤੇ ਚੰਗੇਰੇ ਭਵਿੱਖ ਖਾਤਰ ਭਾਰਤ ਤੋਂ ਵੱਡੀ ਗਿਣਤੀ ਨੌਜਵਾਨ ਹਰ ਸਾਲ ਵਿਦੇਸ਼ ਜਾਂਦੇ ਹਨ, ਜਿਨ੍ਹਾਂ ਵਿਚੋਂ ਅਨੇਕਾਂ ਨੌਜਵਾਨ ਉਥੇ ਸਖ਼ਤ ਮਿਹਨਤ ਕਰਨ ਨਾਲ ਸਫ਼ਲ ਹੋ ਜਾਂਦੇ ਹਨ ਜਦੋਂ ਕਿ ਕਈ ਨੌਜਵਾਨ ਮੌਸਮ ਅਤੇ ਹੋਰ ਕਈ ਕਾਰਨਾਂ ਕਾਰਨ ਮੌਤ ਦੇ ਮੂੰਹ ਵਿੱਚ ਚਲੇ ਜਾਂਦੇ ਹਨ। ਇਸ ਤੋਂ ਇਲਾਵਾ ਅਮਰੀਕਾ, ਕੈਨੇਡਾ ਅਤੇ ਹੋਰ ਮੁਲਕਾਂ ਨੂੰ ਡੰਕੀ ਲਗਾ ਕੇ ਵੀ ਵੱਡੀ ਗਿਣਤੀ ਭਾਰਤੀ ਨੌਜਵਾਨ ਜਾਂਦੇ ਹਨ, ਜਿਨ੍ਹਾਂ ਨਾਲ ਰਸਤੇ ਵਿੱਚ ਕਈ ਜਾਨਲੇਵਾ ਹਾਦਸੇ ਵਾਪਰ ਜਾਂਦੇ ਹਨ ਜਿਨ੍ਹਾਂ ਵਿੱਚ ਉਹਨਾਂ ਦੀ ਮੌਤ ਹੋ ਜਾਂਦੀ ਹੈ।

ਕੁਝ ਮਾਹਿਰ ਕਹਿੰਦੇ ਹਨ ਕਿ ਵਿਦੇਸ਼ਾਂ ਅਤੇ ਭਾਰਤ ਦੇ ਮੌਸਮ ਵਿਚਾਲੇ ਵੱਡਾ ਅੰਤਰ ਹੁੰਦਾ ਹੈ। ਆਸਟ੍ਰੇਲੀਆ ਅਤੇ ਹੋਰ ਮੁਲਕਾਂ ਵਿੱਚ ਤਾਂ ਭਾਰਤ ਤੋਂ ਬਿਲਕੁਲ ਉਲਟ ਮੌਸਮ ਹੁੰਦਾ ਹੈ। ਭਾਰਤ ਵਿੱਚ ਇਸ ਸਮੇਂ ਕੜਾਕੇ ਦੀ ਠੰਡ ਪੈ ਰਹੀ ਹੈ ਜਦੋਂ ਕਿ ਆਸਟ੍ਰੇਲੀਆ ਵਿੱਚ ਇਸ ਸਮੇਂ ਪੂਰੀ ਗਰਮੀ ਵਾਲਾ ਮੌਸਮ ਹੈ। ਇਸੇ ਤਰ੍ਹਾਂ ਹੋਰ ਮੁਲਕਾਂ ਦੇ ਮੌਸਮ ਵੀ ਭਾਰਤ ਦੇ ਮੌਸਮ ਨਾਲ ਮੇਲ ਨਹੀਂ ਖਾਂਦੇ। ਇਸ ਤੋਂ ਇਲਾਵਾ ਕੈਨੇਡਾ ਤੇ ਅਮਰੀਕਾ ਵਰਗੇ ਦੇਸ਼ਾਂ ਵਿੱਚ ਸਿਆਲ ਰੁੱਤ ਦੌਰਾਨ ਬਹੁਤ ਠੰਡ ਪੈਂਦੀ ਹੈ, ਜਿਸ ਕਾਰਨ ਇਹ ਕੜਾਕੇ ਦੀ ਠੰਡ ਭਾਰਤੀ ਨੌਜਵਾਨਾਂ ਤੋਂ ਸਹਿਣ ਨਹੀਂ ਹੁੰਦੀ, ਜਿਸ ਕਾਰਨ ਕੁਝ ਨੌਜਵਾਨ ਬਿਮਾਰ ਹੋ ਜਾਂਦੇ ਹਨ ਤੇ ਕੁਝ ਦੀ ਮੌਤ ਹੋ ਜਾਂਦੀ ਹੈ। ਜਦੋਂ ਭਾਰਤ ਤੋਂ ਉਲਟ ਮੌਸਮ ਵਾਲੇ ਦੇਸ਼ਾਂ ਵਿੱਚ ਭਾਰਤੀ ਨੌਜਵਾਨ ਜਾਂਦੇ ਹਨ ਤਾਂ ਜਾਣਕਾਰੀ ਅਤੇ ਜਾਗਰੂਕਤਾ ਦੀ ਘਾਟ ਕਾਰਨ ਅਕਸਰ ਉਹ ਗਰਮ- ਸਰਦ ਹੋ ਜਾਂਦੇ ਹਨ ਅਤੇ ਉਹਨਾਂ ਦਾ ਸਰੀਰ ਵਿਦੇਸ਼ਾਂ ਦੇ ਮੌਸਮ ਦਾ ਮੁਕਾਬਲਾ ਨਹੀਂ ਕਰ ਪਾਉਂਦਾ ਜਿਸ ਦੇ ਨਤੀਜੇ ਵਜੋਂ ਉਹ ਬਿਮਾਰ ਹੋ ਜਾਂਦੇ ਹਨ ਜਾਂ ਉਹਨਾਂ ਨੂੰ ਦਿਲ ਦਾ ਦੌਰਾ ਪੈ ਜਾਂਦਾ ਹੈ। ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਮਹਿੰਗਾਈ, ਰਿਹਾਇਸ਼ੀ ਦੀ ਘਾਟ, ਰੁਜ਼ਗਾਰ ਨਾ ਮਿਲਣ, ਕਰਜ਼ੇ ਦੀਆਂ ਕਿਸ਼ਤਾਂ ਉਤਾਰਨ ਦੀ ਚਿੰਤਾ ਕਾਰਨ ਵੀ ਅਨੇਕਾਂ ਨੌਜਵਾਨ ਤਨਾਓ ਵਿੱਚ ਰਹਿੰਦੇ ਹਨ, ਜੋ ਕਿ ਉਹਨਾਂ ਲਈ ਜਾਨਲੇਵਾ ਹੋ ਜਾਂਦਾ ਹੈ। ਭਾਰਤ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਵਿਦੇਸ਼ਾਂ ਵਿੱਚ ਗਏ ਭਾਰਤੀ ਵਿਦਿਆਰਥੀਆਂ ਦੀ ਸੁਰੱਖਿਆ ਲਈ ਯਤਨ ਕਰੇ। ਦੂਜੇ ਪਾਸੇ ਮਾਪਿਆਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਬੱਚਿਆਂ ਨੂੰ ਵਿਦੇਸ਼ ਜਾਣ ਦੀ ਥਾਂ ਭਾਰਤ ਅੰਦਰ ਹੀ ਚੰਗੇਰੀ ਤੇ ਉਚੇਰੀ ਪੜ੍ਹਾਈ ਅਤੇ ਆਪਣੇ ਦੇਸ਼ ਅੰਦਰ ਹੀ ਕੋਈ ਰੁਜ਼ਗਾਰ ਚਲਾਉਣ ਲਈ ਪ੍ਰੇਰਿਤ ਕਰਨ।

# ਟਕਰਾਅ ਦੇ ਰਾਹ 'ਤੇ ਕਿਉਂ ਪਏ ਅਮਰੀਕਾ ਤੇ ਯੂਰਪ

ਮੁਖ਼ਤਾਰ ਗਿੱਲ



ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪਿਛਲੇ ਦਿਨੀਂ ਦਾਵੋਸ ਵਿੱਚ ਵਿਸ਼ਵ ਆਰਥਿਕ ਫੋਰਮ ਦੀ ਸਾਲਾਨਾ ਮੀਟਿੰਗ ਵਿੱਚ ਆਪਣੇ ਸੰਬੋਧਨ ਵਿੱਚ ਕਿਹਾ ਕਿ ਉਹ ਗ੍ਰੀਨਲੈਂਡ ਨੂੰ ਹਾਸਲ ਕਰਨ ਲਈ ਤਾਕਤ ਦੀ ਵਰਤੋਂ ਨਹੀਂ ਕਰਨਗੇ। ਟਰੰਪ ਨੇ ਕਿਹਾ ਉਨ੍ਹਾਂ ਨੂੰ ਰਣਨੀਤਕ ਕਾਰਨਾਂ ਕਰਕੇ ਗ੍ਰੀਨਲੈਂਡ ਦੀ ਲੋੜ ਹੈ। 'ਸਾਨੂੰ ਵਿਸ਼ਵ ਦੀ ਰੱਖਿਆ ਲਈ ਹਿਮਖੰਡ ਦਾ ਇੱਕ ਟੁਕੜਾ ਚਾਹੀਦਾ ਹੈ, ਉਹ ਇਸ ਨੂੰ ਨਹੀਂ ਦੇਣਗੇ। ਡੈਨਮਾਰਕ ਅਹਿਸਾਨ-ਫਰਾਮੋਸ਼ ਦੇਸ਼ ਹੈ। ਕੈਨੇਡਾ ਸਾਡੇ 'ਤੇ ਨਿਰਭਰ ਹੈ। ਅਮਰੀਕੀ ਰਾਸ਼ਟਰਪਤੀ ਨੇ ਕਿਹਾ ਕਿ ਯੂਰਪੀ ਸੰਘ ਸਹੀ ਦਿਸ਼ਾ 'ਚ ਨਹੀਂ ਜਾ ਰਿਹਾ ਹੈ। ਉਨ੍ਹਾਂ ਨੇ ਤਤਕਾਲ ਗੱਲਬਾਤ ਦਾ ਪ੍ਰਸਤਾਵ ਰੱਖਿਆ। ਓਧਰ ਪਿਛਲੇ ਕੁਝ ਦਿਨਾਂ ਤੋਂ ਗ੍ਰੀਨਲੈਂਡ ਨੂੰ ਲੈ ਕੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਧਮਕੀਆਂ ਤੋਂ ਚਿੰਤਤ ਯੂਰਪੀ ਸੰਘ ਅਮਰੀਕਾ ਖ਼ਿਲਾਫ਼ ਜਵਾਬੀ ਕਾਰਵਾਈ 'ਤੇ ਵਿਚਾਰ ਕਰ ਸਕਦਾ ਹੈ। ਉਹ ਅਮਰੀਕੀ ਸਾਮਾਨ 'ਤੇ ਭਾਰੀ ਟੈਰਿਫ ਨੂੰ ਲੈ ਕੇ ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਂ ਦੇ ਸੁਝਾਏ ਗਏ ਤਰੀਕਿਆਂ ਨੂੰ ਅਪਣਾ ਸਕਦਾ ਹੈ।

ਮੈਕਰੋਂ 'ਐਂਟੀ ਕੋਸਿਅਨ ਇੰਸਟੂਮੇਟ' (ਏਸੀਆਈ) ਨੂੰ ਲਾਗੂ ਕਰਨ ਦਾ ਸੁਝਾਅ ਦੇ ਰਹੇ ਹਨ। ਇਸ ਤਰ੍ਹਾਂ ਈਯੂ ਵੱਲੋਂ ਅਮਰੀਕੀ ਕਾਰੋਬਾਰੀਆਂ ਜਾਂ ਸੰਸਥਾਵਾਂ 'ਤੇ ਪਾਬੰਦੀਆਂ ਲਗਾਈਆਂ ਜਾ ਸਕਦੀਆਂ ਹਨ। ਇਨ੍ਹਾਂ ਪਾਬੰਦੀਆਂ ਨਾਲ ਯੂਰਪੀ ਸੰਘ ਦੇ ਬਾਜ਼ਾਰਾਂ ਤੱਕ ਅਮਰੀਕੀ ਕੰਪਨੀਆਂ ਦੀ ਪਹੁੰਚ ਸੀਮਤ ਹੋ ਸਕਦੀ ਹੈ। ਪਿਛਲੇ ਦਿਨੀਂ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਗ੍ਰੀਨਲੈਂਡ ਨੂੰ ਕਬਜ਼ੇ ਵਿਚ ਲੈਣ ਦੀ ਦਿੱਤੀ ਧਮਕੀ ਦਿੱਤੀ ਸੀ ਜਿਸ ਦਾ ਵਿਆਪਕ ਵਿਰੋਧ ਹੋਇਆ ਹੈ। ਖ਼ਾਸ ਕਰਕੇ ਯੂਰਪੀ ਯੂਨੀਅਨ ਦੇ ਦੇਸ਼ਾਂ ਡੈਨਮਾਰਕ, ਫਰਾਂਸ, ਜਰਮਨੀ ਆਦਿ ਵੱਲੋਂ ਧਮਕੀ ਨੂੰ ਨਕਾਰਿਆ ਗਿਆ ਹੈ। ਡੈਨਮਾਰਕ ਦੇ ਪ੍ਰਧਾਨ ਮੰਤਰੀ ਮੈਟ ਟਰੈਡ ਰਿਕਸਨ ਨੇ ਚਿਤਾਵਨੀ ਦਿੱਤੀ ਕਿ ਜੇ ਅਮਰੀਕਾ ਨੇ ਗ੍ਰੀਨਲੈਂਡ 'ਤੇ ਕਬਜ਼ਾ ਕਰ ਲਿਆ ਤਾਂ ਨਾਟੋ ਦੇ ਖ਼ਾਤਮੇ ਦੀ ਸ਼ੁਰੂਆਤ ਹੋ ਜਾਵੇਗੀ।

ਟਰੰਪ ਨੇ ਫਿਰ ਦਾਅਵਾ ਕੀਤਾ ਕਿ ਅਸੀਂ ਹਰ ਕੀਮਤ 'ਤੇ ਗ੍ਰੀਨਲੈਂਡ ਨੂੰ ਕਬਜ਼ੇ 'ਚ ਲਵਾਂਗੇ। ਜੇ ਅਸੀਂ ਕਬਜ਼ਾ ਨਹੀਂ ਕਰਾਂਗੇ ਤਾਂ ਰੂਸ ਤੇ ਚੀਨ ਕਰ ਲੈਣਗੇ। ਇਸ ਦੌਰਾਨ ਯੂਰਪੀ ਫ਼ੌਜਾਂ ਗ੍ਰੀਨਲੈਂਡ ਪਹੁੰਚਣੀਆਂ ਸ਼ੁਰੂ ਹੋ ਗਈਆਂ ਹਨ। ਡੈਨਮਾਰਕ, ਗ੍ਰੀਨਲੈਂਡ ਤੇ ਅਮਰੀਕਾ ਦੇ ਪ੍ਰਤੀਨਿਧੀਆਂ ਵਿਚਾਲੇ ਗੱਲਬਾਤ ਦਾ ਕੋਈ ਸਿੱਟਾ ਨਹੀਂ ਨਿਕਲਿਆ। ਇਸ ਤੋਂ ਬਾਅਦ ਫਰਾਂਸ, ਜਰਮਨੀ, ਨਾਰਵੇ ਅਤੇ ਸਵੀਡਨ ਸਮੇਤ ਕਈ ਯੂਰਪੀ ਦੇਸ਼ਾਂ ਦੇ ਫ਼ੌਜੀ ਆਰਕਟਿਕ ਟਾਪੂ ਗ੍ਰੀਨਲੈਂਡ ਦੀ ਸੁਰੱਖਿਆ ਨੂੰ ਮਜ਼ਬੂਤ ਕਰਨ ਵਿਚ ਮਦਦ ਲਈ ਉੱਥੇ ਪਹੁੰਚ ਰਹੇ ਹਨ। ਅਮਰੀਕਾ ਦੇ ਰਾਸ਼ਟਰਪਤੀ ਨੇ ਧਮਕਾਇਆ ਕਿ ਗ੍ਰੀਨਲੈਂਡ ਦਾ ਸਾਥ ਦੇਣ ਵਾਲੇ 8 ਯੂਰਪੀ ਦੇਸ਼ਾਂ 'ਤੇ ਟੈਰਿਫ ਲਾਵਾਂਗਾ। ਯੂਰਪੀ ਦੇਸ਼ਾਂ ਨੇ ਪਲਟਵਾਰ ਕਰਦਿਆਂ ਕਿਹਾ ਕਿ ਟਰੰਪ ਦੇ ਟੈਰਿਫ ਤੋਂ ਕੋਈ ਖ਼ਤਰਾ ਨਹੀਂ ਹੈ। ਗ੍ਰੀਨਲੈਂਡ ਉੱਤੇ ਕਬਜ਼ੇ ਨੂੰ ਲੈ ਕੇ ਟਰੰਪ ਦੀ ਪਾਰਟੀ ਦੋਫਾੜ ਹੋਈ ਪਈ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਚੀਨ ਦੇ ਦੌਰੇ 'ਤੇ ਪਹੁੰਚੇ ਅਤੇ ਉਸ ਨਾਲ ਵੱਡਾ ਕਾਰੋਬਾਰੀ ਸਮਝੌਤਾ ਕੀਤਾ। ਚੀਨ ਦੇ ਸਰਕਾਰੀ ਮੀਡੀਆ ਨੇ ਕੈਨੇਡਾ ਸਰਕਾਰ ਨੂੰ ਅਮਰੀਕੀ ਪ੍ਰਭਾਵ ਹੇਠੋਂ ਨਿਕਲਣ ਅਤੇ ਸੁਤੰਤਰ ਵਿਦੇਸ਼ ਨੀਤੀ ਅਪਣਾਉਣ ਦੀ ਅਪੀਲ ਕੀਤੀ। ਟਰੰਪ ਨੇ ਇਕ ਨਕਸ਼ੇ ਵਿਚ ਗ੍ਰੀਨਲੈਂਡ ਦੇ ਨਾਲ-ਨਾਲ ਕੈਨੇਡਾ ਤੇ ਵੈਨੇਜ਼ੁਏਲਾ ਨੂੰ ਵੀ ਅਮਰੀਕਾ ਦਾ ਹਿੱਸਾ ਦਿਖਾਇਆ। ਉਨ੍ਹਾਂ ਨੇ ਇੰਟਰਨੈੱਟ ਮੀਡੀਆ ਪਲੇਟਫਾਰਮ ਟਰੁੱਥ ਸੋਸ਼ਲ 'ਤੇ ਇਹ ਤਸਵੀਰ ਜਾਰੀ ਕੀਤੀ ਹੈ। ਇਕ ਹੋਰ ਪੋਸਟ 'ਚ ਟਰੰਪ, ਉਪ ਰਾਸ਼ਟਰਪਤੀ ਜੇਡੀ ਵੇਂਸ ਤੇ ਵਿਦੇਸ਼ ਮੰਤਰੀ ਮਾਰਕੋ ਰੂਬੀਓ ਦੇ ਨਾਲ ਗ੍ਰੀਨਲੈਂਡ 'ਚ ਅਮਰੀਕਾ ਦਾ ਝੰਡਾ ਲਹਿਰਾਉਂਦੇ ਦਿਖਾਈ ਦੇ ਰਹੇ ਹਨ। ਤਸਵੀਰ 'ਚ ਇਕ ਮੀਲ ਪੱਥਰ ਲੱਗਾ ਹੈ ਜਿਸ 'ਤੇ ਲਿਖਿਆ ਹੈ ਕਿ ਗ੍ਰੀਨਲੈਂਡ ਅਮਰੀਕੀ ਖੇਤਰ ਹੈ।

ਇੱਕ ਨਵੇਂ ਸਰਵੇਖਣ ਅਨੁਸਾਰ ਜਰਮਨੀ ਦੇ ਜ਼ਿਆਦਾਤਰ ਲੋਕ ਮੰਨਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਨੀਤੀਆਂ 'ਨਾਟੋ' ਨੂੰ ਖ਼ਤਰੇ 'ਚ ਪਾ ਰਹੀਆਂ ਹਨ। 'ਜ਼ੈੱਡਡੀਐੱਫ ਪਾਲਿਟਬੈਰੋਮੀਟਰ' ਸਰਵੇ 'ਚ ਸ਼ਾਮਲ 78 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਟਰੰਪ ਦਾ ਰਵੱਈਆ ਗਠਬੰਧਨ ਲਈ ਖ਼ਤਰਾ ਹੈ। ਜਦਕਿ 18 ਫ਼ੀਸਦੀ ਲੋਕ ਇਸ ਨਾਲ ਸਹਿਮਤ ਨਹੀਂ ਸਨ। ਬਾਕੀ ਲੋਕਾਂ ਨੇ ਕਿਹਾ ਕਿ ਉਹ ਕੁਝ ਨਹੀਂ ਕਹਿ ਸਕਦੇ। ਇਹ ਸਰਵੇ ਉਸ ਵਕਤ ਆਇਆ ਜਦੋਂ ਟਰੰਪ ਗ੍ਰੀਨਲੈਂਡ 'ਤੇ ਅਮਰੀਕਾ ਦੇ ਦਾਅਵਿਆਂ 'ਤੇ ਜ਼ੋਰ ਦੇ ਰਹੇ ਹਨ ਜੋ ਕੁਦਰਤੀ ਸੋਮਿਆਂ ਨਾਲ ਭਰਪੂਰ ਆਰਕਟਿਕ ਟਾਪੂ ਹੈ। ਗ੍ਰੀਨਲੈਂਡ ਨਾਟੋ ਮੈਂਬਰ ਡੈਨਮਾਰਕ ਦਾ ਅਰਧ-ਖ਼ੁਦਮੁਖਤਾਰ ਹਿੱਸਾ ਹੈ। ਯੂਰਪੀ ਸੰਘ ਦੇ 69 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਈਯੂ ਨੂੰ ਟਰੰਪ ਦੇ ਇਸ ਰੌਅ ਦਾ ਵਿਰੋਧ ਕਰਨਾ ਚਾਹੀਦਾ ਹੈ। ਇਹ ਸਵਾਲ ਵੀ ਪੁੱਛਿਆ ਗਿਆ ਕਿ ਜੇਕਰ ਅਮਰੀਕਾ ਆਰਥਿਕ ਸਾਧਨਾਂ ਨੂੰ ਹਾਸਲ ਕਰਨ ਲਈ ਕੌਮਾਂਤਰੀ ਕਾਨੂੰਨਾਂ ਦੀ ਉਲੰਘਣਾ ਕਰਦਾ ਹੈ, ਦੂਸਰੇ ਦੇਸ਼ਾਂ ਦੇ ਅੰਦਰੂਨੀ ਮਾਮਲਿਆਂ ਵਿਚ ਦਖ਼ਲ ਦਿੰਦਾ ਹੈ ਤਾਂ ਯੂਰਪੀ ਸੰਘ ਨੂੰ ਕਿਹੋ ਜਿਹੀ ਪ੍ਰਤੀਕਿਰਿਆ ਦੇਣੀ ਚਾਹੀਦੀ ਹੈ ਤਾਂ 69 ਫ਼ੀਸਦੀ ਲੋਕਾਂ ਨੇ ਸਪਸ਼ਟ ਬਹੁਮਤ ਨਾਲ ਕਿਹਾ ਕਿ ਯੂਰਪੀ ਸੰਘ ਨੂੰ ਵਿਰੋਧ ਕਰਨਾ ਚਾਹੀਦਾ ਹੈ। ਖੇਤਰਫਲ ਦੇ ਲਿਹਾਜ਼ ਨਾਲ ਗ੍ਰੀਨਲੈਂਡ ਨਾਲੋਂ ਅਮਰੀਕਾ, ਰੂਸ, ਕੈਨੇਡਾ ਅਤੇ ਚੀਨ ਕਾਫ਼ੀ ਵੱਡੇ ਹਨ ਪ੍ਰੰਤੂ ਉਹ ਜਰਮਨੀ ਤੋਂ ਲਗਪਗ ਛੇ ਗੁਣਾ ਵੱਡਾ ਅਤੇ ਭਾਰਤ ਨੂੰ ਗ੍ਰੀਨਲੈਂਡ ਤੋਂ ਡੇਢ ਗੁਣਾ ਵੱਡਾ ਮੰਨਿਆ ਜਾ ਸਕਦਾ ਹੈ। ਸਿਰਫ਼ 56 ਹਜ਼ਾਰ ਵਾਸੀਆਂ ਵਾਲਾ ਗ੍ਰੀਨਲੈਂਡ ਸਭ ਤੋਂ ਘੱਟ ਆਬਾਦੀ ਵਾਲਾ ਇਲਾਕਾ ਮੰਨਿਆ ਜਾਂਦਾ ਹੈ। ਇਸ ਟਾਪੂ ਸਮੂਹ ਦਾ 80 ਪ੍ਰਤੀਸ਼ਤ ਹਿੱਸਾ ਲਗਪਗ 30 ਲੱਖ ਸਾਲ ਪਹਿਲਾਂ ਬਣੀ ਬਰਫ਼ ਦੀ ਚਾਦਰ ਨਾਲ ਢਕਿਆ ਹੋਇਆ ਹੈ। ਗ੍ਰੀਨਲੈਂਡ ਦੇ ਪੰਜ ਸ਼ਹਿਰਾਂ ਵਿਚ ਉਸ ਦੀ 65 ਫ਼ੀਸਦੀ ਤੋਂ ਜ਼ਿਆਦਾ ਆਬਾਦੀ ਰਹਿੰਦੀ ਹੈ। ਨੁਕ ਗ੍ਰੀਨਲੈਂਡ ਦੀ ਰਾਜਧਾਨੀ ਹੈ ਜਿੱਥੇ ਸਿਰਫ਼ 19,905 ਲੋਕ ਰਹਿੰਦੇ ਹਨ। ਗ੍ਰੀਨਲੈਂਡ ਦੀ ਰੱਖਿਆ ਦੀ ਜ਼ਿੰਮੇਵਾਰੀ ਡੈਨਮਾਰਕ ਦੀ ਹੈ।

ਤਤਕਲੀ ਅਮਰੀਕੀ ਵਿਦੇਸ਼ ਮੰਤਰੀ ਵਿਲੀਅਮ ਸੇਵਰਡ ਨੇ 1867 ਵਿਚ ਹੀ ਗ੍ਰੀਨਲੈਂਡ ਨੂੰ ਆਪਣੇ ਨਾਲ ਮਿਲਾਉਣ ਦੀ ਗੱਲ ਕੀਤੀ ਸੀ। ਦੂਸਰੇ ਵਿਸ਼ਵ ਯੁੱਧ ਸਮੇਂ ਅਮਰੀਕਾ ਨੇ ਗ੍ਰੀਨਲੈਂਡ ਦੇ ਯੁੱਧਨੀਤਕ ਹਿੱਸਿਆਂ 'ਤੇ ਕਬਜ਼ਾ ਕਰ ਲਿਆ ਸੀ ਤਾਂ ਕਿ ਉਹ ਨਾਜ਼ੀ ਜਰਮਨੀ ਦੇ ਹੱਥ 'ਚ ਨਾ ਜਾਵੇ। ਅਮਰੀਕਾ ਵਰਤਮਾਨ 'ਚ ਉੱਤਰ-ਪੱਛਮੀ ਗ੍ਰੀਨਲੈਂਡ ਦੇ 'ਪਿਟੂਫਿਕ ਸਪੇਸ ਬੇਸ' ਦਾ ਸੰਚਾਲਨ ਕਰਦਾ ਹੈ ਜਿਸ ਨੂੰ 1951 ਵਿੱਚ ਅਮਰੀਕਾ ਅਤੇ ਡੈਨਮਾਰਕ ਦੁਆਰਾ ਗ੍ਰੀਨਲੈਂਡ ਦੀ ਰੱਖਿਆ ਸੰਧੀ 'ਤੇ ਦਸਤਖ਼ਤ ਕਰਨ ਤੋਂ ਬਾਅਦ ਬਣਾਇਆ ਗਿਆ ਸੀ। ਸਾਲ 2023 ਵਿੱਚ 'ਥੁਲੇ ਏਅਰ ਬੇਸ' ਦਾ ਨਾਂਅ ਬਦਲ ਕੇ 'ਪਿਟੂਫਿਕ ਸਪੇਸ ਬੇਸ' ਕਰ ਦਿੱਤਾ ਗਿਆ ਸੀ। ਆਰਕਟਿਕ ਭੂ-ਮੱਧ ਰੇਖਾ ਤੋਂ ਉੱਤਰ 'ਚ ਲਗਪਗ 66.5 ਡਿਗਰੀ 'ਤੇ ਸਥਿਤ ਹੈ। ਇਹ ਰੇਖਾ 8 ਦੇਸ਼ਾਂ ਕੈਨੇਡਾ, ਡੈਨਮਾਰਕ (ਗ੍ਰੀਨਲੈਂਡ), ਫਿਨਲੈਂਡ, ਆਈਸਲੈਂਡ, ਨਾਰਵੇ, ਰੂਸ, ਸਵੀਡਨ ਅਤੇ ਅਮਰੀਕਾ (ਅਲਾਸਕਾ) ਵਿੱਚੋਂ ਦੀ ਹੋ ਕੇ ਲੰਘਦੀ ਹੈ। ਇਸ ਦੇ ਉੱਤਰ ਦਾ ਇਲਾਕਾ ਆਰਕਟਿਕ ਅਖਵਾਉਂਦਾਹੈ। ਇਸ ਤਰ੍ਹਾਂ ਲੱਗਦਾ ਹੈ ਕਿ ਅਮਰੀਕਾ ਅੰਤਰਰਾਸ਼ਟਰੀ ਵਪਾਰ ਲਈ ਇਕ ਉੱਤਰ-ਪੱਛਮ ਗਲਿਆਰਾ ਬਣਾਏਗਾ। ਇਸ ਦਾ ਮਤਲਬ ਇਹ ਹੋ ਸਕਦਾ ਹੈ ਕਿ ਅਮਰੀਕਾ ਨੂੰ ਗ੍ਰੀਨਲੈਂਡ ਦੇ ਖਣਿਜ ਸਾਧਨਾਂ ਤੱਕ ਪਹੁੰਚ ਲਈ ਰੂਸ, ਚੀਨ ਤੇ ਦੂਸਰੇ ਦੇਸ਼ਾਂ ਨਾਲ ਮੁਕਾਬਲਾ ਕਰਨਾ ਪਵੇਗਾ।



**ਇੱਕ ਨਵੇਂ ਸਰਵੇਖਣ ਅਨੁਸਾਰ ਜਰਮਨੀ ਦੇ ਜ਼ਿਆਦਾਤਰ ਲੋਕ ਮੰਨਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਨੀਤੀਆਂ 'ਨਾਟੋ' ਨੂੰ ਖ਼ਤਰੇ 'ਚ ਪਾ ਰਹੀਆਂ ਹਨ। 'ਜ਼ੈੱਡਡੀਐੱਫ ਪਾਲਿਟਬੈਰੋਮੀਟਰ' ਸਰਵੇ 'ਚ ਸ਼ਾਮਲ 78 ਪ੍ਰਤੀਸ਼ਤ ਲੋਕਾਂ ਨੇ ਕਿਹਾ ਕਿ ਟਰੰਪ ਦਾ ਰਵੱਈਆ ਗਠਬੰਧਨ ਲਈ ਖ਼ਤਰਾ ਹੈ। ਜਦਕਿ 18 ਫ਼ੀਸਦੀ ਲੋਕ ਇਸ ਨਾਲ ਸਹਿਮਤ ਨਹੀਂ ਸਨ। ਬਾਕੀ ਲੋਕਾਂ ਨੇ ਕਿਹਾ ਕਿ ਉਹ ਕੁਝ ਨਹੀਂ ਕਹਿ ਸਕਦੇ। ਇਹ ਸਰਵੇ ਉਸ ਵਕਤ ਆਇਆ ਜਦੋਂ ਟਰੰਪ ਗ੍ਰੀਨਲੈਂਡ 'ਤੇ ਅਮਰੀਕਾ ਦੇ ਦਾਅਵਿਆਂ 'ਤੇ ਜ਼ੋਰ ਦੇ ਰਹੇ ਹਨ ਜੋ ਕੁਦਰਤੀ ਸੋਮਿਆਂ ਨਾਲ ਭਰਪੂਰ ਆਰਕਟਿਕ ਟਾਪੂ ਹੈ। ਗ੍ਰੀਨਲੈਂਡ ਨਾਟੋ ਮੈਂਬਰ ਡੈਨਮਾਰਕ ਦਾ ਅਰਧ-ਖ਼ੁਦਮੁਖਤਾਰ ਹਿੱਸਾ ਹੈ। ਯੂਰਪੀ ਸੰਘ ਦੇ 69 ਫ਼ੀਸਦੀ ਲੋਕਾਂ ਦਾ ਕਹਿਣਾ ਹੈ ਕਿ ਈਯੂ ਨੂੰ ਟਰੰਪ ਦੇ ਇਸ ਰੌਅ ਦਾ ਵਿਰੋਧ ਕਰਨਾ ਚਾਹੀਦਾ ਹੈ।**

# ਲੋਕ ਹਿਤੂ ਨਹੀਂ ਕੇਂਦਰੀ ਬਜਟ



ਡਾ. ਕੇਸਰ ਸਿੰਘ ਭੰਗੂ

ਹਾਲ ਹੀ 'ਚ ਪੇਸ਼ ਕੀਤੇ ਕੇਂਦਰੀ ਬਜਟ ਦੀਆਂ ਮੁੱਖ ਤਰਜੀਹਾਂ ਸਪੱਸ਼ਟ ਕਰਦੀਆਂ ਹਨ ਕਿ ਇਹ ਬਜਟ ਦੇਸ਼ ਵਿੱਚ ਕੇਂਦਰੀਕਰਨ, ਸੂਬਿਆਂ ਨੂੰ ਕੇਂਦਰ 'ਤੇ ਹੋਰ ਜ਼ਿਆਦਾ ਨਿਰਭਰ ਬਣਾਉਣ ਅਤੇ ਕਾਰਪੋਰੇਟ ਘਰਾਣਿਆਂ ਤੇ ਪੂੰਜੀਪਤੀਆਂ ਨੂੰ ਵੱਧ ਸਹੂਲਤਾਂ ਪ੍ਰਦਾਨ ਕਰਨ ਵੱਲ ਸੇਧਤ ਹੈ। ਇਸੇ ਹੀ ਸਮੇਂ ਕੇਂਦਰ ਸਰਕਾਰ ਨੇ 16ਵੇਂ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਵੀ ਮੰਨ ਲਈਆਂ ਹਨ। ਇਨ੍ਹਾਂ ਸਿਫ਼ਾਰਸ਼ਾਂ ਤੋਂ ਵੀ ਵਧ ਰਹੇ ਕੇਂਦਰੀਕਰਨ ਦਾ ਝਲਕਾਰਾ ਪੈਂਦਾ ਹੈ। ਪਰ ਸਰਕਾਰੀ ਦਾਅਵਿਆਂ ਮੁਤਾਬਕ ਇਹ ਬਜਟ ਤਿੰਨ ਮੁੱਖ ਮੁੱਦਿਆਂ ਨੂੰ ਸੰਬੋਧਨ ਕਰਨ ਦਾ ਯਤਨ ਕਰੇਗਾ। ਪਹਿਲਾ, ਉਤਪਾਦਕਤਾ ਤੇ ਮੁਕਾਬਲੇਬਾਜ਼ੀ ਨੂੰ ਵਧਾ ਕੇ ਆਰਥਿਕ ਵਿਕਾਸ ਨੂੰ ਤੇਜ਼ ਕਰਨਾ ਤੇ ਕਾਇਮ ਰੱਖਣਾ ਅਤੇ ਅਸਥਿਰ ਵਿਸ਼ਵ ਗਤੀਸ਼ੀਲਤਾ ਲਈ ਲਚਕੀਲਾਪਣ ਪੈਦਾ ਕਰਨਾ। ਦੂਜਾ, ਲੋਕਾਂ ਦੀਆਂ ਇੱਛਾਵਾਂ ਨੂੰ ਪੂਰਾ ਕਰਨਾ ਤੇ ਉਨ੍ਹਾਂ ਦੀ ਸਮਰੱਥਾ ਦਾ ਨਿਰਮਾਣ ਕਰਨਾ, ਉਨ੍ਹਾਂ ਨੂੰ ਭਾਰਤ ਦੀ ਖੁਸ਼ਹਾਲੀ ਦੇ ਰਾਹ ਵਿਚ ਮਜ਼ਬੂਤ ਭਾਈਵਾਲ ਬਣਾਉਣਾ। ਤੀਜਾ ਪਹਿਲੂ 'ਸਭ ਦਾ ਸਾਥ, ਸਭ ਦਾ ਵਿਕਾਸ' ਦੇ ਦ੍ਰਿਸ਼ਟੀਕੋਣ ਨਾਲ ਜੁੜਿਆ ਹੋਇਆ ਹੈ। ਇਹ ਯਕੀਨੀ ਬਣਾਉਂਦਾ ਹੈ ਕਿ ਹਰ ਪਰਿਵਾਰ, ਭਾਈਚਾਰੇ, ਖੇਤਰ ਤੇ ਖੇਤਰ ਕੋਲ ਅਰਥਪੂਰਨ ਭਾਗੀਦਾਰੀ ਲਈ ਸਰੋਤਾਂ, ਸਹੂਲਤਾਂ ਤੇ ਮੌਕਿਆਂ ਤੱਕ ਪਹੁੰਚ ਹੋਵੇ।

ਵਿੱਤੀ ਸਾਲ 2026-27 ਦੇ ਬਜਟ ਵਿੱਚ ਕੇਂਦਰ ਸਰਕਾਰ ਦਾ ਕੁੱਲ ਖ਼ਰਚਾ 53.47 ਲੱਖ ਕਰੋੜ ਰੁਪਏ ਦਾ ਹੋਵੇਗਾ। ਕੇਂਦਰ ਸਰਕਾਰ ਦੀ ਪੂਰੇ ਸਾਲ ਦੌਰਾਨ ਸਾਰੇ ਸਰੋਤਾਂ ਤੋਂ ਆਮਦਨ 36.51 ਲੱਖ ਕਰੋੜ ਰੁਪਏ ਦੀ ਹੋਵੇਗੀ। ਸਰਕਾਰ ਦੀ ਕੁੱਲ ਆਮਦਨ ਤੇ ਕੁੱਲ ਖਰਚੇ ਵਿੱਚ 16.96 ਲੱਖ ਕਰੋੜ ਰੁਪਏ ਦਾ ਫ਼ਰਕ ਹੋਵੇਗਾ, ਜਿਸ ਦੀ ਭਰਪਾਈ ਕਰਜ਼ਾ ਲੈ ਕੇ ਕੀਤੀ ਜਾਵੇਗੀ। ਇਹ ਲਗਭਗ ਕੁੱਲ ਘਰੇਲੂ ਉਤਪਾਦ ਦਾ 4.3 ਫ਼ੀਸਦੀ ਹੋਵੇਗਾ ਭਾਵ ਬਜਟ ਖ਼ਰਚੇ ਦਾ ਤਕਰੀਬਨ 32 ਫ਼ੀਸਦੀ ਹਿੱਸਾ ਕਰਜ਼ੇ ਲੈ ਕੇ ਪੂਰਾ ਕੀਤਾ ਜਾਵੇਗਾ। ਉਦਾਹਰਨ ਦੇ ਤੌਰ 'ਤੇ ਕੇਂਦਰ ਸਰਕਾਰ ਵੱਲੋਂ ਪੇਸ਼ ਬਜਟ ਵਿੱਚ ਸਰਕਾਰ ਦੀ ਆਮਦਨ ਦਾ ਸਭ ਤੋਂ ਵੱਡਾ ਸਰੋਤ ਕਰਜ਼ਾ ਲੈਣ ਦਾ ਹੈ, ਜਿਹੜਾ ਕੁੱਲ ਆਮਦਨ ਦਾ 24 ਤੋਂ 32 ਫ਼ੀਸਦੀ ਹੈ। ਦੂਜੇ ਪਾਸੇ, ਸਰਕਾਰ ਦੇ ਸਭ ਤੋਂ ਵੱਡੇ ਖ਼ਰਚਿਆਂ ਵਿੱਚ ਕਰਜ਼ੇ 'ਤੇ ਵਿਆਜ ਦੀ ਅਦਾਇਗੀ ਹੈ, ਜੋ ਕੁੱਲ ਖ਼ਰਚੇ ਦਾ 20 ਫ਼ੀਸਦੀ ਹੈ।

ਇਸੇ ਹੀ ਤਰ੍ਹਾਂ ਸਰਕਾਰ ਦੇ ਆਮਦਨ ਦੇ ਵਸੀਲਿਆਂ ਵਿੱਚ ਕਰਜ਼ੇ ਲੈ ਕੇ ਆਮਦਨ (24 ਫ਼ੀਸਦੀ) ਤੋਂ ਬਾਅਦ ਮੁੱਖ ਤੌਰ 'ਤੇ ਆਮਦਨ ਕਰ ਤੋਂ 21 ਫ਼ੀਸਦੀ, ਕਾਰਪੋਰੇਸ਼ਨ ਕਰ 18 ਫ਼ੀਸਦੀ, ਜੀ.ਐੱਸ.ਟੀ. ਤੇ ਹੋਰ ਕਰਾਂ ਤੋਂ 15 ਫ਼ੀਸਦੀ, ਗ਼ੈਰ-ਟੈਕਸ ਮਾਲੀਆ 10 ਫ਼ੀਸਦੀ, ਕੇਂਦਰੀ ਆਬਕਾਰੀ ਮਾਲੀਆ 6 ਫ਼ੀਸਦੀ, ਕਸਟਮ ਡਿਊਟੀ 4 ਫ਼ੀਸਦੀ ਅਤੇ ਗ਼ੈਰ-ਕਰਜ਼ ਮਾਲੀਆ ਪ੍ਰਾਪਤੀ 2 ਫ਼ੀਸਦੀ ਸ਼ਾਮਿਲ ਹੈ। ਸਰਕਾਰ ਦੇ ਖ਼ਰਚਿਆਂ ਵਿੱਚ ਮੁੱਖ ਤੌਰ 'ਤੇ 22 ਫ਼ੀਸਦੀ ਸੂਬਿਆਂ ਦੇ ਹਿੱਸੇ ਦੇ ਕਰਾਂ ਤੇ ਡਿਊਟੀਆਂ ਦੀ ਅਦਾਇਗੀ ਲਈ, 20 ਫ਼ੀਸਦੀ ਕਰਜ਼ਿਆਂ ਦੇ ਵਿਆਜ ਲਈ, 17 ਫ਼ੀਸਦੀ ਕੇਂਦਰੀ ਖੇਤਰ ਦੀਆਂ ਸਕੀਮਾਂ ਲਈ, 11 ਫ਼ੀਸਦੀ ਡਿਫੈਂਸ ਲਈ, 8 ਫ਼ੀਸਦੀ ਕੇਂਦਰ ਵੱਲੋਂ



ਸ਼ੁਰੂ ਸਕੀਮਾਂ ਵਿੱਚ ਹਿੱਸੇਦਾਰੀ ਲਈ, 7 ਫ਼ੀਸਦੀ ਵਿੱਤ ਕਮਿਸ਼ਨ ਦੀਆਂ ਸਿਫ਼ਾਰਸ਼ਾਂ ਅਨੁਸਾਰ ਤੇ ਹੋਰ ਅਦਾਇਗੀਆਂ ਲਈ, 6 ਫ਼ੀਸਦੀ ਸਬਸਿਡੀਆਂ ਲਈ, 2 ਫ਼ੀਸਦੀ ਪੈਨਸ਼ਨਾਂ ਲਈ ਅਤੇ 7 ਫ਼ੀਸਦੀ ਹੋਰ ਖ਼ਰਚਿਆਂ ਲਈ ਰਾਸ਼ੀ ਰੱਖਣੀ ਸ਼ਾਮਿਲ ਹੈ।

ਵਿੱਤੀ ਸਾਲ 2026-27 ਦੌਰਾਨ ਨਿੱਜੀ ਆਮਦਨ ਕਰਾਂ ਵਿੱਚ ਕੋਈ ਬਦਲਾਅ ਨਹੀਂ ਕੀਤਾ ਗਿਆ। ਇਸ ਨਾਲ ਆਮ ਲੋਕਾਂ 'ਤੇ ਆਰਥਿਕ ਬੋਝ ਵਧੇਗਾ, ਖ਼ਾਸ ਕਰਕੇ ਨੌਕਰੀਸ਼ੁਦਾ ਅਤੇ ਮਿਡਲ ਕਲਾਸ ਲੋਕਾਂ 'ਤੇ ਅਤੇ ਸਰਕਾਰ ਨੂੰ ਵਧੇਰੇ ਆਮਦਨ ਹੋਵੇਗੀ। ਇਸ ਦੇ ਉਲਟ ਕਾਰਪੋਰੇਟ ਘਰਾਣਿਆਂ ਤੇ ਪੂੰਜੀਪਤੀਆਂ ਨੂੰ ਲਾਭ ਪਹੁੰਚਾਉਣ ਲਈ ਕਾਰਪੋਰੇਟ ਕਰਾਂ ਵਿੱਚ ਕਟੌਤੀ ਕੀਤੀ ਗਈ ਹੈ। ਇਹ ਟੈਕਸ ਹੁਣ ਕਈ ਕੇਸਾਂ ਵਿੱਚ 30 ਫ਼ੀਸਦੀ-22 ਫ਼ੀਸਦੀ ਤੋਂ ਘੱਟ ਕਰ ਕੇ 15 ਫ਼ੀਸਦੀ ਕਰ ਦਿੱਤੇ ਗਏ ਹਨ। ਇਵੇਂ ਘੱਟੋ-ਘੱਟ ਬਦਲਵਾਂ ਕਰ ਵੀ 15 ਤੋਂ ਘਟਾ ਕੇ 14 ਫ਼ੀਸਦੀ ਕਰ ਦਿੱਤਾ ਹੈ। ਇਸ ਬਜਟ ਵਿੱਚ ਸਾਫ਼ ਦਿਖਾਈ ਦਿੰਦਾ ਹੈ ਕਿ ਜਿਸ ਤਰੀਕੇ ਨਾਲ ਟੈਕਸਾਂ 'ਚ ਬਦਲਾਅ ਕੀਤੇ ਗਏ ਹਨ, ਉਹ ਆਮ ਆਦਮੀ 'ਤੇ ਆਰਥਿਕ ਬੋਝ ਵਧਾਉਣਗੇ ਅਤੇ ਕਾਰਪੋਰੇਟ ਘਰਾਣਿਆਂ ਤੇ ਪੂੰਜੀਪਤੀਆਂ ਨੂੰ ਲਾਭ ਮਿਲੇਗਾ। ਇਸ ਤਰ੍ਹਾਂ ਸਪੱਸ਼ਟ ਹੁੰਦਾ ਹੈ ਕਿ ਸਰਕਾਰ ਕਾਰਪੋਰੇਟ ਘਰਾਣਿਆਂ ਤੇ ਪੂੰਜੀਪਤੀਆਂ ਦੇ ਪੱਖ ਵਿੱਚ ਹੈ।

ਜੇਕਰ ਕੁੱਲ ਬਜਟ ਖ਼ਰਚ ਦੇ ਅਨੁਪਾਤ ਵਜੋਂ, ਸਿੱਖਿਆ ਦਾ ਹਿੱਸਾ ਵੇਖਿਆ ਜਾਵੇ ਤਾਂ ਇਹ ਨਿਰਾਸ਼ਾਜਨਕ ਹੈ, ਕਿਉਂਕਿ ਇਹ ਲਗਭਗ 2.6 ਫ਼ੀਸਦੀ ਹੀ ਬਣਦਾ ਹੈ, ਜੋ 2019-20 ਦੇ ਬਜਟ ਨਾਲੋਂ ਲਗਭਗ 3 ਫ਼ੀਸਦੀ ਤੋਂ ਘੱਟ ਹੈ। ਇਸੇ ਹੀ ਤਰ੍ਹਾਂ ਸਿਹਤ ਸੰਭਾਲ ਤੇ ਸਹੂਲਤਾਂ ਲਈ ਵੀ ਬਜਟ ਦਾ ਕੇਵਲ 2.05 ਫ਼ੀਸਦੀ ਹੀ ਰੱਖਿਆ ਗਿਆ ਹੈ, ਜਦਕਿ ਪਹਿਲਾਂ ਇਹ 2.26 ਫ਼ੀਸਦੀ ਤੋਂ ਵੱਧ ਹੁੰਦਾ ਸੀ। ਕੇਂਦਰੀ ਸਰਕਾਰ ਦਾ ਪੇਂਡੂ ਵਿਕਾਸ ਵੱਲ ਵੀ ਧਿਆਨ ਘਟ ਰਿਹਾ ਹੈ, ਕਿਉਂਕਿ ਕੁੱਲ ਬਜਟ ਦਾ 5.11 ਫ਼ੀਸਦੀ ਹੀ ਪੇਂਡੂ ਵਿਕਾਸ ਲਈ ਰੱਖਿਆ ਗਿਆ, ਜੋ ਪਿਛਲੇ ਸਾਲ ਦੇ ਬਜਟ 'ਚ 5.25 ਫ਼ੀਸਦੀ ਦੀ ਰਾਸ਼ੀ ਨਾਲੋਂ ਘੱਟ ਹੈ। ਪੇਂਡੂ ਵਿਕਾਸ 'ਤੇ ਅਸਲ ਖ਼ਰਚ ਦੇ ਸੰਦਰਭ ਵਿੱਚ ਵੇਖਿਆ ਜਾਵੇ ਤਾਂ ਅਸਲ ਵਿੱਚ 2024-25 'ਚ ਹੀ ਦਿਹਾਤੀ ਵਿਕਾਸ ਲਈ 4.43 ਫ਼ੀਸਦੀ ਹੀ ਖ਼ਰਚੇ ਗਏ ਅਤੇ ਸੋਧੇ ਹੋਏ ਅਨੁਮਾਨ ਅਨੁਸਾਰ 2025-26 'ਚ ਵੀ 4.29 ਫ਼ੀਸਦੀ ਖਰਚੇ ਗਏ ਹਨ। ਹੁਣ ਵੀ ਉਮੀਦ ਕੀਤੀ ਜਾ ਸਕਦੀ ਹੈ ਕਿ ਪੇਂਡੂ ਵਿਕਾਸ ਲਈ ਰੱਖੇ 5.25 ਫ਼ੀਸਦੀ ਦੀ ਥਾਂ ਘੱਟ ਹੀ ਖ਼ਰਚੇ ਜਾਣਗੇ। ਜਿੱਥੋਂ ਤੱਕ ਖੇਤੀ ਤੇ ਖੇਤੀ ਸੈਕਟਰ ਦਾ ਸਵਾਲ ਹੈ, ਪਿਛਲੇ ਸਮੇਂ ਤੋਂ ਕੇਂਦਰੀ ਬਜਟਾਂ 'ਚ ਫੰਡਾਂ ਦੀ ਫ਼ੀਸਦ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਵਿੱਤੀ ਸਾਲ 2019-20 'ਚ ਖੇਤੀ ਤੇ ਖੇਤੀ ਨਾਲ ਸੰਬੰਧਿਤ ਖੇਤਰ ਲਈ ਬਜਟ ਵਿੱਚ 5.44 ਫ਼ੀਸਦੀ ਹਿੱਸਾ ਸੀ, ਜੋ ਹੁਣ 2026-27 ਦੇ ਬਜਟ ਵਿੱਚ ਘਟ ਕੇ 3.04 ਫ਼ੀਸਦੀ ਰਹਿ ਗਿਆ ਹੈ। ਇਸ ਤੋਂ ਲਗਦਾ ਹੈ ਕੇਂਦਰ ਸਰਕਾਰ ਖੇਤੀ ਸੈਕਟਰ ਨੂੰ ਅਣਗੌਲਿਆਂ ਕਰ ਰਹੀ ਹੈ। ਬਜਟ ਸਰਕਾਰ ਦੀ ਖੇਤੀ ਪ੍ਰਤੀ ਉਦਾਸੀਨਤਾ ਨੂੰ ਸਾਹਮਣੇ ਲਿਆਉਂਦਾ ਹੈ ਅਤੇ ਨਿੱਜੀ ਖੇਤਰ ਤੇ ਕਾਰਪੋਰੇਟ ਘਰਾਣਿਆਂ ਨੂੰ ਖੁੱਲ੍ਹ ਦੇ ਰਿਹਾ ਹੈ। ਸਿੱਖਿਆ, ਸਿਹਤ ਸੰਭਾਲ ਅਤੇ ਸਹੂਲਤਾਂ, ਪੇਂਡੂ ਵਿਕਾਸ ਤੇ ਖੇਤੀ ਅਤੇ ਖੇਤੀ ਸੰਬੰਧਿਤ ਖੇਤਰ ਕਿਸੇ ਵੀ ਵਿਕਾਸਸ਼ੀਲ ਦੇਸ਼ ਦੇ ਅਰਥਚਾਰੇ ਦੇ ਅਹਿਮ ਖੇਤਰ ਹੁੰਦੇ ਹਨ। ਜੇਕਰ ਕਿਸੇ ਵੀ ਵਿਕਾਸਸ਼ੀਲ ਦੇਸ਼ ਨੇ ਵਿਕਸਿਤ ਦੇਸ਼ ਬਣਨਾ ਹੈ ਤਾਂ ਉਸ ਦੇਸ਼ ਨੂੰ ਇਨ੍ਹਾਂ ਖੇਤਰਾਂ 'ਚ ਵਾਧੂ ਨਿਵੇਸ਼ ਕਰਨਾ ਚਾਹੀਦਾ ਹੈ ਤਾਂ ਹੀ ਉਹ ਵਿਕਸਿਤ ਦੇਸ਼ ਬਣ ਸਕਦਾ ਹੈ। ਪਰ ਉਪਰੋਕਤ ਰੁਝਾਨ ਇਹ ਸਪੱਸ਼ਟ ਕਰਦੇ ਹਨ ਕਿ ਭਾਰਤ ਵਿੱਚ ਪਿਛਲੇ ਸਮੇਂ ਤੋਂ ਬਜਟਾਂ ਵਿਚ ਇਨ੍ਹਾਂ ਅਹਿਮ ਖੇਤਰਾਂ ਨੂੰ ਵਿਸਾਰਿਆ ਜਾ ਰਿਹਾ ਹੈ, ਕਿਉਂਕਿ ਇਨ੍ਹਾਂ ਖੇਤਰਾਂ ਨੂੰ ਲੋੜੀਂਦੇ ਤੇ ਢੁਕਵੇਂ ਫੰਡ ਦੇਣ ਦੀ ਬਜਾਏ ਫੰਡ ਘੱਟ ਕੀਤੇ ਜਾ ਰਹੇ ਹਨ। ਅੱਜ-ਕੱਲ੍ਹ ਭਾਰਤ ਵਿੱਚ ਬੇਰੁਜ਼ਗਾਰੀ ਤੇ ਮਹਿੰਗਾਈ ਦੋ ਬਹੁਤ ਮਹੱਤਵਪੂਰਨ ਮੁੱਦੇ ਹਨ। ਅੱਜ ਦੇਸ਼ ਵਿੱਚ ਪੜ੍ਹੇ-ਲਿਖੇ ਬੇਰੁਜ਼ਗਾਰਾਂ ਦੀ ਗਿਣਤੀ ਲਗਾਤਾਰ ਵਧ ਰਹੀ ਹੈ। ਇਵੇਂ ਹੀ ਰੋਜ਼ਾਨਾ ਵਰਤੀਆਂ ਜਾਣ ਵਾਲੀਆਂ ਜ਼ਰੂਰੀ ਵਸਤਾਂ ਦੀਆਂ ਕੀਮਤਾਂ ਅਸਮਾਨੀ ਚੜ੍ਹ ਗਈਆਂ ਹਨ ਤੇ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਇਨ੍ਹਾਂ ਦੀ ਸਭ ਤੋਂ ਵੱਧ ਮਾਰ ਦੇਸ਼ ਦੇ ਆਮ ਨਾਗਰਿਕਾਂ ਨੂੰ ਪੈਂਦੀ ਹੈ। ਪਰ ਪੇਸ਼ ਕੀਤੇ ਬਜਟ ਵਿੱਚ ਇਨ੍ਹਾਂ ਦੋਹਾਂ ਮੁੱਦਿਆਂ ਦੇ ਹੱਲ ਲਈ ਕੋਈ ਵੀ ਵਿਸ਼ੇਸ਼ ਉਪਰਾਲਾ ਨਹੀਂ ਕੀਤਾ ਗਿਆ। ਜਦਕਿ ਦੇਸ਼ ਵਿੱਚ ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਦਰ 2000-2012 ਦੇ ਸਮੇਂ ਮਹਿਜ਼ 2-3 ਫ਼ੀਸਦੀ ਸੀ, ਜਿਹੜੀ ਕਿ 2012-2019 ਵਿੱਚ ਵਧ ਕੇ 5.8 ਫ਼ੀਸਦੀ 'ਤੇ ਪਹੁੰਚ ਗਈ। ਪਿੱਛੋਂ ਥੋੜ੍ਹੀ ਘਟ ਕੇ ਅੱਜ-ਕੱਲ੍ਹ 4.1 ਫ਼ੀਸਦੀ 'ਤੇ ਆ ਗਈ।

ਦੇਸ਼ ਵਿੱਚ ਆਮ/ਖੁੱਲ੍ਹੀ ਬੇਰੁਜ਼ਗਾਰੀ ਦੀ ਉੱਚੀ ਦਰ ਹੋਣ ਦਾ ਮੁੱਖ ਕਾਰਨ ਕਿਰਤ ਸ਼ਕਤੀ ਦੇ ਵਾਧੇ ਦੇ ਮੁਕਾਬਲੇ ਰੁਜ਼ਗਾਰ ਦੇ ਮੌਕਿਆਂ ਵਿੱਚ ਘੱਟ ਵਾਧਾ ਹੋਣਾ ਹੈ। ਇਕੱਲੇ ਰੁਜ਼ਗਾਰ ਦੇ ਮੌਕੇ ਹੀ ਨਹੀਂ ਘਟੇ, ਸਗੋਂ ਮਿਲਣ ਵਾਲੇ ਰੁਜ਼ਗਾਰ ਦੀ ਗੁਣਵੱਤਾ ਤੇ ਮਿਆਰ ਵੀ ਬਹੁਤ ਨੀਵੇਂ ਪੱਧਰ ਦੀ ਹੋ ਗਏ ਹਨ, ਕਿਉਂਕਿ ਮਿਲ ਰਹੇ ਰੁਜ਼ਗਾਰ ਦੀਆਂ ਉਜਰਤਾਂ ਬਹੁਤ ਘੱਟ ਹਨ ਅਤੇ ਰੁਜ਼ਗਾਰ ਦੀ ਕਿਸੇ ਕਿਸਮ ਦੀ ਸੁਰੱਖਿਆ ਵੀ ਯਕੀਨੀ ਨਹੀਂ ਹੈ।

(ਬਾਕੀ ਸਫ਼ਾ 27 'ਤੇ)

# ਭਾਰਤ ਦੇ ਰੱਖਿਆ ਬਜਟ 'ਚ ਲਗਾਤਾਰ ਵਾਧਾ

ਹਰਸ਼ ਵੀ ਪੰਤ
ਲੇਖਕ ਰਣਨੀਤਕ ਵਿਸ਼ਲੇਸ਼ਕ ਹੈ

ਆਮ ਬਜਟ 'ਚ ਰੱਖਿਆ ਖ਼ਰਚ 'ਚ ਵਾਧਾ ਵਿਸ਼ਵ ਪੱਧਰੀ ਅਤੇ ਖੇਤਰੀ ਰਣਨੀਤਕ ਉਥਲ-ਪੁਥਲ ਵਿਚਾਲੇ ਨਿਰੰਤਰਤਾ ਦਾ ਹੀ ਇੱਕ ਸੰਕੇਤ ਹੈ। ਬਜਟ 'ਚ ਰੱਖਿਆ ਮੰਤਰਾਲੇ ਲਈ 7.85 ਲੱਖ ਕਰੋੜ ਰੁਪਏ ਰੱਖੇ ਗਏ ਹਨ, ਜੋ ਪਿਛਲੇ ਸਾਲ ਦੇ 6.81 ਲੱਖ ਕਰੋੜ ਤੋਂ ਵੱਧ ਹਨ। ਇਸ 'ਚੋਂ 2.19 ਲੱਖ ਕਰੋੜ ਹਥਿਆਰਬੰਦ ਦਸਤਿਆਂ ਦੇ ਆਧੁਨੀਕੀਕਰਨ ਲਈ ਹਨ। ਇਸ 'ਚ 63,733 ਕਰੋੜ ਜਹਾਜ਼ ਅਤੇ ਏਅਰੋ-ਇੰਜਣ ਲਈ ਤੇ 25,023 ਕਰੋੜ ਨੇਵੀ ਲਈ ਤੈਅ ਕੀਤੇ ਗਏ ਹਨ। ਬਾਕੀ 5.54 ਲੱਖ ਕਰੋੜ ਮਾਲੀਏ ਖ਼ਰਚ ਲਈ ਹਨ। ਇਸ 'ਚ ਪੈਨਸ਼ਨ ਲਈ 1.71 ਲੱਖ ਕਰੋੜ ਰੁਪਏ ਦੀ ਵਿਵਸਥਾ ਹੈ।

ਸਪੱਸ਼ਟ ਹੈ ਕਿ ਸਰਕਾਰ ਨੇ ਰੱਖਿਆ ਆਤਮਨਿਰਭਰਤਾ ਦੇ ਆਪਣੇ ਲੰਬੇ ਸਮੇਂ ਦੇ ਟੀਚਿਆਂ ਨੂੰ ਅੱਗੇ ਵਧਾਉਣ ਦੀ ਕੋਸ਼ਿਸ਼ ਕੀਤੀ ਹੈ। ਨਾਗਰਿਕ, ਸਿਖਲਾਈ ਅਤੇ ਹੋਰ ਜਹਾਜ਼ਾਂ ਦੇ ਨਿਰਮਾਣ ਲਈ ਜ਼ਰੂਰੀ ਕਾਰਕਾਂ ਤੇ ਸਪੇਅਰ ਪਾਰਟਸ ਨੂੰ ਮੂਲ ਕਸਟਮ ਡਿਊਟੀ ਤੋਂ ਛੋਟ ਦੇਣ ਤੇ ਜਹਾਜ਼ ਰੱਖ-ਰਖਾਅ, ਮੁਰੰਮਤ ਅਤੇ ਨਵੀਨੀਕਰਨ 'ਚ ਇਸਤੇਮਾਲ ਹੋਣ ਵਾਲੇ ਕੱਚੇ ਮਾਲ 'ਤੇ ਫੀਸ ਮਾਫ਼ ਕਰਨ ਦਾ ਫ਼ੈਸਲਾ ਇਸ ਦਾ ਸੰਕੇਤ ਹੈ ਕਿ ਵਿੱਤੀ ਨੀਤੀ ਦੀ ਉਦਯੋਗਿਕ ਰਣਨੀਤੀ ਦੇ ਨਾਲ ਮੇਲ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਹ ਤਰੀਕਾ ਘਰੇਲੂ ਏਅਰੋਸਪੇਸ ਨਿਰਮਾਣ ਨੂੰ ਮਜ਼ਬੂਤ ਕਰਨ ਤੇ ਦਰਾਮਦ ਨਿਰਭਰਤਾ ਨੂੰ ਘੱਟ ਕਰਨ ਲਈ ਹੈ। ਵਿਸ਼ੇਸ਼ ਰੂਪ ਨਾਲ ਰੱਖਿਆ ਸਪਲਾਈ ਚੇਨ ਦੀ ਪ੍ਰੀਮੀਅਮ ਸ਼੍ਰੇਣੀ 'ਚ ਇਹ ਗੱਲ ਹੋਰ ਸਟੀਕ ਬੈਠਦੀ ਹੈ।

ਭਾਰਤ ਦਾ ਰੱਖਿਆ ਬਜਟ ਲਗਾਤਾਰ ਵਧ ਰਿਹਾ ਹੈ, ਜੋ ਦੇਸ਼ ਦੇ ਮੁਸ਼ਕਿਲ ਸੁਰੱਖਿਆ ਹਾਲਾਤ ਤੋਂ ਪ੍ਰੇਰਿਤ ਹੈ। ਅਜਿਹੇ ਹਾਲਾਤ ਜੋ ਉੱਤਰ-ਪੱਛਮੀ ਸਰਹੱਦਾਂ 'ਤੇ ਤਣਾਅ ਤੋਂ ਲੈ ਕੇ ਹਿੰਦ-ਪ੍ਰਸ਼ਾਂਤ ਖੇਤਰ 'ਚ ਵਧਦੇ ਮੁਕਾਬਲੇ 'ਤੇ ਕੇਂਦਰਿਤ ਹਨ। ਇਸ ਲਈ ਪੁਰਾਣੀ ਫ਼ੌਜੀ ਮਸ਼ੀਨਰੀ ਦਾ ਆਧੁਨਿਕੀਕਰਨ ਹੁਣ ਬਦਲ ਨਹੀਂ ਜ਼ਰੂਰਤ ਬਣ ਗਿਆ ਹੈ। ਸਾਨੂੰ ਵਧਦੀ ਵੰਡ ਨੂੰ ਨਵੀਆਂ ਤਕਨੀਕਾਂ ਦੀ ਵਧਦੀ ਲਾਗਤ ਵਰਗੇ ਤਕਨੀਕੀ ਪੇਚ 'ਚ ਨਹੀਂ ਫਸਾਉਣਾ ਚਾਹੀਦਾ। ਸਾਨੂੰ ਬਸ ਇਹ ਯਕੀਨੀ ਬਣਾਉਣ 'ਤੇ ਧਿਆਨ ਦੇਣਾ ਚਾਹੀਦਾ ਹੈ ਕਿ ਜੋ ਵੰਡ ਕੀਤੀ ਗਈ ਹੈ ਉਹ ਅਸਰਦਾਰ ਢੰਗ ਨਾਲ ਖ਼ਰਚ ਵੀ ਕੀਤੀ ਜਾਵੇ। ਇਸ 'ਚ ਖ਼ਰਚ ਦੀ ਗੁਣਵੱਤਾ ਯਕੀਨੀ ਤੌਰ 'ਤੇ ਇੱਕ ਮਹੱਤਵਪੂਰਨ ਬਿੰਦੂ ਹੈ। ਇਸ ਦਿਸ਼ਾ 'ਚ ਇਹ ਇੱਕ ਚੰਗਾ ਸੰਕੇਤ ਹੈ ਕਿ ਪਿਛਲੇ ਕੁਝ ਸਾਲਾਂ 'ਚ ਰੱਖਿਆ ਬਜਟ 'ਚ ਪੂੰਜੀਗਤ ਖ਼ਰਚ ਭਾਵ ਨਵੀਆਂ ਤਕਨੀਕਾਂ ਅਤੇ ਆਧੁਨੀਕੀਕਰਨ 'ਤੇ ਹੋਣ ਵਾਲੇ ਖ਼ਰਚ ਦੀ ਹਿੱਸੇਦਾਰੀ ਵਧੀ ਹੈ। ਵਿੱਤੀ ਸਾਲ 2020 ਤੋਂ 2025 ਵਿਚਾਲੇ ਰੱਖਿਆ ਪੂੰਜੀਗਤ ਖ਼ਰਚ ਲਗਪਗ 9.1 ਫ਼ੀਸਦੀ ਦੀ ਸਾਲਾਨਾ ਦਰ ਨਾਲ




ਵਧਿਆਹੈ, ਜੋ ਪਿਛਲੇ ਦਹਾਕੇ ਦੀ ਤੁਲਨਾ 'ਚ ਲਗਪਗ ਦੁੱਗਣਾ ਹੋ ਗਿਆ ਹੈ। ਇਸ ਲੜੀ 'ਚ ਤਨਖ਼ਾਹ, ਪੈਨਸ਼ਨ ਤੇ ਰੱਖ-ਰਖਾਅ ਵਾਲੇ ਮਾਲੀਆ ਖ਼ਰਚ ਦਾ ਹਿੱਸਾ ਘਟਿਆ ਹੈ। ਸਪੱਸ਼ਟ ਹੈ ਕਿ ਪੂੰਜੀਗਤ ਖ਼ਰਚ 'ਚ ਵਾਧੇ ਵਰਗਾ ਯੋਜਨਾਬੱਧ ਕਦਮ ਭਵਿੱਖ ਦੀ ਫ਼ੌਜੀ ਸਮਰੱਥਾ ਨੂੰ ਆਕਾਰ ਦੇਣ 'ਚ ਚੰਗੀ ਅਹਿਮ ਭੂਮਿਕਾ ਨਿਭਾਏਗਾ। ਇਸ ਤਰ੍ਹਾਂ ਦੀ ਤਬਦੀਲੀ ਰਣਨੀਤਕ ਰੂਪ ਨਾਲ ਜ਼ਰੂਰੀ ਹੋ ਗਈ ਹੈ। ਜੇ ਭਾਰਤ ਨੇ ਰਵਾਇਤੀ ਰਣਨੀਤਕ ਸਮਰੱਥਾਵਾਂ ਨੂੰ ਵਧਾਉਣਾ ਹੈ ਤਾਂ ਉੱਨਤ ਜਹਾਜ਼ਾਂ, ਪਣਡੁੱਬੀਆਂ, ਡਰੋਨ ਤੇ ਨੈੱਟਵਰਕ-ਕੇਂਦਰਿਤ ਜੰਗੀ ਸਮਰੱਥਾਵਾਂ 'ਚ ਨਿਵੇਸ਼ ਕਰਨਾ ਹੀ ਪਵੇਗਾ।

ਇਹ ਚੰਗੀ ਗੱਲ ਹੈ ਕਿ ਪੂੰਜੀਗਤ ਖ਼ਰਚ ਵਧਿਆ ਹੈ, ਪਰ ਇਹ ਹੁਣ ਵੀ ਉਮੀਦ ਮੁਤਾਬਕ ਘੱਟ ਹੈ। ਯਾਦ ਰੱਖਣਾ ਪਵੇਗਾ ਕਿ ਵਿੱਤੀ ਅੜਿੱਕੇ, ਮੁਕਾਬਲੇਬਾਜ਼ ਵਿਕਾਸ ਤਰਜੀਹਾਂ ਤੇ ਮਾਲੀਆ ਖ਼ਰਚ ਦਾ ਸੰਰਚਨਾਤਮਕ ਭਾਰ ਫ਼ੌਜੀ ਆਧੁਨੀਕੀਕਰਨ ਦੀ ਰਫ਼ਤਾਰ ਨੂੰ ਸੀਮਤ ਕਰਦੇ ਹਨ। ਇਸ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾ ਸਕਦਾ ਹੈ ਕਿ ਤਕਨੀਕ ਦੀ ਭੂਮਿਕਾ ਫ਼ੈਸਲਾਕੁਨ ਹੁੰਦੀ ਜਾ ਰਹੀ ਹੈ। ਇਸ ਲਈ ਸਾਨੂੰ ਆਪਣੀ ਕੋਸ਼ਿਸ਼ ਤੇਜ਼ ਕਰਨੀ ਪਵੇਗੀ। ਖਾਸ ਤੌਰ 'ਤੇ ਚੀਨ ਵਰਗੇ ਦੇਸ਼ ਨੂੰ ਦੇਖਦੇ ਹੋਏ, ਜੋ ਅਗਲੀ ਪੀੜ੍ਹੀ ਦੇ ਪਲੇਟਫਾਰਮਾਂ, ਸਾਈਬਰ ਸਮਰੱਥਾ, ਪੁਲਾੜ ਸੰਪਤੀਆਂ ਤੇ ਏਆਈ ਸਮਰੱਥ ਪ੍ਰਣਾਲੀਆਂ 'ਚ ਭਾਰਤ ਦੀ ਤੁਲਨਾ 'ਚ ਭਾਰੀ ਖ਼ਰਚ ਕਰ ਰਿਹਾ ਹੈ। ਸਮੇਂ ਦੇ ਨਾਲ ਭਾਰਤੀ ਰਣਨੀਤਕ ਨੀਤੀ-ਨਿਰਮਾਤਾਵਾਂ ਨੇ ਵੀ ਸਾਈਬਰ, ਇਲੈਕਟ੍ਰਾਨਿਕ ਜੰਗ, ਪੁਲਾੜ ਤੇ ਡ੍ਰੋਨ ਤਕਨੀਕ ਨੂੰ ਤਰਜੀਹ ਦੇਣੀ ਸ਼ੁਰੂ ਕੀਤੀ ਹੈ, ਪਰ ਇਨ੍ਹਾਂ ਖੇਤਰਾਂ ਲਈ ਬਜਟ ਆਧਾਰਤ ਵੰਡ ਰਵਾਇਤੀ ਪਲੇਟਫਾਰਮਾਂ 'ਚ ਨਿਵੇਸ਼ ਦੀ ਤੁਲਨਾ 'ਚ ਘੱਟ ਹੀ ਹੈ। ਜੇ ਭਾਰਤ ਨੇ ਇਸ ਫ਼ਰਕ ਨੂੰ ਘੱਟ ਕਰਨਾ ਹੈ ਤਾਂ ਰੱਖਿਆ ਖੋਜ ਤੇ ਵਿਕਾਸ 'ਚ ਲਗਾਤਾਰ ਵਾਧਾ ਮਹੱਤਵਪੂਰਨ ਹੋਵੇਗਾ। ਪਿਛਲੇ ਸਾਲਾਂ 'ਚ ਆਤਮਨਿਰਭਰ ਭਾਰਤ ਪਹਿਲ ਨੇ ਵੀ ਰੱਖਿਆ ਖ਼ਰਚ ਦੀ ਸੰਰਚਨਾ ਨੂੰ ਬਦਲਿਆ ਹੈ। ਬੀਤੇ ਕੁਝ ਸਾਲਾਂ ਦੌਰਾਨ 70 ਫ਼ੀਸਦੀ ਤੋਂ ਵੱਧ ਪੂੰਜੀਗਤ ਖ਼ਰੀਦ ਸਵਦੇਸ਼ੀ ਸ੍ਰੋਤਾਂ ਲਈ ਤੈਅ ਕੀਤੀ ਗਈ ਹੈ, ਜੋ ਘਰੇਲੂ ਨਿਰਮਾਣ ਸਮਰੱਥਾ ਨੂੰ ਵਿਕਸਿਤ ਕਰਨ ਤੇ ਦਰਾਮਦ 'ਤੇ ਨਿਰਭਰਤਾ ਨੂੰ ਘੱਟ ਕਰਨ ਦੀ ਦਿਸ਼ਾ 'ਚ ਮਜ਼ਬੂਤੀ ਨੂੰ ਦਰਸਾਉਂਦੀਹੈ। ਇਸ ਰਣਨੀਤੀ ਦੇ ਚੰਗੇ ਨਤੀਜੇ ਵੀ ਮਿਲੇ ਹਨ। ਰੱਖਿਆ ਉਤਪਾਦਨ 'ਚ ਰਿਕਾਰਡ ਤੇਜ਼ੀ ਆਈ ਹੈ। ਰੱਖਿਆ ਬਰਾਮਦ ਵੀ ਤੇਜ਼ੀ ਨਾਲ ਵਧ ਕੇ ਲਗਪਗ 23,500 ਕਰੋੜ ਰੁਪਏ ਦੇ ਪੱਧਰ ਤੱਕ ਪੁੱਜ ਗਈ ਹੈ। ਲਗਪਗ 90 ਦੇਸ਼ਾਂ ਨੂੰ ਬਰਾਮਦ ਨਾਲ ਇਸ 'ਚ ਵਖਰੇਵਾਂ ਵੀ ਦਿਖਾਈ ਦੇ ਰਿਹਾ ਹੈ। ਸਪੱਸ਼ਟ ਹੈ ਕਿ ਅਜਿਹਾ ਵਿਕਾਸ ਭਾਰਤ ਦੀਆਂ ਰਣਨੀਤਕ ਭਾਈਵਾਲੀਆਂ ਨੂੰ ਵਧਾਉਂਦੇ ਹੋਏ ਉਸ ਦੇ ਭੂ-ਸਿਆਸੀ ਕੱਦ ਨੂੰ ਵੀ ਵਿਸਥਾਰ ਦਿੰਦਾ ਹੈ। ਇਸ ਨਾਲ ਰੱਖਿਆ ਉਤਪਾਦਨ 'ਚ ਨਿੱਜੀ ਖੇਤਰ ਦੀ ਭੂਮਿਕਾ ਨੂੰ ਵੀ ਮਾਨਤਾ ਮਿਲਦੀ ਹੈ। ਇਸ ਦੇ ਬਾਵਜੂਦ ਆਤਮਨਿਰਭਰਤਾ ਦੀਆਂ ਆਪਣੀਆਂ ਸੀਮਾਵਾਂ ਹਨ। ਖਾਸ ਤੌਰ 'ਤੇ ਉੱਚ ਪੱਧਰੀ ਤੇ ਆਧੁਨਿਕ ਤਕਨੀਕਾਂ ਅਤੇ ਹਥਿਆਰਾਂ ਦੇ ਮਾਮਲੇ 'ਚ ਵਿਦੇਸ਼ੀ ਨਿਰਭਰਤਾ ਕਾਇਮ ਹੈ। ਇਸ ਫ਼ਰਕ ਨੂੰ ਘੱਟ ਕਰਨ ਲਈ ਸਿਰਫ਼ ਨੀਤੀ ਹੀ ਨਹੀਂ ਮਨਸ਼ਾ ਵੀ ਦਿਖਾਉਣੀ ਪਵੇਗੀ। ਇਸ ਲਈ ਖੋਜ ਅਤੇ ਵਿਕਾਸ 'ਚ ਨਿਰੰਤਰ ਨਿਵੇਸ਼, ਸਮਰੱਥ ਇਕੋਸਿਸਟਮ ਤੇ ਖ਼ਰੀਦ ਅਤੇ ਬਜਟ ਅਮਲ 'ਚ ਵਿਆਪਕ ਮੁਹਾਰਤ ਦੀ ਜ਼ਰੂਰਤ ਹੋਵੇਗੀ।

ਨਿਰੰਤਰ ਵਾਧੇ ਦੇ ਬਾਵਜੂਦ ਜੀਡੀਪੀ ਦੇ ਅਨੁਪਾਤ 'ਚ ਸਾਡਾ ਰੱਖਿਆ ਖ਼ਰਚ ਹੁਣ ਵੀ 2.2 ਫ਼ੀਸਦੀ 'ਤੇ ਅਟਕਿਆ ਹੋਇਆ ਹੈ। ਇਹ ਸਥਿਤੀ ਹੋਰ ਵਿੱਤੀ ਦਬਾਅ ਤੇ ਦੂਜੀਆਂ ਤਰਜੀਹਾਂ ਦੇ ਨਾਲ ਸੰਤੁਲਨ ਦੇ ਨਜ਼ਰੀਏ ਨਾਲ ਜ਼ਰੂਰੀ ਸਮਝੀ ਜਾ ਸਕਦੀ ਹੈ, ਪਰ ਇਸ ਮਾਮਲੇ 'ਚ ਮਾਲੀਆ ਖ਼ਰਚ ਵਰਗੀ ਵਚਨਬੱਧਤਾ ਖ਼ਰਚ 'ਚ ਲਚੀਲੇਪਨ ਦੀ ਗੁੰਜਾਇਸ਼ ਨੂੰ ਹੋਰ ਸੀਮਤ ਕਰਦੀ ਹੈ। ਇਸ ਲਈ ਤੁਰੰਤ ਪਰਿਚਾਲਨ ਜ਼ਰੂਰਤਾਂ ਤੇ ਲੰਬੇ ਸਮੇਂ ਦੇ ਰਣਨੀਤਕ ਬਦਲਾਅ ਵਿਚਾਲੇ ਸੰਤੁਲਨ ਬਣਾਉਣਾ ਭਾਰਤੀ ਰਣਨੀਤਕ ਨੀਤੀ ਨਿਰਮਾਤਾਵਾਂ ਲਈ ਇਕ ਵੱਡੀ ਚੁਣੌਤੀ ਬਣਿਆ ਹੋਇਆ ਹੈ। ਇਸ ਕਸੌਟੀ 'ਤੇ ਰੱਖਿਆ ਬਜਟ ਰਵਾਇਤੀ ਵਿਰੋਧਾਂ ਨੂੰ ਵੀ ਦਰਸਾਉਂਦਾ ਹੈ, ਜੋ ਉਮੀਦਾਂ ਤੇ ਵਿੱਤੀ ਹੱਦਾਂ ਨਾਲ ਜੁੜਿਆ ਹੈ। ਰੱਖਿਆ ਖੇਤਰ ਨੂੰ ਵਧੀ ਵੰਡ ਨਾਲ ਭਵਿੱਖ ਦੀ ਦਿਸ਼ਾ ਤਾਂ ਸਪੱਸ਼ਟ ਹੈ, ਪਰ ਜੇ ਇਸ ਨੂੰ ਸਹੀ ਤਰੀਕੇ ਨਾਲ ਅਮਲ 'ਚ ਨਾ ਲਿਆਂਦਾ ਗਿਆ ਤਾਂ ਸਮਰੱਥਾ 'ਚ ਵਾਧੇ ਦੀ ਰਫ਼ਤਾਰ ਪ੍ਰਭਾਵਿਤ ਹੋ ਸਕਦੀ ਹੈ।

# ਕਿਉਂ ਆਇਆ ਸੋਨੇ ਦੇ ਭਾਅ ਵਿੱਚ ਉਛਾਲ ?





ਸ਼ਿਵਕਾਂਤ ਸ਼ਰਮਾ
(ਲੇਖਕ ਬੀ.ਬੀ.ਸੀ. ਹਿੰਦੀ ਦਾ ਸਾਬਕਾ ਸੰਪਾਦਕ ਹੈ)।

ਸੋਨੇ ਅਤੇ ਚਾਂਦੀ ਦੇ ਵਧ-ਘਟ ਰਹੇ ਭਾਅ ਇਨ੍ਹੀਂ ਦਿਨੀਂ ਸੁਰਖ਼ੀਆਂ ਵਿੱਚ ਬਣੇ ਹੋਏ ਹਨ। ਵਰਲਡ ਗੋਲਡ ਕੌਂਸਲ ਮੁਤਾਬਕ ਪਿਛਲੇ ਸਾਲ ਦੁਨੀਆ ਵਿੱਚ 3,670 ਟਨ ਸੋਨੇ ਦਾ ਰਿਕਾਰਡ ਉਤਪਾਦਨ ਹੋਇਆ ਸੀ। ਆਲਮੀ ਉਤਪਾਦਨ ਦੇ ਲਗਪਗ 40 ਪ੍ਰਤੀਸ਼ਤ ਸੋਨੇ ਦੀ ਖਪਤ ਸਿਰਫ਼ ਚੀਨ ਅਤੇ ਭਾਰਤ ਵਿੱਚ ਹੁੰਦੀ ਹੈ।

ਹਾਲਾਂਕਿ, ਅਸਮਾਨ ਛੂਹ ਰਹੀਆਂ ਕੀਮਤਾਂ ਕਾਰਨ ਉੱਥੇ ਵੀ ਸੋਨੇ ਦੀ ਮੰਗ ਵਿੱਚ ਉਛਾਲ ਦੀ ਜਗ੍ਹਾ ਲਗਪਗ 10-11 ਪ੍ਰਤੀਸ਼ਤ ਦੀ ਗਿਰਾਵਟ ਦਰਜ ਕੀਤੀ ਗਈ ਹੈ। ਅਜਿਹੀ ਸਥਿਤੀ ਵਿੱਚ ਸਵਾਲ ਉੱਠਦਾ ਹੈ ਕਿ ਅਜਿਹੀ ਖਪਤ ਵਿੱਚ ਹਾਲੀਆ 10 ਪ੍ਰਤੀਸ਼ਤ ਦੀ ਗਿਰਾਵਟ ਦੇ ਬਾਵਜੂਦ ਸੋਨੇ ਦੇ ਭਾਅ ਵਿੱਚ ਇਹ ਉਛਾਲ ਕਿਉਂ ਆਇਆ ਹੈ ? ਇਸ ਦੀ ਸਭ ਤੋਂ ਵੱਡੀ ਵਜ੍ਹਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਹਨ।

ਡਾਲਰ ਅਤੇ ਇਸ ਵਿੱਚ ਭੁਗਤਾਨ ਲਈ ਜਾਰੀ ਕੀਤੇ ਜਾਣ ਵਾਲੇ ਅਮਰੀਕੀ ਰਿਣ-ਪੱਤਰ ਜਾਂ ਬਾਂਡ ਆਪਣੀ ਸਾਖ਼ ਕਾਰਨ ਲਗਪਗ ਸੌ ਸਾਲਾਂ ਤੋਂ ਅੰਤਰਰਾਸ਼ਟਰੀ ਲੈਣ-ਦੇਣ ਅਤੇ ਰਾਜਕੋਸ਼ਾਂ ਦੇ ਰਿਜ਼ਰਵ ਦਾ ਮੁੱਖ ਮਾਧਿਅਮ ਬਣੇ ਹੋਏ ਹਨ। ਅਮਰੀਕਾ ਨੇ ਇਨ੍ਹਾਂ ਨੂੰ ਹਥਿਆਰ ਬਣਾ ਕੇ ਰੂਸ ਨੂੰ ਯੂਕ੍ਰੇਨ ਤੋਂ ਖਦੇੜਨ ਦੀ ਕੋਸ਼ਿਸ਼ ਕੀਤੀ। ਰੂਸ ਅਤੇ ਉਸ ਦੇ ਸਮਰਥਕਾਂ ਨੂੰ ਡਾਲਰ ਵਿੱਚ ਹੋ ਰਹੇ ਲੈਣ-ਦੇਣ ਦੀ ਅੰਤਰਰਾਸ਼ਟਰੀ ਪ੍ਰਣਾਲੀ ਤੋਂ ਬਾਹਰ ਕਰ ਦਿੱਤਾ ਗਿਆ ਅਤੇ ਯੂਰਪੀ ਬੈਂਕਾਂ ਵਿੱਚ ਅਮਰੀਕੀ ਬਾਂਡ ਅਤੇ ਡਾਲਰ ਦੇ ਰੂਪ ਵਿੱਚ ਜਮ੍ਹਾ ਰੂਸੀ ਸੰਪਤੀ ਨੂੰ ਫ੍ਰੀਜ਼ ਕਰ ਦਿੱਤਾ ਗਿਆ।

ਟਰੰਪ ਨੇ ਸੱਤਾ ਸੰਭਾਲਦੇ ਹੀ ਉਨ੍ਹਾਂ ਦਾ ਹੋਰ ਖੁੱਲ੍ਹਮ-ਖੁੱਲ੍ਹਾ ਇਸਤੇਮਾਲ ਕਰਨਾ ਅਤੇ ਵਪਾਰ ਨੂੰ ਹਥਿਆਰ ਬਣਾਉਣਾ ਸ਼ੁਰੂ ਕਰ ਦਿੱਤਾ। ਇਸ ਕਾਰਨ ਦੁਨੀਆ ਨੂੰ ਅਮਰੀਕਾ ਦੀ ਨੀਅਤ 'ਤੇ ਸ਼ੱਕ ਹੋਣ ਲੱਗਾ ਅਤੇ ਉਸ ਦੀ ਮੁਦਰਾ ਅਤੇ ਬਾਂਡ ਦੀ ਸਾਖ਼ ਡਿੱਗਣ ਲੱਗੀ। ਟਰੰਪ ਦੇ ਲਿਬਰੇਸ਼ਨ-ਡੇ-ਟੈਰਿਫ ਦੇ ਐਲਾਨ ਸਮੇਂ ਵੀ ਅਮਰੀਕੀ ਬਾਂਡਾਂ ਅਤੇ ਡਾਲਰ ਦੀਆਂ ਕੀਮਤਾਂ ਡਿੱਗੀਆਂ ਸਨ ਅਤੇ ਸੋਨੇ ਦੀ ਕੀਮਤਾਂ ਵਿੱਚ ਉਛਾਲ ਆਇਆ ਸੀ। ਕ੍ਰੈਡਿਟ ਸੰਕਟ ਦੇ ਸਮੇਂ ਸੋਨੇ ਨੇ ਹਮੇਸ਼ਾ ਲੈਣ-ਦੇਣ ਦੇ ਸਰਬਸੰਮਤ ਅਤੇ ਸਭ ਤੋਂ ਵੱਧ ਭਰੋਸੇਮੰਦ ਮਾਧਿਅਮ ਵਜੋਂ ਭੂਮਿਕਾ ਨਿਭਾਈ ਹੈ। ਉਸ ਦੀ ਸੀਮਤ ਮਾਤਰਾ ਅਤੇ ਸਰਵ-ਪ੍ਰਵਾਨਤ ਹੋਣ ਕਾਰਨ ਉਸ ਦੇ ਭਾਅ ਵੀ ਸੰਕਟਕਾਲ ਨੂੰ ਛੱਡ ਕੇ ਔਸਤਨ ਸਥਿਰ ਹੀ ਰਹੇ ਹਨ। ਇਸ ਲਈ ਇਸ ਸਮੇਂ ਵਿਸ਼ਵ ਭਰ ਦੇ ਕੇਂਦਰੀ ਬੈਂਕ ਅਤੇ ਬਹੁ-ਰਾਸ਼ਟਰੀ ਨਿਵੇਸ਼ ਕੰਪਨੀਆਂ ਨੇ ਆਪੋ-ਆਪਣੇ ਕੋਸ਼ਾਂ ਵਿਚ ਅਮਰੀਕੀ ਬਾਂਡ ਅਤੇ ਡਾਲਰਾਂ ਨੂੰ ਘਟਾ ਕੇ ਉਨ੍ਹਾਂ ਦੀ ਜਗ੍ਹਾ ਸੋਨਾ ਰੱਖਣਾ ਸ਼ੁਰੂ ਕਰ ਦਿੱਤਾ ਹੈ।

ਪਿਛਲੇ ਪੰਜ ਸਾਲਾਂ ਵਿੱਚ ਚੀਨ ਨੇ ਆਪਣੇ ਸੋਨੇ ਦੇ ਭੰਡਾਰ ਨੂੰ ਵਧਾਉਣ ਲਈ 351 ਟਨ, ਭਾਰਤ ਨੇ 218 ਟਨ ਅਤੇ ਜਾਪਾਨ ਨੇ 81 ਟਨ ਸੋਨਾ ਖ਼ਰੀਦਿਆ ਹੈ। ਭਾਰਤ ਨੇ 51 ਅਰਬ ਡਾਲਰ ਦੇ ਅਮਰੀਕੀ ਬਾਂਡ ਵੇਚ ਕੇ ਉਨ੍ਹਾਂ ਦੇ ਭੰਡਾਰ ਵਿੱਚ 21 ਪ੍ਰਤੀਸ਼ਤ ਦੀ ਕਟੌਤੀ ਕੀਤੀ ਹੈ ਅਤੇ ਉਨ੍ਹਾਂ ਦੀ ਜਗ੍ਹਾ ਸੋਨੇ ਦਾ ਭੰਡਾਰ ਵਧਾ ਕੇ 880 ਟਨ ਕਰ ਲਿਆ ਹੈ ਜੋ ਉਸ ਦੇ ਵਿਦੇਸ਼ੀ ਮੁਦਰਾ ਭੰਡਾਰ ਦਾ 16 ਪ੍ਰਤੀਸ਼ਤ ਹੈ। ਸੋਨੇ ਦੀਆਂ ਕੀਮਤਾਂ ਵਿੱਚ ਨਿਰੰਤਰ ਉਛਾਲ ਦਾ ਮੁੱਖ ਕਾਰਨ ਇਹੀ ਹੈ। ਕੁਝ ਬਾਜ਼ਾਰ ਵਿਸ਼ਲੇਸ਼ਕਾਂ ਦਾ ਤਾਂ ਇਹ ਵੀ ਕਹਿਣਾ ਹੈ ਕਿ ਸੋਨੇ ਦੇ ਭਾਅ ਅਗਲੇ ਦੋ-ਤਿੰਨ ਸਾਲਾਂ ਵਿੱਚ 30,000 ਰੁਪਏ ਪ੍ਰਤੀ ਗ੍ਰਾਮ 'ਤੇ ਵੀ ਪਹੁੰਚ ਸਕਦੇ ਹਨ।

ਅਮਰੀਕੀ ਬਾਂਡ ਦੀ ਸਾਖ਼ ਲੰਬੇ ਸਮੇਂ ਦੇ ਮਾਲੀਆ ਅਨੁਸ਼ਾਸਨ, ਰਾਜਨੀਤਕ ਸਥਿਰਤਾ ਨਾਲ ਮਿਲਣ ਵਾਲੀ ਨਿਸ਼ਚਿਤ ਆਮਦਨ ਤੋਂ ਬਣੀ ਹੈ। ਉਹ ਕਰਜ਼ੇ ਦੀ ਰਕਮ ਡਾਲਰਾਂ ਵਿੱਚ ਅਦਾ ਕਰਨ ਦੇ ਨਾਲ-ਨਾਲ ਵਿਆਜ ਵੀ ਅਦਾ ਕਰਦਾ ਹੈ ਜਿਸ ਦੀਆਂ ਦਰਾਂ ਬਾਂਡ ਦੀ ਮਿਆਦ ਅਤੇ ਤਤਕਾਲੀ ਵਿਆਜ ਦਰਾਂ ਦੇ ਰੁਝਾਨ 'ਤੇ ਨਿਰਭਰ ਕਰਦੀਆਂ ਹਨ। ਆਮ ਤੌਰ 'ਤੇ ਅਮਰੀਕੀ ਬਾਂਡ 'ਤੇ ਮਿਲਣ ਵਾਲੇ ਵਿਆਜ ਦੀਆਂ ਦਰਾਂ ਮਹਿੰਗਾਈ ਦੀ ਦਰ ਤੋਂ ਵੱਧ ਹੀ ਰਹਿੰਦੀਆਂ ਹਨ।


ਇਸ ਲਈ ਆਪਣੇ ਫੰਡ ਵਿੱਚ ਅਮਰੀਕੀ ਬਾਂਡ ਰੱਖਣ ਵਾਲੇ ਦੇਸ਼ ਜਾਂ ਕੰਪਨੀ ਨੂੰ ਫੰਡ ਦੀ ਖ਼ਰੀਦ ਸ਼ਕਤੀ ਦੀ ਸੁਰੱਖਿਆ ਦੇ ਨਾਲ-ਨਾਲ ਵਿਆਜ ਦੇ ਰੂਪ ਵਿੱਚ ਕੁਝ ਲਾਭ ਵੀ ਮਿਲਦਾ ਰਹਿੰਦਾ ਹੈ। ਇਹ ਲਾਭ ਡਾਲਰ ਜਾਂ ਸੋਨਾ ਰੱਖਣ ਨਾਲ ਨਹੀਂ ਮਿਲ ਸਕਦਾ। ਇਹੀ ਕਾਰਨ ਹੈ ਕਿ ਵਿਦੇਸ਼ੀ ਮੁਦਰਾ ਭੰਡਾਰਾਂ ਵਿੱਚ ਅਮਰੀਕੀ ਬਾਂਡ ਦਾ ਅਨੁਪਾਤ ਨਕਦ ਡਾਲਰ ਅਤੇ ਸੋਨੇ ਨਾਲੋਂ ਵੱਧ ਰਹਿੰਦਾ ਹੈ। ਜੋ ਦੇਸ਼ ਅਮਰੀਕਾ ਨਾਲ ਵਪਾਰ ਵਿੱਚ ਸਾਲ-ਦਰ-ਸਾਲ ਲਾਭ ਕਮਾਉਂਦੇ ਰਹੇ ਹਨ, ਉਨ੍ਹਾਂ ਕੋਲ ਅਮਰੀਕੀ ਡਾਲਰ ਜਮ੍ਹਾ ਹੋ ਜਾਂਦੇ ਹਨ। ਇਹ ਦੇਸ਼ ਡਾਲਰਾਂ ਨਾਲ ਅਮਰੀਕੀ ਬਾਂਡ ਖ਼ਰੀਦ ਲੈਂਦੇ ਹਨ। ਵਪਾਰ ਦੇ ਇਸ ਚੱਕਰ ਕਾਰਨ ਅਮਰੀਕਾ ਦਾ ਰਾਸ਼ਟਰੀ ਕਰਜ਼ਾ ਵਧ ਕੇ ਉਸ ਦੀ ਜੀਡੀਪੀ ਦਾ 126 ਪ੍ਰਤੀਸ਼ਤ, ਯਾਨੀ ਸਵਾ ਗੁਣਾ ਹੋ ਚੁੱਕਾ ਹੈ, ਜਿਸ ਦਾ 25 ਪ੍ਰਤੀਸ਼ਤ ਦੂਜੇ ਦੇਸ਼ਾਂ ਕੋਲ ਹੈ ਜਿਨ੍ਹਾਂ ਵਿੱਚ ਯੂਰਪ, ਜਾਪਾਨ, ਚੀਨ ਅਤੇ ਭਾਰਤ ਪ੍ਰਮੁੱਖ ਹਨ।

ਜਦ ਤੱਕ ਅਮਰੀਕਾ ਦੇ ਡਾਲਰ ਅਤੇ ਬਾਂਡ ਦੀ ਸਾਖ਼ ਬਰਕਰਾਰ ਹੈ, ਤਦ ਤੱਕ ਅਮਰੀਕਾ ਨੂੰ ਕਰਜ਼ੇ ਦੇ ਵਧਦੇ ਪਹਾੜ ਦੀ ਖ਼ਾਸ ਚਿੰਤਾ ਨਹੀਂ ਹੈ ਕਿਉਂਕਿ 2000 ਦੇ ਡਾਟ-ਕਾਮ ਅਤੇ 2008 ਦੇ ਵਿੱਤੀ ਸੰਕਟ ਦੇ ਬਾਅਦ ਪਹਿਲਾਂ ਤੋਂ ਘੱਟ ਹੋ ਜਾਣ ਦੇ ਬਾਵਜੂਦ ਦੁਨੀਆ ਭਰ ਦੇ ਵਿਦੇਸ਼ੀ ਮੁਦਰਾ ਭੰਡਾਰਾਂ ਦਾ 57 ਪ੍ਰਤੀਸ਼ਤ ਅੱਜ ਵੀ ਅਮਰੀਕੀ ਬਾਂਡ ਅਤੇ ਡਾਲਰਾਂ ਵਿੱਚ ਹੈ। ਹਾਲਾਂਕਿ ਭਾਰਤ ਇਸ ਸਾਲ ਬ੍ਰਿਕਸ ਦੇਸ਼ਾਂ ਦੇ ਆਪਸੀ ਵਪਾਰ ਲਈ ਕੇਂਦਰੀ ਬੈਂਕਾਂ ਦੀਆਂ ਡਿਜੀਟਲ ਕਰੰਸੀਆਂ ਦੇ ਵਟਾਂਦਰਾ ਲਿੰਕ ਦੀ ਸਥਾਪਨਾ ਦਾ ਪ੍ਰਸਤਾਵ ਰੱਖਣ ਵਾਲਾ ਹੈ ਪਰ ਵਿਸ਼ਵ ਵਪਾਰ ਵਿਚ ਬ੍ਰਿਕਸ ਦੇਸ਼ਾਂ ਦੀ ਹਿੱਸੇਦਾਰੀ 25 ਪ੍ਰਤੀਸ਼ਤ ਹੀ ਹੈ ਅਤੇ ਇਸ ਦਾ ਸਿਹਰਾ ਵੀ ਚੀਨ ਨੂੰ ਜ਼ਿਆਦਾ ਜਾਂਦਾ ਹੈ। ਅੰਤਰਰਾਸ਼ਟਰੀ ਮੁਦਰਾ ਕੋਸ਼ ਦੀ ਹਾਲੀਆ ਰਿਪੋਰਟ ਮੁਤਾਬਕ ਅਮਰੀਕਾ ਅਤੇ ਯੂਰਪ ਨੂੰ ਛੱਡ ਕੇ ਅੱਧੇ ਤੋਂ ਵੱਧ ਵਪਾਰ ਅੱਜ ਵੀ ਡਾਲਰ ਵਿੱਚ ਹੁੰਦਾ ਹੈ। ਭਾਵੇਂ ਰੂਸ, ਚੀਨ, ਭਾਰਤ ਅਤੇ ਦੱਖਣੀ ਅਮਰੀਕੀ ਦੇਸ਼ ਆਪਸੀ ਵਪਾਰ ਆਪਣੀਆਂ ਕਰੰਸੀਆਂ ਵਿੱਚ ਕਰਨ ਲੱਗੇ ਹਨ ਪਰ ਛੋਟੀਆਂ ਕਰੰਸੀਆਂ ਦੀ ਆਪਸੀ ਵਟਾਂਦਰਾ ਦਰ ਅਤੇ ਤੇਲ, ਗੈਸ ਅਤੇ ਸੋਨੇ ਵਰਗੀਆਂ ਮਹੱਤਵਪੂਰਨ ਚੀਜ਼ਾਂ ਦਾ ਮੁੱਲ ਨਿਰਧਾਰਨ ਡਾਲਰ ਵਿੱਚ ਹੀ ਹੁੰਦਾ ਹੈ। ਦੂਜੀਆਂ ਕਰੰਸੀਆਂ ਵਿੱਚ ਲੈਣ-ਦੇਣ ਤੋਂ ਬਾਅਦ ਵੀ ਬਹੁ-ਰਾਸ਼ਟਰੀ ਕੰਪਨੀਆਂ ਅਤੇ ਦੇਸ਼ਾਂ ਨੂੰ ਬਾਜ਼ਾਰ ਦੇ ਉਤਰਾਅ-ਚੜ੍ਹਾਅ ਤੋਂ ਬਚਣ ਲਈ ਸਵੈਪ ਜਾਂ ਹੇਜਿੰਗ ਡਾਲਰ ਵਿੱਚ ਹੀ ਕਰਨੀ ਪੈਂਦੀ ਹੈ।

ਇੰਨਾ ਜ਼ਰੂਰ ਹੈ ਕਿ ਟਰੰਪ ਦੀਆਂ ਵਪਾਰ ਨੂੰ ਹਥਿਆਰ ਵਜੋਂ ਵਰਤਣ ਦੀਆਂ ਨੀਤੀਆਂ ਕਾਰਨ ਦੁਨੀਆ ਅਮਰੀਕੀ ਬਾਂਡ ਅਤੇ ਡਾਲਰ 'ਤੇ ਬਣੀ ਨਿਰਭਰਤਾ ਪ੍ਰਤੀ ਸੁਚੇਤ ਹੋ ਗਈ ਹੈ।

ਉਸ ਤੋਂ ਬਚਣ ਲਈ ਵਪਾਰ ਅਤੇ ਰਾਜਕੋਸ਼ੀ ਸੰਗ੍ਰਹਿ ਵਿੱਚ ਅਮਰੀਕੀ ਬਾਂਡ ਅਤੇ ਡਾਲਰ ਦੇ ਨਾਲ-ਨਾਲ ਸੋਨਾ-ਚਾਂਦੀ ਵਰਗੀਆਂ ਬੇਸ਼ਕੀਮਤੀ ਧਾਤਾਂ ਅਤੇ ਦੂਜੀਆਂ ਮੁਦਰਾਵਾਂ ਨੂੰ ਸ਼ਾਮਲ ਕਰਨ ਦੇ ਸਰਗਰਮ ਯਤਨ ਹੋ ਰਹੇ ਹਨ। ਅਮਰੀਕਾ ਦੀ ਮਨਮਾਨੀ 'ਤੇ ਲਗਾਮ ਕੱਸਣ ਲਈ ਅਮਰੀਕੀ ਬਾਂਡ ਦੀ ਗਿਣੀ-ਮਿੱਥੀ ਬਿਕਵਾਲੀ ਦਾ ਬਦਲ ਵੀ ਹੈ। ਅਜਿਹੀ ਬਿਕਵਾਲੀ ਨਾਲ ਅਮਰੀਕਾ ਨੂੰ ਮਿਲਣ ਵਾਲੇ ਕਰਜ਼ੇ ਦੀਆਂ ਦਰਾਂ ਵਿੱਚ ਉਛਾਲ ਆ ਸਕਦਾ ਹੈ ਜਿਸ ਨਾਲ ਮਨਮਾਨੀ ਕਰਨ ਵਾਲੀ ਸਰਕਾਰ ਨੂੰ ਪਿੱਛੇ ਹਟਣਾ ਪੈ ਸਕਦਾ ਹੈ। ਗ੍ਰੀਨਲੈਂਡ ਵਿਵਾਦ ਵਿੱਚ ਡੈਨਮਾਰਕ ਦੀ ਪੈਨਸ਼ਨ ਕੰਪਨੀ ਅਕੈਡੇਮਿਕਰ ਨੇ ਆਪਣੇ ਸਾਰੇ ਅਮਰੀਕੀ ਬਾਂਡ ਵੇਚ ਕੇ ਇਹੀ ਸੰਕੇਤ ਦਿੱਤਾ ਜਿਸ ਨੇ ਟਰੰਪ ਨੂੰ ਨਰਮ ਪੈਣ ਲਈ ਮਜਬੂਰ ਕੀਤਾ। ਯੂਰਪ ਦੇ ਜਿਸ ਬ੍ਰਹਮ ਅਸਤਰ ਦੀ ਗੱਲ ਹੋ ਰਹੀ ਸੀ, ਉਸ ਵਿੱਚ ਇਹ ਬਦਲ ਵੀ ਸ਼ਾਮਲ ਸੀ, ਕਿਉਂਕਿ ਅਮਰੀਕੀ ਕਰਜ਼ੇ ਦਾ ਕਰੀਬ 20 ਪ੍ਰਤੀਸ਼ਤ ਯੂਰਪ ਅਤੇ ਉਸ ਦੀਆਂ ਕੰਪਨੀਆਂ ਕੋਲ ਹੀ ਹੈ। ਕੁੱਲ ਮਿਲਾ ਕੇ, ਸੋਨਾ ਜਾਂ ਕੋਈ ਹੋਰ ਮੁਦਰਾ ਡਾਲਰ ਦਾ ਸਥਾਨ ਲੈਣ ਦੀ ਸਥਿਤੀ ਵਿਚ ਤਾਂ ਨਹੀਂ ਦਿਖਾਈ ਦਿੰਦੀ, ਪਰ ਬਚਾਅ ਦੀ ਢਾਲ ਜ਼ਰੂਰ ਬਣ ਸਕਦੀ ਹੈ।

# ਭਾਜਪਾ ਲਈ ਸਿਆਸੀ ਸੰਕਟ ਬਣ ਗਿਐ ਯੂ.ਜੀ.ਸੀ. ਦੇ ਨਿਯਮਾਂ ਦਾ ਵਿਵਾਦ



ਅਭੈ ਕੁਮਾਰ ਦੂਬੇ




ਜਦੋਂ ਸੁਪਰੀਮ ਕੋਰਟ ਯੂ.ਜੀ.ਸੀ. ਦੀ ਨਿਯਮਾਂਵਲੀ (ਇਕੁਇਟੀ) 'ਤੇ ਰੋਕ ਲਗਾਉਣ ਦਾ ਫ਼ੈਸਲਾ ਸੁਣਾ ਰਹੀ ਸੀ ਤਾਂ ਉਸ ਸਮੇਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਗਣਤੰਤਰ ਦਿਵਸ ਦੇ ਪ੍ਰੋਗਰਾਮਾਂ ਦੀ ਸਮਾਪਤੀ ਬਾਅਦ ਬੀਟਿੰਗ ਰੀਟਰੀਟ ਦਾ ਸੰਗੀਤ ਸੁਣ ਰਹੇ ਸਨ। ਕੀ ਨਰਿੰਦਰ ਮੋਦੀ ਨੇ ਰਾਹਤ ਦਾ ਸਾਹ ਲਿਆ ਹੋਵੇਗਾ, ਜਦੋਂ ਉਨ੍ਹਾਂ ਦੇ ਇੱਕ ਸਹਾਇਕ ਨੇ ਦੱਸਿਆ ਕਿ ਅਦਾਲਤ ਨੇ ਨਿਯਮਾਂ 'ਤੇ ਰੋਕ ਲਗਾ ਦਿੱਤੀ ਹੈ। ਮੈਨੂੰ ਲੱਗਦਾ ਹੈ ਕਿ ਮੋਦੀ ਨਾ ਤਾਂ ਨਿਯਮਾਂਵਲੀ 'ਤੇ ਸਟੇਅ ਦੇਣ ਨਾਲ ਤੇ ਨਾ ਹੀ ਰੱਦ ਕਰਨ ਨਾਲ ਖੁਸ਼ ਹੋ ਸਕਦੇ ਹਨ। ਅੱਜ ਦੇ ਹਾਲਾਤ ਵਿੱਚ ਭਾਜਪਾ ਵਿਰੁੱਧ ਅੰਦੋਲਨ ਕਰ ਰਹੀਆਂ ਸਮਾਜਿਕ ਤਾਕਤਾਂ ਚੁੱਪ ਨਹੀਂ ਬੈਠਣਗੀਆਂ, ਉਹ ਇਸ ਦੇ ਪੂਰੀ ਤਰ੍ਹਾਂ ਰੱਦ ਹੋਣ ਤੱਕ ਆਪਣਾ ਅੰਦੋਲਨ ਜਾਰੀ ਰੱਖਣਗੀਆਂ, ਕਿਉਂਕਿ ਉਨ੍ਹਾਂ ਨੂੰ ਡਰ ਹੈ ਕਿ ਇਸ ਨਿਯਮਾਂਵਲੀ ਨੂੰ ਕੁਝ ਸੋਧਾਂ ਤੇ ਚਲਾਕ ਸ਼ਬਦਾਵਲੀ ਨਾਲ ਦੁਬਾਰਾ ਲਾਗੂ ਕਰ ਦਿੱਤਾ ਜਾਵੇਗਾ। ਜੇਕਰ ਇਸ ਨਿਯਮਾਂਵਲੀ ਦੇ ਰੱਦ ਹੋਣ 'ਤੇ ਬ੍ਰਾਹਮਣ ਤੇ ਠਾਕੁਰ ਜਸ਼ਨ ਮਨਾਉਣਗੇ ਤਾਂ ਐੱਸ.ਸੀ.-ਐੱਸ.ਟੀ. ਤੇ ਓ.ਬੀ.ਸੀ. ਅੰਦੋਲਨ ਕਰਨ ਲਈ ਮੈਦਾਨ 'ਚ ਕੁੱਦ ਪੈਣਗੇ, ਤਾਂ ਜੋ ਸਰਕਾਰ ਨੂੰ ਕਿਸੇ ਨਾ ਕਿਸੇ ਰੂਪ ਵਿੱਚ ਅਜਿਹੀ ਨਿਯਮਾਂਵਲੀ ਲਾਗੂ ਕਰਨ ਲਈ ਮਜਬੂਰ ਕੀਤਾ ਜਾ ਸਕੇ। ਮੋਦੀ ਜੀ ਪ੍ਰਧਾਨ ਮੰਤਰੀ ਨਿਵਾਸ ਪਹੁੰਚ ਕੇ ਇਸ ਬੋਤਲ 'ਚੋਂ ਨਿਕਲੇ ਜਿੰਨ ਨੂੰ ਵਾਪਸ ਬੰਦ ਕਰਨ ਲਈ ਵਿਉਂਤਾਂ ਬਣਾ ਰਹੇ ਹੋਣਗੇ। ਜਦੋਂ ਇਹ ਬੋਤਲ 'ਚ ਬੰਦ ਸੀ ਤਾਂ ਛੋਟਾ ਲੱਗਦਾ ਸੀ, ਜੋ ਹੁਣ ਵੱਡਾ ਤੇ ਭਿਆਨਕ ਹੋ ਗਿਆ ਹੈ। ਮੋਦੀ ਤੇ ਭਾਜਪਾ ਨੂੰ ਪਤਾ ਨਹੀਂ ਕਿੰਨੀਆਂ ਚਾਲਾਂ ਵਰਤ ਕੇ ਇਸ ਨੂੰ ਵਾਪਸ ਬੋਤਲ ਵਿੱਚ ਬੰਦ ਕਰਨਾ ਪਵੇਗਾ। ਮੋਦੀ ਜੀ ਇਸ ਮਾਮਲੇ ਵਿਚ ਸਮਝ ਚੁੱਕੇ ਹਨ, ਕਿ ਉਨ੍ਹਾਂ ਦੇ ਸੱਜੇ ਪਾਸੇ ਖੂਹ, ਖੱਬੇ ਪਾਸੇ ਖੱਡ, ਸਾਹਮਣੇ ਤਲਾਬ ਤੇ ਪਿੱਛੇ ਨਦੀ ਹੈ, ਉਹ ਜਿਧਰ ਵੀ ਜਾਣਗੇ ਕਿਸੇ ਨਾ ਕਿਸੇ 'ਚ ਡਿਗਣਾ ਲਾਜ਼ਮੀ ਹੈ। ਜ਼ਿਕਰਯੋਗ ਹੈ ਕਿ ਭਾਜਪਾ ਜਦੋਂ ਵੀ ਕਦੇ ਕਿਸੇ ਮੁੱਦੇ 'ਤੇ ਫਸਦੀ ਹੈ ਤਾਂ ਇਸ ਨੂੰ ਵਿਰੋਧੀ ਧਿਰ ਦੀ ਸਾਜਿਸ਼ ਕਰਾਰ ਦੇ ਦਿੰਦੀ ਹੈ। ਪਰ ਯੂ.ਜੀ.ਸੀ. ਦੇ ਕਥਿਤ ਕਾਲੇ ਕਾਨੂੰਨ ਦੇ ਮਾਮਲੇ 'ਚ ਦੋਸ਼ ਸਿੱਧੇ ਤੌਰ 'ਤੇ ਮੋਦੀ ਜੀ ਦੇ ਦਰਵਾਜ਼ੇ 'ਤੇ ਲੱਗ ਰਿਹਾ ਹੈ।

ਇਹ ਜਿੰਨ ਕਿੰਨਾ ਖ਼ਤਰਨਾਕ ਹੈ, ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਜਦੋਂ ਮੋਦੀ ਜੀ ਬੀਟਿੰਗ ਰੀਟਰੀਟ ਦੀ ਧੁਨ ਸੁਣ ਰਹੇ ਸਨ ਤਾਂ ਉਸੇ ਸਮੇਂ ਭਾਜਪਾ ਦੀ ਲਖਨਊ ਇਕਾਈ ਦੇ 11 ਅਹੁਦੇਦਾਰ ਮੰਡਲ ਪੱਧਰ ਦੇ ਜਨਰਲ ਸਕੱਤਰ ਅੰਕਿਤ ਤਿਵਾੜੀ ਦੀ ਅਗਵਾਈ 'ਚ ਯੂ.ਜੀ.ਸੀ. ਦੇ ਕਾਲੇ ਕਾਨੂੰਨ ਦੇ ਵਿਰੋਧ ਵਿੱਚ ਅਸਤੀਫ਼ਾ ਦੇ ਰਹੇ ਸਨ। ਸੰਗਠਨਾਤਮਕ ਅਹੁਦਿਆਂ ਤੋਂ ਅਸਤੀਫ਼ਿਆਂ ਦੀ ਸੂਚੀ ਸਿਰਫ਼ ਉੱਤਰ ਪ੍ਰਦੇਸ਼ ਤੱਕ ਸੀਮਤ ਨਹੀਂ ਹੈ। ਭਾਜਪਾ ਦੇ ਪ੍ਰਭਾਵ ਵਾਲਾ ਪੂਰਾ- ਉੱਤਰੀ ਭਾਰਤ, ਮੱਧ ਭਾਰਤ ਤੇ ਪੱਛਮੀ ਭਾਰਤ ਖੇਤਰ ਯੂ.ਜੀ.ਸੀ. ਦੇ ਕਾਨੂੰਨ ਦੇ ਵਿਰੁੱਧ ਹੈ। ਤਕਨੀਕੀ ਤੌਰ 'ਤੇ ਇਸ ਅੰਦੋਲਨ ਦੀ ਅਗਵਾਈ ਜਨਰਲ ਵਰਗ ਦੇ ਲੋਕਾਂ ਦੁਆਰਾ ਕੀਤੀ ਜਾ ਰਹੀ ਹੈ, ਜਿਨ੍ਹਾਂ 'ਚੋਂ 80-90 ਫ਼ੀਸਦੀ ਲੋਕ ਪਿਛਲੇ 11 ਸਾਲਾਂ ਤੋਂ ਭਾਜਪਾ ਦੇ ਵਫ਼ਾਦਾਰ ਵੋਟਰ ਤੇ ਮੋਦੀ ਪ੍ਰਤੀ ਸਮਰਪਿਤ ਹਨ। ਯੂ.ਪੀ. 'ਚ ਬ੍ਰਾਹਮਣਾਂ ਤੇ ਠਾਕੁਰਾਂ ਵਿਚਕਾਰ ਬਹੁਤ ਪੁਰਾਣੀ ਰਾਜਨੀਤਿਕ ਦੁਸ਼ਮਣੀ ਹੈ। ਪਰ ਇਸ ਅੰਦੋਲਨ ਦੀ ਯੂ.ਪੀ. ਤੇ ਬਿਹਾਰ 'ਚ ਅਗਵਾਈ ਬ੍ਰਾਹਮਣਾਂ ਤੇ ਠਾਕੁਰਾਂ ਦੁਆਰਾ ਕੀਤੀ ਜਾ ਰਹੀ ਹੈ, ਜਦਕਿ ਉੱਚ ਜਾਤੀਆਂ ਦੇ ਸਾਰੇ ਵਰਗ ਪ੍ਰਦਰਸ਼ਨਕਾਰੀਆਂ ਦੀ ਭੀੜ ਵਿਚ ਸ਼ਾਮਿਲ ਹਨ। ਯੂ.ਜੀ.ਸੀ. ਮਾਮਲੇ 'ਚ ਪਰਸ਼ੂਰਾਮ ਸੈਨਾ ਤੇ ਕਰਨੀ ਸੈਨਾ ਦੀ ਏਕਤਾ ਸਪੱਸ਼ਟ ਦਿਖਾਈ ਦੇ ਰਹੀ ਹੈ।

ਜ਼ਿਕਰਯੋਗ ਹੈ ਕਿ ਸਵਾਮੀ ਅਵਿਮੁਕਤੇਸ਼ਵਰਾਨੰਦ ਨੇ ਉੱਤਰ ਪ੍ਰਦੇਸ਼ ਸਰਕਾਰ 'ਤੇ ਆਪਣੇ ਹਮਲੇ ਨਹੀਂ ਰੋਕੇ। ਉਨ੍ਹਾਂ ਯੋਗੀ 'ਤੇ ਹੁਣ ਤੱਕ ਦਾ ਸਭ ਤੋਂ ਤਿੱਖਾ ਹਮਲਾ ਕਰਦਿਆਂ ਕਿਹਾ ਹੈ ਕਿ ਉਹ ਪਹਿਲਾਂ ਹੀ ਸ਼ੰਕਰਾਚਾਰੀਆ ਵਜੋਂ ਆਪਣੇ ਦਰਜੇ ਦਾ ਸਬੂਤ ਦੇ ਚੁੱਕੇ ਹਨ। ਹੁਣ ਯੋਗੀ ਜੀ ਨੂੰ ਚਾਲੀ ਦਿਨਾਂ ਦੇ ਅੰਦਰ ਆਪਣੇ ਹਿੰਦੂ ਹੋਣ ਤੇ ਗਊ-ਭਗਤ ਹੋਣ ਦਾ ਸਬੂਤ ਦੇਣਾ ਚਾਹੀਦਾ ਹੈ। ਜੇਕਰ ਉਹ ਸਬੂਤ ਦੇਣ ਵਿੱਚ ਨਾਕਾਮ ਰਹਿੰਦੇ ਹਨ ਤਾਂ ਇਹ ਮੰਨਿਆ ਜਾਵੇਗਾ ਕਿ ਉਹ ਇੱਕ ਨਕਲੀ ਹਿੰਦੂ, ਪਾਖੰਡੀ ਤੇ ਧੋਖੇਬਾਜ਼ ਹੈ ਅਤੇ ਉਸ ਨੇ ਸਿਰਫ਼ ਦਿਖਾਵੇ ਲਈ ਭਗਵਾਂ ਚੋਲਾ ਪਾਇਆ ਹੋਇਆ ਹੈ। ਸਵਾਮੀ ਨੇ ਗਊ ਨੂੰ ਰਾਜਮਾਤਾ ਐਲਾਨਣ ਤੇ ਉੱਤਰ ਪ੍ਰਦੇਸ਼ ਤੋਂ 'ਬੀਫ' ਦਾ ਨਿਰਯਾਤ ਬੰਦ ਕਰਨ ਦੀ ਮੰਗ ਕਰਦਿਆਂ ਕਿਹਾ ਕਿ ਨਹੀਂ ਤਾਂ ਤੁਹਾਨੂੰ ਗ਼ੈਰ-ਹਿੰਦੂ ਐਲਾਨ ਦਿੱਤਾ ਜਾਵੇਗਾ। ਭਾਵੇਂ ਯੋਗੀ ਤੇ ਮੋਦੀ ਇੱਕ-ਦੂਜੇ ਨੂੰ ਨਾਪਸੰਦ ਕਰਦੇ ਹਨ, ਪਰ ਹਿੰਦੂਤਵ ਦੇ ਇਨ੍ਹਾਂ ਦੋਹਾਂ ਕਮਾਂਡਰਾਂ ਨੂੰ ਕਦੇ ਵੀ ਇਕੋ ਸਮੇਂ ਅਜਿਹੇ ਸੰਕਟ ਦਾ ਸਾਹਮਣਾ ਨਹੀਂ ਕਰਨਾ ਪਿਆ। ਇਹ ਸੰਕਟ ਇੱਕ ਦੋ ਧਾਰੀ ਤਲਵਾਰ ਹੈ: ਜਿਸ ਦੀ ਇੱਕ ਧਾਰ ਮੋਦੀ ਵੱਲ ਤੇ ਦੂਜੀ ਯੋਗੀ ਵੱਲ ਹੈ। ਦੋਹਾਂ ਦੇ ਸਮਰਥਕ ਉਨ੍ਹਾਂ ਦੀ ਪਾਰਟੀ ਭਾਜਪਾ ਤੇ ਸਰਕਾਰ ਨੂੰ ਜੀਅ ਭਰ ਕੇ ਗਾਲਾਂ ਕੱਢ ਰਹੇ ਹਨ। ਜ਼ਿਕਰਯੋਗ ਹੈ ਕਿ ਉੱਚ ਜਾਤੀਆਂ ਦੇ 1990 ਦੇ ਰਾਖਵਾਂਕਰਨ ਵਿਰੋਧੀ ਅੰਦੋਲਨ ਦੌਰਾਨ ਭਾਵੇਂ ਓ.ਬੀ.ਸੀ. ਤੇ ਦਲਿਤ ਚੁੱਪ ਰਹੇ ਸੀ, ਪਰ ਹੁਣ ਉਹ ਚੁੱਪ ਨਹੀਂ ਰਹਿਣਗੇ।

ਜਿਹੜੇ ਚਲਾਕ ਲੋਕ ਭਾਜਪਾ ਦੀ ਹਰ ਅੰਦਰੂਨੀ ਜਾਣਕਾਰੀ ਹੋਣ ਦਾ ਦਾਅਵਾ ਕਰਦੇ ਹਨ, ਉਨ੍ਹਾਂ ਦੇ ਹੋਸ਼ ਗੁੰਮ ਹਨ। ਉਨ੍ਹਾਂ ਨੂੰ ਕੋਈ ਅੰਦਾਜ਼ਾ ਨਹੀਂ ਸੀ ਕਿ ਮੋਦੀ ਜੀ ਕੋਈ ਅਜਿਹਾ ਕਾਨੂੰਨ ਲਿਆਉਣ ਵਾਲੇ ਹਨ। ਇਹ ਲੋਕ ਧਰਮਿੰਦਰ ਪ੍ਰਧਾਨ ਦੇ ਵੱਡੇ ਪ੍ਰਸ਼ੰਸਕ ਸਨ। ਉਹ ਆਰ.ਐੱਸ.ਐੱਸ. ਦੀ ਕਿਸੇ ਵੀ ਆਲੋਚਨਾ ਤੋਂ ਨਾਰਾਜ਼ ਹੋ ਜਾਂਦੇ ਸਨ। ਅੱਜ ਇਹ ਲੋਕ ਵੀ ਦੁਖੀ ਹੋ ਕੇ ਬੋਲ ਰਹੇ ਹਨ ਕਿ ਭਾਜਪਾ ਖੁਦਕੁਸ਼ੀ ਕਰਨ 'ਤੇ ਕਿਉਂ ਤੁਲੀ ਹੋਈ ਹੈ ? ਮੇਰੇ ਕੁਝ ਦੋਸਤਾਂ ਨੇ ਪੁੱਛਿਆ ਹੈ ਕਿ ਰਾਹੁਲ ਗਾਂਧੀ ਨੇ ਯੂ.ਜੀ.ਸੀ. ਦੀ ਇਕੁਇਟੀ ਕਮੇਟੀ ਦੇ ਵਿਵਾਦਪੂਰਨ ਮੁੱਦੇ 'ਤੇ ਕੀ ਕੀਤਾ ?

ਕੀ ਉਨ੍ਹਾਂ ਕੋਈ ਬਿਆਨ ਦਿੱਤਾ ? ਉਸ ਨੂੰ ਕੁਝ ਤਾਂ ਕਰਨਾ ਚਾਹੀਦਾ ਸੀ। ਮੇਰਾ ਇਨ੍ਹਾਂ ਦੋਸਤਾਂ ਨੂੰ ਕਹਿਣਾ ਹੈ ਕਿ ਇਸ ਸਮੇਂ ਰਾਹੁਲ ਗਾਂਧੀ ਨੂੰ ਸਿਰਫ਼ ਬੈਠ ਕੇ ਮੁਸਕਰਾਉਣਾ ਚਾਹੀਦਾ ਹੈ, ਕਿਉਂਕਿ ਸਮਾਜਿਕ ਨਿਆਂ ਦਾ ਜੋ ਬਿਰਤਾਂਤ ਉਨ੍ਹਾਂ ਚਲਾਇਆ ਸੀ, ਉਸ 'ਚ ਮੋਦੀ ਜੀ ਹੀ ਨਹੀਂ ਗ੍ਰਹਿ ਮੰਤਰੀ ਅਮਿਤ ਸ਼ਾਹ ਤੇ ਕੇਂਦਰੀ ਸਿੱਖਿਆ ਮੰਤਰੀ ਧਰਮਿੰਦਰ ਪ੍ਰਧਾਨ ਵੀ ਫਸ ਗਏ ਹਨ। ਆਰ.ਐੱਸ.ਐੱਸ. ਵੀ ਫਸ ਗਈ ਹੈ। ਬਿਰਤਾਂਤ (ਨੈਰੇਟਿਵ) ਦੇ ਲਿਹਾਜ਼ ਨਾਲ ਰਾਹੁਲ ਗਾਂਧੀ ਨੂੰ ਕਦੇ ਵੀ ਇੰਨੀ ਵੱਡੀ ਜਿੱਤ ਨਹੀਂ ਮਿਲੀ। ਉਨ੍ਹਾਂ ਦੇ ਦੋਹਾਂ ਹੱਥਾਂ 'ਚ ਲੱਡੂ ਹਨ। ਜੇਕਰ ਸਰਕਾਰ, ਸੁਪਰੀਮ ਕੋਰਟ ਜਾਂ ਕਿਸੇ ਹੋਰ ਚਾਲ ਰਾਹੀਂ ਪ੍ਰਦਰਸ਼ਨਕਾਰੀਆਂ ਦੀਆਂ ਮੰਗਾਂ ਅਨੁਸਾਰ ਯੂ.ਜੀ.ਸੀ. ਨਿਯਮਾਂ ਨੂੰ ਵਾਪਸ ਲੈਂਦੀ ਹੈ ਜਾਂ ਉਨ੍ਹਾਂ ਵਿੱਚ ਕੋਈ ਸੋਧ ਕਰਦੀ ਹੈ ਤਾਂ ਐੱਸ.ਸੀ./ਐੱਸ.ਟੀ. ਅਤੇ ਓ.ਬੀ.ਸੀ. ਮੈਦਾਨ 'ਚ ਉਤਰ ਆਉਣਗੇ। ਮੋਦੀ ਤੇ ਭਾਜਪਾ ਦੇ ਵੱਡੇ ਸਮਰਥਕਾਂ ਵੱਲੋਂ ਪਾਰਟੀ ਦਾ ਸਾਥ ਛੱਡਣ ਨਾਲ ਸਾਰੀ ਖੇਡ ਵਿਗੜ ਜਾਵੇਗੀ। ਭਾਜਪਾ ਦੀ ਹਿੰਦੂਆਂ ਨੂੰ ਮੁਸਲਮਾਨਾਂ ਦੇ ਵਿਰੁੱਧ ਖੜ੍ਹਾ ਕਰਨ ਦੀ ਖੇਡ ਠੰਢੀ ਪਈ ਹੋਈ ਸੀ।

ਯੂ.ਜੀ.ਸੀ. ਦੇ ਨਿਯਮਾਂ ਨੂੰ 'ਕਾਲਾ ਕਾਨੂੰਨ' ਕਹਿਣ ਵਾਲਾ ਜਨਰਲ ਵਰਗ ਭਾਜਪਾ ਦਾ ਜੇਬੀ ਵੋਟਰ ਹੈ, ਜੋ ਇਸ ਸਮੇਂ ਸਰਕਾਰ ਤੇ ਮੋਦੀ ਦੇ ਇੰਨਾ ਖ਼ਿਲਾਫ਼ ਹੈ ਕਿ ਉਹ ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਵਿਰੁੱਧ ਭੱਦੀ ਭਾਸ਼ਾ ਵਰਤ ਰਿਹਾ ਹੈ। ਦੂਜੇ ਪਾਸੇ ਦਲਿਤ, ਆਦਿਵਾਸੀ ਤੇ ਪਛੜੀਆਂ ਜਾਤੀਆਂ ਕਦੇ ਭਾਜਪਾ ਨੂੰ ਵੋਟ ਦਿੰਦੀਆਂ ਹਨ ਤੇ ਕਦੇ ਨਹੀਂ। (ਬਾਕੀ ਸਫ਼ਾ 27 'ਤੇ)

ਦਿੱਲੀ ਫ਼ਤਹਿ ਦਿਵਸ ਉੱਪਰ ਵਿਸ਼ੇਸ਼

# ਦਿੱਲੀ ਜਿੱਤਣ ’ਚ ਬਾਬਾ ਬਘੇਲ ਸਿੰਘ ਦਾ ਯੋਗਦਾਨ

ਗੁਰਪ੍ਰੀਤ ਸਿੰਘ ਤਲਵੰਡੀ

ਸਿੱਖ ਕੌਮ ਦੇ ਜਾਂਬਾਜ਼ ਜੋਧਿਆਂ ਵਿੱਚੋਂ ਜੱਥੇਦਾਰ ਬਘੇਲ ਸਿੰਘ ਦਾ ਨਾਂਅ ਪਹਿਲੀ ਕਤਾਰ ’ਚ ਆਉਂਦਾ ਹੈ। ਉਨ੍ਹਾਂ ਦਾ ਜਨਮ 1730 ਨੂੰ ਮਾਝੇ ਦੇ ਇਤਿਹਾਸਿਕ ਕਸਬੇ ਝਬਾਲ (ਅੰਮ੍ਰਿਤਸਰ) ਵਿੱਚ ਹੋਇਆ। ਆਪ ਦੇ ਪਰਿਵਾਰ ਦਾ ਸਬੰਧ ਮਾਝੇ ਦੇ 84 ਪਿੰਡਾਂ ਦੇ ਮਾਲਕ ਚੌਧਰੀ ਲੰਗਾਹ ਢਿੱਲੋਂ ਨਾਲ ਜਾ ਜੁੜਦਾ ਹੈ। ਚੌਧਰੀ ਲੰਗਾਹ ਗੁਰੂ ਅਰਜਨ ਦੇਵ ਜੀ ਦਾ ਸ਼ਰਧਾਲੂ ਸੀ ਅਤੇ ਮੁਕਤਸਰ ਦੀ ਜੰਗ ਵਿੱਚ ਆਪਣੇ ਜੌਹਰ ਦਿਖਾਉਣ ਵਾਲੀ ਸਿੰਘਣੀ ਮਾਈ ਭਾਗੋ ਦੇ ਦਾਦਾ ਭਾਈ ਪੈਰੋ ਸ਼ਾਹ ਢਿੱਲੋਂ ਦੇ ਛੋਟੇ ਭਰਾ ਸਨ।

ਪਰ ਇਤਿਹਾਸ ਵਿੱਚ ਲਿਖਿਆ ਮਿਲਦਾ ਹੈ ਕਿ ਬਘੇਲ ਸਿੰਘ ਧਾਲੀਵਾਲ ਦਾ ਅਸਲ ਪਿੰਡ ਮੋਗਾ ਜ਼ਿਲਾ ਵਿੱਚ ਰਾਊਕੇ ਕਲਾਂ ਹੈ। ਇਤਿਹਾਸਕ ਕਸਬੇ ਝਬਾਲ ਵਿੱਚ ਆਪ ਦੇ ਨਾਨਕੇ ਵੀ ਹੋ ਸਕਦੇ ਹਨ। ਝਬਾਲ ਵਿੱਚ ਜਾ ਕੇ ਖੋਜ ਪੜਤਾਲ ਕੀਤੇ ਤੋਂ ਭਾਵੇਂ ਕੋਈ ਵੀ ਇਤਿਹਾਸਕ ਨਿਸ਼ਾਨੀ ਨਹੀਂ ਮਿਲ ਸਕੀ, ਲੇਕਿਨ 12 ਪੱਤੀਆਂ ਤੇ 7 ਗ੍ਰਾਮ ਪੰਚਾਇਤਾਂ ਵਿੱਚੋਂ ਇਕ ਪਿੰਡ ਦਾ ਨਾਂਅ ‘ਝਬਾਲ ਜੱਥੇਦਾਰ ਬਘੇਲ ਸਿੰਘ’ ਹੈ। ਇਸ ਤੋਂ ਬਿਨਾਂ ਪਿੰਡ ਝਬਾਲ ਖੁਰਦ, ਝਬਾਲ ਸਵਰਗਪੁਰੀ, ਝਬਾਲ ਖਾਮ, ਝਬਾਲ ਪੁਖਤਾ, ਝਬਾਲ ਅੱਡਾ, ਝਬਾਲ ਚੌਧਰੀ ਲੰਗਾਹ ਪਿੰਡ ਵਸੇ ਹੋਏ ਹਨ। ਇਨ੍ਹਾਂ ਵਿੱਚੋਂ ਪਿੰਡ ਝਬਾਲ ਖਾਮ ਵਿੱਚ ਜੱਥੇਦਾਰ ਬਘੇਲ ਸਿੰਘ ਦੇ ਨਾਂਅ ’ਤੇ ਬਹੁਤ ਹੀ ਆਲੀਸ਼ਾਨ ਗੁਰਦੁਆਰਾ ਸਾਹਿਬ ਮੌਜੂਦ ਹੈ। ਇਤਿਹਾਸਿਕ ਕਸਬੇ ਝਬਾਲ ਵਿੱਚ ਜੱਥੇਦਾਰ ਬਘੇਲ ਸਿੰਘ ਦੀ ਯਾਦ ਵਿੱਚ ਗੁਰਦੁਆਰਾ ਸਾਹਿਬ ਦੀ ਸਥਾਪਨਾ ਉਕਤ ਜੱਥੇਦਾਰ ਦੇ ਝਬਾਲ ਨਾਲ ਗਹਿਰੇ ਸਬੰਧਾਂ ਨੂੰ ਉਜਾਗਰ ਕਰਨ ਵਾਲੇ ਤੱਥ ਹਨ।

ਜੱਥੇਦਾਰ ਬਘੇਲ ਸਿੰਘ ਦੇ ਜੀਵਨ ਸਬੰਧੀ ਇਤਿਹਾਸ ਦੇ ਵਰਕੇ ਫਰੋਲੀਏ ਤਾਂ ਇਹ ਪਤਾ ਲੱਗਦਾ ਹੈ ਕਿ 1748 ਈ: ਨੂੰ ਜਿਸ ਵਕਤ ਦਲ ਖ਼ਾਲਸਾ ਦਾ ਉਭਾਰ ਹੋ ਰਿਹਾ ਸੀ, ਉਸ ਸਮੇਂ ਲਾਹੌਰ ਜ਼ਿਲ੍ਹੇ ਦੇ ਪਿੰਡ ਬਰਕੀ ਵਿੱਚ ਵਿਰਕ ਗੋਤ ਨਾਲ਼ ਸਬੰਧਿਤ ਕਰੋੜਾ ਸਿੰਘ ਪੈਦਾ ਹੋਇਆ, ਜੋ ਪਿੱਛੋਂ ਜਾ ਕੇ ਕਰੋੜ ਸਿੰਘੀਆ ਮਿਸਲ ਦਾ ਸਰਦਾਰ ਬਣਿਆ। ਇਤਿਹਾਸ ਦੱਸਦਾ ਹੈ ਕਿ ਬੇਹੱਦ ਜ਼ਾਲਮ ਮੁਗ਼ਲ ਬਾਦਸ਼ਾਹ ਜ਼ਕਰੀਆ ਖ਼ਾਨ ਨੇ 20 ਕੁ ਸਾਲ ਦੀ ਉਮਰ ਵਿੱਚ ਕਰੋੜਾ ਸਿੰਘ ਨੂੰ ਜਬਰੀ ਮੁਸਲਮਾਨ ਬਣਾ ਦਿੱਤਾ। ਪਰ ਆਪ ਬੜੀ ਜਲਦੀ ਹੀ ਅੰਮ੍ਰਿਤ ਦੀ ਦਾਤ ਪ੍ਰਾਪਤ ਕਰਕੇ ਸਿੰਘ ਸਜ ਗਏ। ਕਰੋੜਾ ਸਿੰਘ ਦੇ ਆਪਣੇ ਕੋਈ ਪੁੱਤਰ ਨਹੀਂ ਸੀ। ਉਸਨੇ ਆਪਣੇ ਘਰੇਲੂ ਨੌਕਰ ਬਘੇਲ ਸਿੰਘ ਨੂੰ ਗੋਦ ਲੈ ਰੱਖਿਆ ਸੀ। 1761 ਨੂੰ ਹੋਈ ਤਰਾਈ ਦੀ ਲੜਾਈ ਦੌਰਾਨ ਕਰੋੜਾ ਸਿੰਘ ਮਾਰਿਆ ਗਿਆ। ਉਸ ਤੋਂ ਬਾਅਦ ਬਘੇਲ ਸਿੰਘ ਨੇ ਕਰੋੜ ਸਿੰਘੀਆ ਮਿਸਲ ਦੀ ਵਾਗਡੋਰ ਸੰਭਾਲ਼ੀ। ਜੱਥੇਦਾਰ ਬਘੇਲ ਸਿੰਘ ਨੇ ਆਪਣੀ ਸੂਝ-ਬੂਝ ਸਦਕਾ ਸਿੱਖ ਮਿਸਲਾਂ ਨੂੰ ਸੰਗਠਤ ਕਰ ਕੇ ਹਿੰਦੁਸਤਾਨ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਕੇ ਹਿੰਦੁਸਤਾਨ ਦੇ ਇਤਿਹਾਸ ਨੂੰ ਇੱਕ ਨਵਾਂ ਮੋੜ ਦਿੱਤਾ।



ਜਦ ਬਘੇਲ ਸਿੰਘ ਨੇ ਕਰੋੜ ਸਿੰਘੀਆ ਮਿਸਲ ਦਾ ਕਾਰਜ ਭਾਰ ਸੰਭਾਲਿਆ ਤਾਂ ਉਸ ਵਕਤ ਦਿੱਲੀ ਦੇ ਤਖ਼ਤ ’ਤੇ ਮੁਗ਼ਲ ਹਾਕਮ ਸ਼ਾਹ ਆਲਮ ਦੂਜਾ ਰਾਜ ਕਰ ਰਿਹਾ ਸੀ। ਬਘੇਲ ਸਿੰਘ ਨੇ ਸਭ ਤੋਂ ਪਹਿਲਾਂ ਹੁਸ਼ਿਆਰਪੁਰ ’ਤੇ ਕਬਜ਼ਾ ਕਰ ਕੇ ਆਪਣੀ ਜੇਤੂ ਮੁਹਿੰਮ ਦੀ ਸ਼ੁਰੂਆਤ ਕੀਤੀ। ਉਸ ਦੀਆਂ ਤਿੰਨ ਪਤਨੀਆਂ ਸਨ। ਹੁਸ਼ਿਆਰਪੁਰ ਦੇ ਕਸਬਾ ਹਰਿਆਣਾ ਨੂੰ ਆਪਣੀ ਰਾਜਧਾਨੀ ਬਣਾ ਕੇ ਆਪਣੀ ਪਹਿਲੀ ਪਤਨੀ ਰੂਪ ਕੰਵਲ ਨੂੰ ਰਾਜ ਦੇ ਅੰਦਰੂਨੀ ਮਾਮਲਿਆਂ ਦਾ ਪ੍ਰਬੰਧ ਸੌਂਪਿਆ। 1764 ਵਿੱਚ ਸਿੱਖਾਂ ਦੁਆਰਾ ਸਰਹਿੰਦ ਦੀ ਜਿੱਤ ਅਤੇ ਸਰਹਿੰਦ ਦੇ ਗਵਰਨਰ ਜ਼ੈਨ ਖ਼ਾਨ ਦੀ ਮੌਤ ਪਿੱਛੋਂ ਸਿੱਖ ਸਰਦਾਰਾਂ ਨੇ ਆਪੋ-ਆਪਣੇ ਇਲਾਕੇ ਵੰਡ ਲਏ। ਇਸ ਦੌਰਾਨ ਬਘੇਲ ਸਿੰਘ ਨੇ ਕਰਨਾਲ ਦੇ ਲਾਗੇ ਛਲੌਂਦੀ, ਜ਼ਮਾਇਤਗੜ੍ਹ ਖੁਰਦੀਨ, ਕਿਨੌਂਗੀ ਆਦਿ ’ਤੇ ਕਬਜ਼ਾ ਕਰ ਕੇ ਛਲੌਂਦੀ ਨੂੰ ਆਪਣੀ ਦੂਜੀ ਰਾਜਧਾਨੀ ਬਣਾਇਆ। ਇਸ ਦਾ ਸਮੁੱਚਾ ਪ੍ਰਬੰਧ ਆਪਣੀ ਦੂਜੀ ਪਤਨੀ ਰਾਜ ਕੰਵਰ ਨੂੰ ਸੰਭਾਲ ਦਿੱਤਾ। ਤੀਜੀ ਪਤਨੀ ਰਤਨ ਕੌਰ ਨੂੰ ਕਲਾਵਰ ਦਾ ਪ੍ਰਬੰਧ ਸੌਂਪ ਦਿੱਤਾ। ਇਸੇ ਤਰ੍ਹਾਂ 1775 ਨੂੰ ਸਰਦਾਰ ਹਰੀ ਸਿੰਘ ਭੰਗੀ ਨੂੰ ਹਰਾ ਕੇ ਉਸਦੇ ਕਬਜ਼ੇ ਵਾਲੇ ਤਿੰਨ ਪਰਗਨੇ ਤਰਨ ਤਾਰਨ, ਸਭਰਾਓਂ ਅਤੇ ਸਰਹਾਲੀ ਨੂੰ ਆਪਣੇ ਕਬਜ਼ੇ ਵਿੱਚ ਕੀਤਾ।

ਸਰਹਿੰਦ ਜਿੱਤਣ ਤੋਂ ਬਾਅਦ ਨਵਾਬ ਜੱਸਾ ਸਿੰਘ ਆਹਲੂਵਾਲ਼ੀਆ ਅਤੇ ਜੱਥੇਦਾਰ ਬਘੇਲ ਸਿੰਘ ਦੀ ਅਗਵਾਈ ਵਾਲੀਆਂ ਸੰਗਠਿਤ ਫ਼ੌਜਾਂ ਨੇ 20 ਫਰਵਰੀ 1764 ਨੂੰ ਸਹਾਰਨਪੁਰ, ਮੁਜ਼ੱਫਰਨਗਰ ਅਤੇ ਮੇਰਠ ਜਿੱਤ ਕੇ ਨਜੀਬਾਵਾਦ, ਮੁਰਾਦਾਬਾਦ ਅਤੇ ਅਨੂਪ ਸ਼ਹਿਰ ’ਤੇ ਜਿੱਤ ਹਾਸਲ ਕੀਤੀ। 22 ਅਪ੍ਰੈਲ 1775 ਨੂੰ ਕੁੰਜਪੁਰਾ ਨੇੜਿਉਂ ਜਮਨਾ ਨਦੀ ਪਾਰ ਕਰ ਕੇ 15 ਜੁਲਾਈ, 1775 ਨੂੰ ਦਿੱਲੀ ਦੇ ਹੀ ਪਹਾੜਗੰਜ ਅਤੇ ਜੈ ਸਿੰਘਪੁਰਾ ਨੂੰ ਜਿੱਤਿਆ। 1778 ਵਿਚ ਮੁਗ਼ਲ ਬਾਦਸ਼ਾਹ ਸ਼ਾਹ ਆਲਮ ਦੂਜਾ ਨੇ ਸਿੱਖਾਂ ਨੂੰ ਸਬਕ ਸਿਖਾਉਣ ਦੇ ਇਰਾਦੇ ਨਾਲ 1 ਲੱਖ ਸਿਪਾਹੀਆਂ ਦੀ ਫ਼ੌਜ ਭੇਜੀ। ਮੁਗ਼ਲ ਫ਼ੌਜਾਂ ਦੀ ਅਗਵਾਈ ਵਜ਼ੀਰ ਨਵਾਬ ਮਾਜਦ ਉਦ ਦੌਲਾ ਕਰ ਰਿਹਾ ਸੀ, ਦੂਸਰੇ ਪਾਸੇ ਬਘੇਲ ਸਿੰਘ ਇੱਕ ਤਕੜਾ ਯੋਧਾ ਹੋਣ ਦੇ ਨਾਲ-ਨਾਲ ਇੱਕ ਚੰਗਾ ਨੀਤੀਘਾੜਾ ਵੀ ਸੀ। ਪਟਿਆਲਾ ਦੇ ਲਾਗੇ ਘਨੌਰ ਵਿੱਚ ਦੋਵਾਂ ਪਾਸਿਆਂ ਤੋਂ ਚੰਗਾ ਯੁੱਧ ਹੋਇਆ। ਜਿਸ ਵਿੱਚ ਲੱਖਾਂ ਦੀ ਗਿਣਤੀ ਵਾਲੀ ਮੁਗਲ ਫੌਜ ਨੇ ਬਘੇਲ ਸਿੰਘ ਅੱਗੇ ਗੋਡੇ ਟੇਕ ਦਿੱਤੇ। ਹੁਣ ਗੰਗਾ-ਜਮੁਨਾਂ ਦੁਆਬ ਦਾ ਸਮੁੱਚਾ ਹਿੱਸਾ ਸਿੱਖਾਂ ਦੇ ਰਹਿਮੋ ਕਰਮ ’ਤੇ ਹੀ ਸੀ। ਇਸ ਤੋਂ ਬਾਅਦ 50,000 ਦੀ ਗਿਣਤੀ ਵਾਲ਼ੇ ਦਲ ਖਾਲਸਾ ਨੇ ਦਿੱਲੀ ਵੱਲ ਕੂਚ ਕੀਤਾ।

ਫਰਵਰੀ 1783 ਨੂੰ ਗਾਜ਼ੀਆਬਾਦ, ਸ਼ਿਕੋਹਾਬਾਦ, ਅਲੀਗੜ੍ਹ ਅਤੇ ਬੁਲੰਦ ਸ਼ਹਿਰ ਨੂੰ ਆਪਣੇ ਕਬਜੇ ’ਚ ਕੀਤਾ। ਦਿੱਲੀ ਵਿੱਚ ਦਾਖਲੇ ਸਮੇਂ ਜੱਸਾ ਸਿੰਘ ਆਹਲੂਵਾਲੀਆ ਅਤੇ ਜੱਥੇਦਾਰ ਬਘੇਲ ਸਿੰਘ ਨੇ ਆਪਣੀ 50,000 ਦੇ ਕਰੀਬ ਸੈਨਾ ਨੂੰ ਦੋ ਹਿੱਸਿਆਂ ਵਿਚ ਵੰਡ ਲਿਆ। ਬਘੇਲ ਸਿੰਘ ਨੇ ਆਪਣੀ 30,000 ਫ਼ੌਜ ਨੂੰ ਤੀਸ ਹਜ਼ਾਰੀ ਵਾਲੇ ਸਥਾਨ ’ਤੇ ਰੱਖਿਆ। 8 ਮਾਰਚ 1783 ਨੂੰ ਮਲਕਾ ਗੰਜ, ਸਬਜ਼ੀ ਮੰਡੀ, ਮੁਗ਼ਲਪੁਰਾ ਅਤੇ ਅਜਮੇਰੀ ਦਰਵਾਜ਼ੇ ਨੂੰ ਬੁਰੀ ਤਰ੍ਹਾਂ ਤਹਿਸ-ਨਹਿਸ ਕਰ ਕੇ ਸਿੱਖ ਫ਼ੌਜਾਂ ਅੱਗੇ ਵਧੀਆਂ। ਦੂਜੇ ਪਾਸਿਓਂ ਸਿੱਖ ਜਰਨੈਲ ਜੱਸਾ ਸਿੰਘ ਰਾਮਗੜ੍ਹੀਆ ਆਪਣੇ 10 ਹਜ਼ਾਰ ਸੈਨਿਕਾਂ ਨਾਲ ਹਿਸਾਰ ਵਾਲ਼ੇ ਪਾਸਿਓਂ ਦਿੱਲੀ ਪੁੱਜਾ। ਇਸ ਦੌਰਾਨ ਮਿਰਜ਼ਾ ਸ਼ਿਕੋਹ ਨੇ ਸਿੱਖਾਂ ਨੂੰ ਦਿੱਲੀ ਵਿੱਚ ਦਾਖ਼ਲ ਹੋਣ ਤੋਂ ਰੋਕਣਾ ਚਾਹਿਆ, ਪਰ ਅਸਫਲ ਰਿਹਾ। ਇਸ ਤੋਂ ਬਾਅਦ ਫਜ਼ਲ ਅਲੀ ਖ਼ਾਨ ਵੀ ਵਿਰੋਧ ਕਰਨ ਲਈ ਅੱਗੇ ਵਧਿਆ, ਪ੍ਰੰਤੂ ਉਸ ਨੂੰ ਵੀ ਮੂੰਹ ਦੀ ਖਾਣੀ ਪਈ। 11 ਮਾਰਚ 1783 ਨੂੰ ਸਮੁੱਚੇ ਸ਼ਹਿਰ ਉੱਪਰ ਜਿੱਤ ਪ੍ਰਾਪਤ ਕਰਨ ਤੋਂ ਬਾਅਦ ਸਿੱਖ ਕੌਮ ਦੇ ਤਿੰਨੇ ਪ੍ਰਸਿੱਧ ਜਰਨੈਲ ਅਜਮੇਰੀ ਦਰਵਾਜ਼ਾ ਤੋੜ ਕੇ ਅਤੇ ਹੌਜ਼ ਕਾਜ਼ੀ ਨੂੰ ਤਹਿਸ-ਨਹਿਸ ਕਰ ਕੇ ਬਿਨਾਂ ਕਿਸੇ ਵਿਰੋਧ ਦੇ ਦੀਵਾਨ-ਏ-ਆਮ ’ਤੇ ਕਾਬਜ਼ ਹੋ ਗਏ। ਤਿੰਨੇ ਸਿੱਖ ਜਰਨੈਲਾਂ ਦੀ ਅਗਵਾਈ ਹੇਠ ਦੇਸ਼ ਦੀ ਰਾਜਧਾਨੀ ਦਿੱਲੀ ਦੇ ਲਾਲ ਕਿਲ੍ਹੇ ਉੱਪਰ ਕੇਸਰੀ ਨਿਸ਼ਾਨ ਸਾਹਿਬ ਲਹਿਰਾਅ ਕੇ ਦੁਨੀਆ ਦੇ ਇਤਿਹਾਸ ਵਿੱਚ ਇੱਕ ਹੋਰ ਸੁਨਹਿਰੀ ਪੰਨੇ ਜੋੜ ਦਿੱਤਾ। ਦਿੱਲੀ ਦੇ ਤਖ਼ਤ ’ਤੇ ਬੈਠਣ ਲਈ ਜੱਥੇਦਾਰ ਜੱਸਾ ਸਿੰਘ ਰਾਮਗੜ੍ਹੀਆ ਅਤੇ ਨਵਾਬ ਜੱਸਾ ਸਿੰਘ ਆਹਲੂਵਾਲੀਆ ਦੇ ਸੈਨਿਕਾਂ ਨੇ ਆਪੋ ਵਿੱਚ ਇੱਕ ਦੂਜੇ ਖਿਲਾਫ਼ ਤਲਵਾਰਾਂ ਵੀ ਸੂਤ ਲਈਆਂ ਸਨ, ਲੇਕਿਨ ਪ੍ਰਮੁੱਖ ਜਰਨੈਲਾਂ ਦੀ ਸਿਆਣਪ ਨਾਲ਼ ਮਾਮਲਾ ਠੰਢਾ ਪੈ ਗਿਆ।

(ਬਾਕੀ ਸਫ਼ਾ 27 ’ਤੇ)

# ਆਪਸੀ ਦੂਸ਼ਣਬਾਜ਼ੀ, ਇਲਜ਼ਾਮ ਅਤੇ ਕਿਰਦਾਰ-ਕੁਸ਼ੀ, ਸਿੱਖ ਤਾਕਤ ਦੀ ਸਭ ਤੋਂ ਵੱਡੀ ਦੁਸ਼ਮਣ



ਬਘੇਲ ਸਿੰਘ ਧਾਲੀਵਾਲ

ਸਿੱਖ ਕੌਮ ਅੱਜ ਕਿਸੇ ਇੱਕ ਦੁਸ਼ਮਣ ਨਾਲ ਨਹੀਂ ਲੜ ਰਹੀ। ਉਹ ਆਪਣੀ ਹੀ ਪਰਛਾਈਂ ਨਾਲ ਵੀ ਭਿੜ ਰਹੀ ਹੈ। ਦੁੱਖ ਦੀ ਗੱਲ ਇਹ ਨਹੀਂ ਕਿ ਵਿਰੋਧੀ ਤਾਕਤਾਂ ਸਾਜ਼ਿਸ਼ਾਂ ਕਰ ਰਹੀਆਂ ਹਨ, ਸਗੋਂ ਇਸ ਤੋਂ ਵੱਡੇ ਦੁੱਖ ਦੀ ਗੱਲ ਇਹ ਹੈ ਕਿ ਹੁਣ ਉਨ੍ਹਾਂ ਨੂੰ ਸਾਜ਼ਿਸ਼ ਕਰਨ ਦੀ ਲੋੜ ਹੀ ਨਹੀਂ ਰਹਿ ਗਈ। ਸਿੱਖ ਆਪਸ ਵਿੱਚ ਇੰਨੇ ਉਲਝ ਚੁੱਕੇ ਹਨ ਕਿ ਵਿਰੋਧੀ ਸਿਰਫ਼ ਦੂਰੋਂ ਬੈਠ ਕੇ ਸਿੱਖਾਂ ਦਾ ਤਮਾਸ਼ਾ ਵੇਖ ਰਹੇ ਹਨ।

ਅੱਜ ਸਿੱਖ ਕੌਮ ਦੇ ਅੰਦਰ ਫੁੱਟ ਦੀ ਦਰਾਰ ਇੰਨੀ ਗਹਿਰੀ ਹੋ ਚੁੱਕੀ ਹੈ ਕਿ ਹਰ ਤੀਜਾ ਬੰਦਾ ਸ਼ੱਕੀ ਜਾਪਦਾ ਹੈ। ਸਿੱਖ ਇੱਕ-ਦੂਜੇ ’ਤੇ ਵਿਕਿਆ ਹੋਇਆ, ਏਜੰਸੀਆਂ ਦੇ ਹੱਥਾਂ ਵਿੱਚ ਖੇਡਣ ਵਾਲਾ ਅਤੇ ਹੋਰ ਪਤਾ ਨਹੀਂ ਕੀ-ਕੀ ਇਲਜ਼ਾਮ ਬਿਨਾਂ ਮਤਲਬ ਲਾਏ ਜਾਣ ਦਾ ਕੋਈ ਮੌਕਾ ਨਹੀਂ ਛੱਡ ਰਹੇ। ਜਿਹੜਾ ਵੀ ਸਿੱਖ ਕੌਮੀ ਹਿਤਾਂ ਦੀ ਗੱਲ ਕਰਨ ਦੀ ਕੋਸ਼ਿਸ਼ ਕਰਦਾ ਹੈ, ਉਸ ’ਤੇ ਬੇਗਾਨਿਆਂ ਨਾਲੋਂ ਪਹਿਲਾਂ ਆਪਣੇ ਹੀ ਦੂਸ਼ਣ ਲਾਉਣੇ ਸ਼ੁਰੂ ਕਰ ਦਿੰਦੇ ਹਨ। ਸੱਚ ਇਹ ਹੈ ਕਿ ਸਿੱਖ ਅਸਲ ਮੁੱਦੇ ਭੁੱਲ ਗਏ ਹਨ ਅਤੇ ਮੋਰਚੇ ਆਪਸ ਵਿੱਚ ਖੋਲ੍ਹ ਲਏ ਹਨ।

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਹੋਵੇ ਜਾਂ ਬੰਦੀ ਸਿੰਘਾਂ ਦੀ ਰਿਹਾਈ ਦਾ ਮਸਲਾ, ਨੌਜਵਾਨਾਂ ਦਾ ਨਸ਼ਿਆਂ ਵਿੱਚ ਡੁੱਬਣਾ ਹੋਵੇ ਜਾਂ ਬਰਬਾਦੀ ਦੀ ਕਗਾਰ ’ਤੇ ਖੜ੍ਹੀ ਕਿਸਾਨੀ — ਹਰ ਥਾਂ ਸਿੱਖ ਇਕਸੁਰ ਹੋਣ ਦੀ ਥਾਂ ਧੜਿਆਂ ਵਿੱਚ ਵੰਡੇ ਨਜ਼ਰ ਆਉਂਦੇ ਹਨ। ਇੱਕ ਧੜਾ ਦੂਜੇ ਨੂੰ ਗੱਦਾਰ ਕਹਿੰਦਾ ਹੈ, ਦੂਜਾ ਪਹਿਲੇ ਦੀ ਕਿਰਦਾਰ-ਕੁਸ਼ੀ ਵਿੱਚ ਸਾਰੀਆਂ ਹੱਦਾਂ ਪਾਰ ਕਰ ਜਾਂਦਾ ਹੈ। ਭਾਵ, ਆਪਸ ਵਿੱਚ ਲੜਨ ਤੋਂ ਬਿਨਾਂ ਵਿਹਲ ਨਹੀਂ ਹੈ, ਮਸਲੇ ਤਾਂ ਪਏ ਢੱਠੇ ਖੂਹ ਵਿੱਚ ਹਨ।

ਬੀਤੇ ਦਿਨੀਂ ਸ੍ਰੀ ਸਿਮਰਨਜੀਤ ਸਿੰਘ ਮਾਨ ਦੇ ਦੋਹਤੇ ਵੱਲੋਂ ਵਿਆਹ ਦੀਆਂ ਰਸਮਾਂ ਵਿੱਚ ਆਪਣੇ ਉੱਤੇ ਚੌਰ ਸਾਹਿਬ ਝੁਲਾਉਣ ਦਾ ਮਸਲਾ ਸਾਹਮਣੇ ਆਇਆ ਸੀ। ਬਿਨਾਂ ਸ਼ੱਕ ਅੱਜ ਦੇ ਸੰਦਰਭ ਵਿੱਚ ਇਸ ਨੂੰ ਅਵੱਗਿਆ ਵਜੋਂ ਨਹੀਂ ਛੱਡਿਆ ਜਾ ਸਕਦਾ। ਉਹ ਸਮੇਂ ਹੁਣ ਲੱਦ ਚੁੱਕੇ ਹਨ ਜਦੋਂ ਰਾਜੇ-ਮਹਾਰਾਜਿਆਂ ਦੇ ਸਿਰਾਂ ’ਤੇ ਚੌਰ ਝੁਲਾਏ ਜਾਂਦੇ ਸਨ। ਹੁਣ ਜਦੋਂ ਰਾਜਸ਼ਾਹੀ ਜਾਂ ਰਿਆਸਤਾਂ ਦਾ ਦੌਰ ਹੀ ਨਹੀਂ ਰਿਹਾ, ਤਾਂ ਉਨ੍ਹਾਂ ਪੁਰਾਣੀਆਂ ਪਰੰਪਰਾਵਾਂ ਨੂੰ ਨਿਭਾਉਣ ਦਾ ਕੀ ਅਰਥ, ਜੋ ਸਾਡੇ ਗੁਰੂ ਦੀ ਬਰਾਬਰੀ ਕਰਨ ਦਾ ਗੁਨਾਹਗਾਰ ਬਣਾਉਂਦੀਆਂ ਹੋਣ ਜਾਂ ਸਿੱਖ ਵਿਚਾਰਧਾਰਾ ਨਾਲ ਟਕਰਾਉਂਦੀਆਂ ਹੋਣ?

ਪਰ ਇਹ ਸੱਚ ਹੈ ਕਿ ਇਸ ਮਸਲੇ ਦਾ ਭਾਵਨਾਤਮਕ ਵਿਰੋਧ ਘੱਟ ਪਰ ਰਾਜਨੀਤੀ ਜ਼ਿਆਦਾ ਅਤੇ ਨੀਵੇਂ ਪੱਧਰ ਦੀ ਹੋ ਰਹੀ ਹੈ। ਜਦਕਿ ਮੁਆਫ਼ੀ ਮੰਗੇ ਜਾਣ ਤੋਂ ਬਾਅਦ ਅਜਿਹੇ ਸੰਵੇਦਨਸ਼ੀਲ ਮਸਲਿਆਂ ਨੂੰ ਤੂਲ ਦੇਣਾ ਸਿਆਣਪ ਨਹੀਂ। ਇਹ ਸ੍ਰੀ ਅਕਾਲ ਤਖਤ ਸਾਹਿਬ ਦੇ ਵਿਚਾਰਨ ਦਾ ਮਸਲਾ ਹੈ, ਪਰ ਸਿੱਖ ਤਾਂ ਇਸ ਸਰਬ-ਉੱਚ ਸੰਸਥਾ ਦੇ ਵਿਰੋਧ ਦਾ ਵੀ ਮੌਕਾ ਨਹੀਂ ਛੱਡਦੇ। ਵਿਰੋਧੀ ਅਜਿਹੇ ਮੌਕਿਆਂ ਨੂੰ ਹੋਰ ਦਲੀਲਾਂ ਨਾਲ ਉਛਾਲਦੇ ਹਨ, ਜਦਕਿ ਕੌਮ ਦੇ ਵੱਡੇਰੇ ਹਿਤਾਂ ਨੂੰ ਪਹਿਲ ਦੇਣਾ ਹਰ ਸਿੱਖ ਦਾ ਇਖਲਾਕੀ ਅਤੇ ਨੈਤਿਕ ਫਰਜ਼ ਬਣਦਾ ਹੈ।

ਨਾਭਾ ਰਿਆਸਤ ਦੇ ਵਾਰਸ ਵੱਲੋਂ ਆਪਣੇ ਮਹਿਲ ਵਿੱਚ ਪ੍ਰਵੇਸ਼ ਕਰਨ ਨੂੰ ਲੈ ਕੇ ਵੀ ਸਕਾਰਾਤਮਕ ਅਤੇ ਨਕਾਰਾਤਮਕ ਵਿਰੋਧ ਸੋਸ਼ਲ ਮੀਡੀਆ ਦੀ ਸ਼ਾਨ ਬਣਿਆ ਹੋਇਆ ਹੈ। ਇੱਥੇ ਵੀ ਚਾਹੀਦਾ ਇਹ ਸੀ ਕਿ ਸਾਰੀਆਂ ਧਿਰਾਂ ਉਸ ਸਿੱਖ ਰਾਜਕੁਮਾਰ ਦੀ ਹੌਸਲਾ-ਅਫਜ਼ਾਈ ਲਈ ਅੱਗੇ ਆਉਂਦੀਆਂ। ਅੱਜ ਦੇ ਯੁੱਗ ਵਿੱਚ 124 ਸਾਲ ਪੁਰਾਣੀ ਪਰੰਪਰਾ ਨੂੰ ਬਹਾਲ ਕਰਨਾ — ਜਦੋਂ ਸਿੱਖੀ ਸਿਧਾਂਤਾਂ ’ਤੇ ਚਾਰੇ ਪਾਸੇ ਤੋਂ ਹਮਲੇ ਹੋ ਰਹੇ ਹਨ, ਸਿੱਖੀ ਨੂੰ ਖਤਮ ਕਰਨ ਦੇ ਟੀਚੇ ਮਿੱਥੇ ਜਾ ਰਹੇ ਹਨ — ਤਾਂ ਉਸ ਮੌਕੇ ਕੋਈ ਆਪਣੀ ਮਿੱਟੀ, ਆਪਣੀ ਧਰਤੀ ਤੋਂ ਦੂਰ ਬੈਠਾ ਸਿੱਖ ਰਾਜਕੁਮਾਰ ਆਪਣੇ ਅੰਦਰ ਪੁਰਖਿਆਂ ਦੀਆਂ ਧਾਰਮਿਕ ਪਰੰਪਰਾਵਾਂ ਨੂੰ ਜਿਉਂਦਾ ਕਰਨ ਦੀ ਤੜਪ ਰੱਖਦਾ ਹੈ, ਤਾਂ ਉਸ ਨੂੰ ਕੌਮ ਵੱਲੋਂ ‘ਜੀ ਆਇਆਂ ਨੂੰ’ ਕਹਿਣਾ ਬਣਦਾ ਹੈ। ਪਰ ਅਫ਼ਸੋਸ ਨਾਲ ਲਿਖਣਾ ਪੈਂਦਾ ਹੈ ਕਿ ਬਹੁਤ ਸਾਰੇ ਸਿੱਖ ਵਿਦਵਾਨ ਆਪਣੀ ਈਰਖਾਲੂ ਸੋਚ ਹੇਠ ਦਬ ਚੁੱਕੀ ਵਿਦਵਤਾ ਦਾ ਸਾਰਾ ਨਜ਼ਰਾਨਾ ਅਜਿਹੇ ਮੌਕਿਆਂ ’ਤੇ ਕੱਢਣ ਵਿੱਚ ਕੋਈ ਕਸਰ ਨਹੀਂ ਛੱਡਦੇ।

ਉਸ ਅਣਦਾਹੜੀਏ ਸਿੱਖ ਰਾਜਕੁਮਾਰ ਨੇ ਦੱਸਿਆ ਹੈ ਕਿ 124 ਸਾਲ ਪਹਿਲਾਂ ਨਾਭਾ ਰਿਆਸਤ ਦੇ ਮਹਾਰਾਜਾ ਹੀਰਾ ਸਿੰਘ ਦੇ ਰਿਹਾਇਸ਼ੀ ਮਹਿਲ ਵਿੱਚ ਇੱਕ ਨਿਰੰਜਣ ਸਿੰਘ (ਨਰੈਣ ਸਿੰਘ) ਨਾਮ ਦੇ ਗੁਰੂ ਦੇ ਵਰੋਸਾਏ ਸਿੱਖ ਨੇ ਇੱਕੋ ਚੌਕੜੇ ਵਿੱਚ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸ੍ਰੀ ਅਖੰਡ ਪਾਠ ਸਾਹਿਬ ਸੰਪੂਰਨ ਕੀਤਾ ਸੀ ਅਤੇ ਮਹਾਰਾਜਾ ਹੀਰਾ ਸਿੰਘ ਨੇ ਗੁਰਬਾਣੀ ਦਾ ਪਾਠ ਬੈਠ ਕੇ ਸਰਵਣ ਕੀਤਾ ਸੀ। ਉਸੇ ਪਰੰਪਰਾ ਨੂੰ ਮੁੜ ਸੁਰਜੀਤ ਕਰਦਿਆਂ ਨਾਭਾ ਖਾਨਦਾਨ ਦੇ ਵਾਰਸ ਰਾਜਕੁਮਾਰ ਅਭੀ ਉਦੇ ਪ੍ਰਤਾਪ ਸਿੰਘ ਨੇ ਆਪਣੀ ਦਸਤਾਰਬੰਦੀ ਕਰਵਾਉਣ ਲਈ ਗੁਰੂ ਦਾ ਓਟ-ਆਸਰਾ ਲਿਆ ਅਤੇ ਠੀਕ ਉਸੇ ਤਰ੍ਹਾਂ ਅਖੰਡ ਪਾਠ ਸਾਹਿਬ ਕਰਵਾਏ ਗਏ, ਜਿਨ੍ਹਾਂ ਦੀ ਸੰਪੂਰਨਤਾ ਵੀ ਗੁਰੂ ਸਾਹਿਬ ਦੀ ਕਿਰਪਾ ਨਾਲ ਬਾਬਾ ਰਾਜਾ ਸਿੰਘ ਹੁਣਾਂ ਕੋਲੋਂ ਇੱਕੋ ਚੌਕੜੇ ਵਿੱਚ ਕਰਵਾਈ ਗਈ।

ਇਤਿਹਾਸ ਨੂੰ ਦੁਹਰਾਉਣ ਵਾਲੀ ਘਟਨਾ ਕਦੇ ਵੀ ਆਮ ਨਹੀਂ ਹੁੰਦੀ, ਸਗੋਂ ਅਜਿਹੇ ਮਹੱਤਵਪੂਰਨ ਘਟਨਾਵਾਂ ਜਿਉਂਦੀਆਂ ਕੌਮਾਂ ਦੀ ਨਿਸ਼ਾਨੀ ਹੁੰਦੀਆਂ ਹਨ। ਅਜਿਹੇ ਮੌਕੇ ਕਿਸੇ ਇੱਕ ਖਾਨਦਾਨ ਦੇ ਨਹੀਂ, ਸਗੋਂ ਕੌਮੀ ਸਵੈ-ਮਾਣ ਦੇ ਪਲ ਹੁੰਦੇ ਹਨ, ਜਿਨ੍ਹਾਂ ਨੂੰ ਮਾਨਣਾ ਗੁਰੂ ਸਾਹਿਬ ਦੀ ਕਿਰਪਾ ਨਾਲ ਵਿਰਲਿਆਂ ਦੇ ਹਿੱਸੇ ਹੀ ਆਉਂਦਾ ਹੈ। ਬਹੁਤੇ ਬਦਨਸੀਬ ਤਾਂ ਵਿਰੋਧ ਕਰਨ ਵਿੱਚ ਹੀ ਸਾਰੀ ਤਾਕਤ ਲਾ ਕੇ ਸੁਹਾਵਾਂ ਸਮਾਂ ਗੁਆ ਦਿੰਦੇ ਹਨ।

ਬੇਸ਼ੱਕ ਇਹ ਇੱਕ ਸ਼ਾਹੀ ਖਾਨਦਾਨ ਦੀ ਗੱਲ ਹੈ, ਪਰ ਅਜਿਹੇ ਇਤਿਹਾਸਕ ਘਟਨਾਵਾਂ ਕੌਮ ਦੀ ਮੁੜ-ਉਸਾਰੀ ਅਤੇ ਚੜ੍ਹਦੀ ਕਲਾ ਦਾ ਪ੍ਰਤੀਕ ਬਣ ਜਾਂਦੀਆਂ ਹਨ। ਅਜਿਹੇ ਪਲ ਅਚੇਤ ਸਿੱਖ ਮਨਾਂ ਵਿੱਚ ਆਪਣੇ ਰਾਜ-ਭਾਗ ਦੀ ਤੜਪ ਪੈਦਾ ਕਰਨ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ।

ਕੌਮ ਦੀ ਇਹ ਤਰਾਸਦੀ ਹੈ ਕਿ ਜਿਨ੍ਹਾਂ ਨੇ ਪੰਥ ਦੀ ਲਾਜ ਬਣਨਾ ਸੀ, ਕੌਮ ਦੀ ਮੁੜ-ਉਸਾਰੀ ਵਿੱਚ ਸੇਵਾਵਾਂ ਨਿਭਾਉਣੀਆਂ ਸਨ, ਉਹ ਆਪਣੇ ਸਵਾਰਥਾਂ ਦੀਆਂ ਕੰਧਾਂ ਖੜ੍ਹੀਆਂ ਕਰਕੇ ਬੈਠੇ ਹਨ। ਆਜ਼ਾਦ ਸਿੱਖ ਪ੍ਰਭੂ-ਸੱਤਾ ਦਾ ਪ੍ਰਤੀਕ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਮਹਾਨ ਸੰਸਥਾ ਦੀ ਮਰਿਆਦਾ ਵੀ ਆਏ ਦਿਨ ਆਪਸੀ ਟਕਰਾਅ ਦੀ ਭੇਟ ਚੜ੍ਹਦੀ ਹੈ। ਵਿਰੋਧੀ ਤਾਕਤਾਂ ਲਈ ਇਹ ਸਭ ਤੋਂ ਸੁਖਾਲੀ ਸਥਿਤੀ ਹੈ — ਨਾ ਗੋਲੀ ਚਲਾਉਣੀ, ਨਾ ਲਾਠੀ ਵਰਤਣੀ। ਸਿੱਖ ਆਪ ਹੀ ਆਪਣੇ ਬਿਆਨਾਂ, ਵੀਡੀਓਆਂ ਅਤੇ ਗਾਲ੍ਹਾਂ ਨਾਲ ਆਪਣੇ ਕੌਮੀ ਹਿਤਾਂ ਦੀ ਲੜਾਈ ਨੂੰ ਕਮਜ਼ੋਰ ਕਰ ਰਹੇ ਹਨ।

ਇਹ ਵੀ ਸੱਚ ਹੈ ਕਿ ਸਿੱਖ ਦੀ ਆਵਾਜ਼ ਖਾਮੋਸ਼ ਨਹੀਂ ਹੋਈ, ਪਰ ਉਹ ਆਪਸ ਵਿੱਚ ਫੁੱਟ ਪੈਣ ਕਾਰਨ ਬਿਖਰ ਗਈ ਹੈ। ਇਤਿਹਾਸ ਦੀ ਇਹ ਚਿਤਾਵਨੀ ਹੈ ਕਿ ਜਦੋਂ ਵੀ ਸਿੱਖ ਕੌਮ ਵੰਡੀ ਗਈ, ਪਾਟੋ-ਧਾੜ ਹੋਈ, ਉਸ ਨੇ ਭਾਰੀ ਮੁੱਲ ਚੁਕਾਇਆ ਹੈ। ਗੁਰੂ ਸਾਹਿਬਾਨ ਨੇ ਸ਼ਸਤਰਾਂ ਦੇ ਨਾਲ ਇਕਜੁੱਟ ਰਹਿਣ ਦੀ, ਸੱਚ ਨਾਲ ਖੜ੍ਹਨ ਦੀ ਅਤੇ ਹਉਮੈ ਨੂੰ ਤਿਆਗਣ ਦੀ ਸੋਝੀ ਵੀ ਦਿੱਤੀ ਸੀ।

ਇਹ ਸਵਾਲ ਬੜਾ ਮਹੱਤਵਪੂਰਨ ਹੈ ਕਿ ਕੀ ਸਿੱਖ ਬੁੱਧੀਜੀਵੀ, ਰਾਜਨੀਤਕ ਅਤੇ ਧਾਰਮਿਕ ਸੰਸਥਾਵਾਂ ਕੌਮ ਦੇ ਵੱਡੇਰੇ ਹਿਤਾਂ ਲਈ ਆਪਣੇ ਹੰਕਾਰ ਅਤੇ ਹਉਮੈ ਦਾ ਤਿਆਗ ਕਰਨ ਨੂੰ ਤਿਆਰ ਹੋ ਸਕਣਗੀਆਂ? ਜੇ ਜਵਾਬ ‘ਨਹੀਂ’ ਹੈ ਤਾਂ ਦੁਨੀਆਂ ਦੀ ਇਸ ਬਹਾਦਰ ਕੌਮ ਨੂੰ ਇਹ ਵੀ ਯਾਦ ਰੱਖਣਾ ਪਵੇਗਾ ਕਿ ਜਿਸ ਪਾਟੋ-ਧਾੜ ਅਤੇ ਨਿੱਜ-ਪ੍ਰਸਤੀ ਕਾਰਨ 1849 ਵਿੱਚ ਖੁੱਸਿਆ ਰਾਜ-ਭਾਗ ਸਿੱਖਾਂ ਦੇ ਨਸੀਬਾਂ ਤੋਂ ਦੂਰ ਜਾ ਚੁੱਕਾ ਹੈ, ਹੁਣ ਉਹੀ ਪਾਟੋ-ਧਾੜ ਕੌਮ ਨੂੰ ਅੱਜ ਵੀ ਨਮੋਸ਼ੀ ਦੇ ਆਲਮ ਵਿੱਚ ਧੱਕ ਰਹੀ ਹੈ। ਸਿੱਖਾਂ ਨੂੰ ਆਪਣੀ ਮਾਨਸਿਕਤਾ ਵਿੱਚੋਂ ਈਰਖਾਵਾਦੀ ਸੋਚ ਤਿਆਗਣ ਦੇ ਨਾਲ-ਨਾਲ ਇੱਕ-ਦੂਜੇ ਨੂੰ ਨੀਵਾਂ ਦਿਖਾਉਣ ਅਤੇ ਕਿਰਦਾਰ-ਕੁਸ਼ੀ ਵਾਲੀ ਮਾਨਸਿਕਤਾ ਨੂੰ ਬਦਲਣਾ ਹੋਵੇਗਾ। ਜੇਕਰ ਇੰਨੀ ਅਧੋਗਤੀ ਅਤੇ ਜਗ-ਹੱਸਾਈ ਤੋਂ ਬਾਅਦ ਵੀ ਨਾ ਸੰਭਲੇ ਤਾਂ ਆਪਣਾ ਧਰਮ, ਆਪਣੀ ਪਛਾਣ ਅਤੇ ਆਪਣੀ ਹੋਂਦ ਨੂੰ ਬਣਾਈ ਰੱਖਣਾ ਸੁਖਾਲਾ ਨਹੀਂ ਹੋਵੇਗਾ।

# ਰੁੱਤ ਸਮਝੌਤੇ ਕਰਨ ਦੀ ਆਈ...




# ਜ਼ਿੰਦਗੀ ਸਮਝੌਤਿਆਂ ਦਾ ਦੂਜਾ ਨਾਮ

## ਸਹੀ ਸਮੇਂ 'ਤੇ ਕੀਤੇ ਸਮਝੌਤੇ ਜ਼ਿੰਦਗੀ ਨੂੰ ਕਰ ਦਿੰਦੇ ਨੇ ਖ਼ੁਸ਼ਹਾਲ



ਜਗਮੋਹਨ ਸਿੰਘ 'ਲੱਕੀ'
9463819174

**ਜ਼ਿੰਦਗੀ ਸਮਝੌਤਿਆਂ ਦਾ ਦੂਜਾ ਨਾਂਅ ਹੈ। ਵੱਖ- ਵੱਖ ਕਿਸਮਾਂ ਦੇ ਸਮਝੌਤੇ ਹਰ ਮਨੁੱਖ ਦੇ ਆਲੇ ਦੁਆਲੇ ਘੁੰਮਦੇ ਰਹਿੰਦੇ ਹਨ। ਵੱਡੀ ਗਿਣਤੀ ਨੌਜਵਾਨ ਰੁਜ਼ਗਾਰ ਖਾਤਰ ਆਪਣੇ ਪਿੰਡ/ਗਰਾਂ ਅਤੇ ਪਰਿਵਾਰ ਨੂੰ ਛੱਡਦੇ ਹਨ। ਕਈ ਨੌਜਵਾਨਾਂ ਨੂੰ ਆਪਣੀਆਂ ਪਤਨੀਆਂ ਕਾਰਨ ਆਪਣੇ ਪਰਿਵਾਰ ਨੂੰ ਛੱਡਣਾ ਪੈਂਦਾ ਹੈ। ਕਈ ਨੌਜਵਾਨਾਂ ਨੂੰ ਕਿਸੇ ਮਾੜੇ ਅਫ਼ਸਰ ਜਾਂ ਗਲਤ ਸਟਾਫ਼ ਮੈਂਬਰਾਂ ਕਾਰਨ ਆਪਣਾ ਚੰਗਾ ਭਲਾ ਕੰਮ ਛੱਡਣਾ ਪੈਂਦਾ ਹੈ। ਕਈ ਵਿਆਹੇ ਨੌਜਵਾਨ ਆਪਣੇ ਘਰ ਵਿੱਚ ਵੀ ਵੱਖਰੇ ਰਹਿਣ ਲਈ ਮਜਬੂਰ ਹੁੰਦੇ ਹਨ। ਇਸ ਦਾ ਕਾਰਨ ਸਭ ਨੂੰ ਪਤਾ ਹੁੰਦਾ ਹੈ। ਕਿਸੇ ਨੌਜਵਾਨ ਨੂੰ ਘਰ ਦੇ ਨੇੜੇ ਦਫ਼ਤਰ ਹੋਣ ਕਰਕੇ ਘੱਟ ਤਨਖਾਹ 'ਤੇ ਕੰਮ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਕਈ ਨੌਜਵਾਨਾਂ ਨੂੰ ਸ਼ਹਿਰ ਵਿੱਚ ਕੋਈ ਕੰਮ ਨਾ ਮਿਲਣ ਕਾਰਨ ਹਰ ਦਿਨ ਬੱਸਾਂ ਵਿੱਚ ਸਫ਼ਰ ਕਰਕੇ ਦੂਜੇ ਸ਼ਹਿਰਾਂ ਵਿੱਚ ਰੁਜ਼ਗਾਰ ਕਮਾਉਣ ਜਾਣਾ ਪੈਂਦਾ ਹੈ। ਇਸ ਤਰ੍ਹਾਂ ਹਰ ਦਿਨ ਵਿਅਕਤੀ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਸਮਝੌਤੇ ਹੀ ਕਰਦਾ ਹੈ।**

ਅੱਜ-ਕੱਲ੍ਹ ਹਰ ਪਾਸੇ ਭਾਰਤ ਅਤੇ ਅਮਰੀਕਾ ਵਪਾਰਕ ਸਮਝੌਤੇ ਦੀ ਚਰਚਾ ਹੋ ਰਹੀ ਹੈ। ਭਾਰਤ ਇਸ ਤੋਂ ਪਹਿਲਾਂ ਯੂਰੋਪੀਅਨ ਯੂਨੀਅਨ, ਚੀਨ ਅਤੇ ਰੂਸ ਨਾਲ ਵੀ ਵਪਾਰਕ ਸਮਝੌਤੇ ਕਰ ਚੁੱਕਿਆ ਹੈ। ਇਸੇ ਤਰ੍ਹਾਂ ਲੰਘੇ ਦਿਨੀਂ ਕੈਨੇਡਾ ਅਤੇ ਚੀਨ, ਯੂਰੋਪੀਅਨ ਯੂਨੀਅਨ ਅਤੇ ਮਰਕੋਸਰ ਵੀ ਆਪਸ ਵਿੱਚ ਵਪਾਰਕ ਸਮਝੌਤੇ ਕਰ ਚੁੱਕੇ ਹਨ। ਇਸ ਤੋਂ ਇਲਾਵਾ ਵਿਸ਼ਵ ਦੇ ਹੋਰ ਦੇਸ਼ ਵੀ ਆਪਸ ਵਿੱਚ ਵਪਾਰਕ ਸਮਝੌਤੇ ਕਰ ਰਹੇ ਹਨ, ਜਿਸ ਕਾਰਨ ਇਸ ਤਰ੍ਹਾਂ ਜਾਪਦਾ ਹੈ ਕਿ ਜਿਵੇਂ ਹੁਣ ਦੁਨੀਆ ਵਿੱਚ ਸਮਝੌਤੇ ਕਰਨ ਦੀ ਨਵੀਂ ਰੁੱਤ ਸ਼ੁਰੂ ਹੋ ਗਈ ਹੋਵੇ। ਵੱਖ- ਵੱਖ ਮੁਲਕਾਂ ਵਿਚਾਲੇ ਵਪਾਰਕ, ਫ਼ੌਜੀ, ਰੱਖਿਆ ਅਤੇ ਹੋਰ ਕਿਸਮ ਦੇ ਸਮਝੌਤਿਆਂ ਦੀ ਲੋੜ ਅਤੇ ਮਹੱਤਤਾ ਨੂੰ ਸੰਯੁਕਤ ਰਾਸ਼ਟਰ ਸੰਘ ਨੇ ਵੀ ਸਮਝਿਆ ਹੈ। ਸੰਯੁਕਤ ਰਾਸ਼ਟਰ ਦੇ ਸਕੱਤਰ ਜਨਰਲ ਅੰਤੋਨੀਓ ਗੁਟੇਰੇਜ਼ ਨੇ ਅਮਰੀਕਾ ਅਤੇ ਚੀਨ ਵੱਲ ਇਸ਼ਾਰਾ ਕਰਦਿਆਂ ਕਿਹਾ ਹੈ ਕਿ ਵਿਸ਼ਵਵਿਆਪੀ ਸਮੱਸਿਆਵਾਂ ਦਾ ਹੱਲ ਕਿਸੇ ਇੱਕ ਸ਼ਕਤੀ ਦੇ ਹੁਕਮ ਚਲਾਉਣ ਨਾਲ ਨਹੀਂ ਨਿਕਲੇਗਾ ਅਤੇ ਨਾ ਹੀ ਦੋ ਸ਼ਕਤੀਆਂ ਵੱਲੋਂ ਦੁਨੀਆ ਨੂੰ ਆਪਣੇ ਪ੍ਰਭਾਵ ਵਾਲੇ ਖੇਤਰਾਂ ਵਿੱਚ ਵੰਡਣ ਨਾਲ ਹੋਵੇਗਾ। ਗੁਟੇਰੇਜ਼ ਨੇ ਕਿਹਾ ਹੈ ਕਿ ਜੇ ਅਸੀਂ ਇੱਕ ਸਥਿਰ ਦੁਨੀਆ, ਸਥਾਈ ਸ਼ਾਂਤੀ ਅਤੇ ਸਰਬਪੱਖੀ ਵਿਕਾਸ ਚਾਹੁੰਦੇ ਹਾਂ, ਤਾਂ ਸਾਨੂੰ ਵੱਖ-ਵੱਖ ਦੇਸ਼ਾਂ ਵਿਚਾਲੇ ਵਪਾਰ, ਤਕਨਾਲੋਜੀ ਅਤੇ ਅੰਤਰਰਾਸ਼ਟਰੀ ਸਹਿਯੋਗ ਦੇ ਸੰਘਣੇ ਨੈੱਟਵਰਕ ਦੀ ਲੋੜ ਹੈ, ਜਿਵੇਂ ਕਿ ਹਾਲ ਹੀ ਵਿੱਚ ਭਾਰਤ-ਈਯੂ, ਈਯੂ-ਮਰਕੋਸਰ ਅਤੇ ਚੀਨ-ਕੈਨੇਡਾ ਵਰਗੇ ਸਮਝੌਤੇ ਦੇਖਣ ਨੂੰ ਮਿਲੇ ਹਨ। ਕਹਿਣ ਦਾ ਭਾਵ ਇਹ ਹੈ ਕਿ ਵੱਖ ਵੱਖ ਮੁਲਕਾਂ ਵਿਚਾਲੇ ਹੋ ਰਹੇ ਵਪਾਰਕ ਸਮਝੌਤਿਆਂ ਨੂੰ ਯੂ.ਐਨ.ਓ. ਵੱਲੋਂ ਵੀ ਮਾਨਤਾ ਮਿਲੀ ਹੋਈ ਹੈ।



ਸਮਝੌਤੇ ਸਿਰਫ਼ ਵੱਖ- ਵੱਖ ਮੁਲਕਾਂ ਵਿਚਾਲੇ ਹੀ ਨਹੀਂ ਹੁੰਦੇ ਸਗੋਂ ਮਨੁੱਖੀ ਦਿਲਾਂ ਵਿਚਾਲੇ ਵੀ ਹੁੰਦੇ ਹਨ। ਜੇ ਹੁਣ ਅਸੀਂ ਅੱਜ ਦੇ ਮਨੁੱਖ ਵੱਲ ਨਜ਼ਰ ਮਾਰੀਏ ਤਾਂ ਇਹ ਗੱਲ ਉਭਰ ਕੇ ਸਾਹਮਣੇ ਆਉਂਦੀ ਹੈ ਕਿ ਹਰ ਮਨੁੱਖ ਵੀ ਵੱਖ-ਵੱਖ ਮੁਲਕਾਂ ਵਾਂਗੂ ਹੀ ਆਪਣੀ ਨਿੱਜੀ ਜ਼ਿੰਦਗੀ ਵਿੱਚ ਵੀ ਕਈ ਤਰ੍ਹਾਂ ਦੇ ਸਮਝੌਤੇ ਕਰਦਾ ਹੈ। ਸਹੀ ਸਮੇਂ 'ਤੇ ਸਹੀ ਵਿਅਕਤੀ ਨਾਲ ਕੀਤੇ ਗਏ ਸਮਝੌਤੇ ਹਰ ਮਨੁੱਖ ਦੀ ਜ਼ਿੰਦਗੀ ਨੂੰ ਖੁਸ਼ਹਾਲ ਬਣਾ ਦਿੰਦੇ ਹਨ। ਜੇ ਗੱਲ ਪੰਜਾਬ ਦੀ ਕੀਤੀ ਜਾਵੇ ਤਾਂ ਪੰਜਾਬ ਦੇ ਵੱਡੀ ਗਿਣਤੀ ਵਸਨੀਕ ਆਪਣੀ ਧਰਤੀ ਨੂੰ ਬੇਦਾਵਾ ਦੇ ਕੇ ਵਿਦੇਸ਼ ਜਾ ਰਹੇ ਹਨ। ਜੱਦੀ ਘਰਾਂ ਅਤੇ ਜੱਦੀ ਜ਼ਮੀਨਾਂ ਨੂੰ ਵੇਚਣਾ ਅਤੇ ਛੱਡਣਾ ਸੌਖਾ ਨਹੀਂ ਹੁੰਦਾ ਪਰ ਕੀ ਕਿਸੇ ਨੇ ਉਹਨਾਂ ਪੰਜਾਬੀਆਂ ਦਾ ਦਰਦ ਸਮਝਿਆ ਹੈ, ਜਿਹਨਾਂ ਨੂੰ ਆਪਣੀ ਉਮਰ ਭਰ ਦੀ ਕਮਾਈ ਨਾਲ ਬਣਾਏ ਅਤੇ ਬੇਬੇ ਬਾਪੂ ਦੀ ਯਾਦ ਵਾਲੇ ਜੱਦੀ ਘਰਾਂ ਅਤੇ ਜ਼ਮੀਨਾਂ ਨੂੰ ਪਰਵਾਸ ਕਰਨ ਲਈ ਵੇਚਣਾ ਪਿਆ। ਵਿਦੇਸ਼ਾਂ 'ਚ ਜਾ ਕੇ ਇਹ ਪੰਜਾਬੀ ਮਸ਼ੀਨਾਂ ਨਾਲ ਇੱਕਮਿਕ ਹੋ ਜਾਂਦੇ ਹਨ ਅਤੇ ਮਸ਼ੀਨਾਂ ਨਾਲ ਕੰਮ ਕਰਦਿਆਂ ਮਸ਼ੀਨਾਂ ਵਰਗਾ ਵਿਵਹਾਰ ਕਰਨ ਲੱਗਦੇ ਹਨ। ਇਨ੍ਹਾਂ ਪੰਜਾਬੀਆਂ ਵੱਲੋਂ ਆਪਣੇ ਬੱਚਿਆਂ ਦੇ ਖੁਸ਼ਹਾਲ ਭਵਿੱਖ ਲਈ ਕੀਤਾ ਜਾਂਦਾ ਪਰਵਾਸ ਵੀ ਤਾਂ ਆਪਣੇ ਆਪ ਨਾਲ ਕੀਤਾ ਇੱਕ ਸਮਝੌਤਾ ਹੀ ਤਾਂ ਹੁੰਦਾ ਹੈ। ਇਹ ਪੰਜਾਬੀ ਮਾਪੇ ਆਪਣੀਆਂ ਖੁਸ਼ੀਆਂ ਦਾ ਗਲਾ ਘੁੱਟ ਕੇ ਆਪਣੇ ਬੱਚਿਆਂ ਦੇ ਚਿਹਰਿਆਂ 'ਤੇ ਖੁਸ਼ੀ ਵੇਖਣ ਲਈ ਆਪਣਾ ਸਭ ਕੁਝ ਦਾਅ 'ਤੇ ਲਾ ਦਿੰਦੇ ਹਨ।

ਇਸ ਤੋਂ ਇਲਾਵਾ ਵੱਡੀ ਗਿਣਤੀ ਪੰਜਾਬੀ ਨੌਜਵਾਨ ਆਈਲੈਟਸ ਪਾਸ ਕੁੜੀਆਂ ਨਾਲ ਵਿਆਹ ਕਰਵਾ ਕੇ ਉਹਨਾਂ ਨੂੰ ਇੱਕ ਸਮਝੌਤੇ ਤਹਿਤ ਆਪਣੇ ਖ਼ਰਚੇ 'ਤੇ ਵਿਦੇਸ਼ ਭੇਜਦੇ ਹਨ ਤਾਂ ਕਿ ਉਹ ਕੁੜੀਆਂ ਵਿਦੇਸ਼ ਜਾ ਕੇ ਉਹਨਾਂ ਨੂੰ ਵੀ ਵਿਦੇਸ਼ ਬੁਲਾ ਲੈਣ। ਅਜਿਹੇ ਸਮਝੌਤਿਆਂ ਨੂੰ ਵਿਆਹ ਸਮਝੌਤਾ ਕਿਹਾ ਜਾਂਦਾ ਹੈ। ਅਕਸਰ ਇਸ ਤਰ੍ਹਾਂ ਦੇ ਮਾਮਲੇ ਵੀ ਸਾਹਮਣੇ ਆਏ ਹਨ ਜਦੋਂ ਸਹੁਰਿਆਂ ਦੇ ਲੱਖਾਂ ਰੁਪਏ ਖਰਚ ਕਰਵਾ ਕੇ ਵਿਦੇਸ਼ ਗਈ ਲਾੜੀ ਉਥੇ ਜਾ ਕੇ ਵਿਆਹ ਤੋਂ ਮੁਕਰ ਗਈ ਜਾਂ ਆਪਣੇ ਲਾੜੇ ਨੂੰ ਵਿਦੇਸ਼ ਬੁਲਾਉਣ ਤੋਂ ਸਪਸ਼ਟ ਇਨਕਾਰ ਕਰ ਦਿੱਤਾ। ਅਜਿਹੇ ਸਮੇਂ ਇਹ ਵਿਆਹ ਸਮਝੌਤੇ ਟੁੱਟਦੇ ਨਜ਼ਰ ਆਉਂਦੇ ਹਨ। ਜਿਹੜੇ ਨੌਜਵਾਨਾਂ ਦਾ ਤਲਾਕ ਹੋ ਜਾਂਦਾ ਹੈ ਤਾਂ ਉਹ ਬੈੱਡ ਦੀ ਢੋਅ 'ਤੇ ਪਈ ਪਤਨੀ ਨਾਲ ਗਲਵਕੜੀ ਪਾ ਕੇ ਹਨੀਮੂਨ ਮੌਕੇ ਖਿਚਾਈ ਫੋਟੋ ਨੂੰ ਵੇਖ ਕੇ ਲੰਬੇ ਹੌਕੇ ਭਰਨ ਜੋਗੇ ਤਾਂ ਰਹਿ ਜਾਂਦੇ ਹਨ। ਇਸੇ ਤਰ੍ਹਾਂ ਜਿਹੜੇ ਵਿਦੇਸ਼ੀ ਠੱਗ ਲਾੜੇ ਪੰਜਾਬ ਦੀਆਂ ਸੋਹਣੀਆਂ ਮੁਟਿਆਰਾਂ ਨਾਲ ਵਿਆਹ ਕਰਵਾ ਕੇ ਕੁਝ ਦਿਨ ਪਿਆਰ ਪੀਂਘਾਂ ਝੂਟ ਕੇ ਵਿਦੇਸ਼ ਉਡਾਰੀ ਮਾਰ ਜਾਂਦੇ ਹਨ, ਜਿਹਨਾਂ ਦਾ ਮੁੜ ਕੇ ਕੁਝ ਪਤਾ ਨਹੀਂ ਲੱਗਦਾ। ਉਹਨਾਂ ਦੀਆਂ ਸੱਜ ਵਿਆਹੀਆਂ ਪਤਨੀਆਂ ਫਿਰ ਅੱਧੀਂ ਰਾਤੀਂ ਬੁੱਲ ਮੀਟਦੀਆਂ ਰੋਂਦੀਆਂ ਹਨ, ਉਹਨਾਂ ਦੀ ਹਿੱਕ ਵਿੱਚ ਅੱਗ ਨਾਲੋਂ ਵੀ ਵੱਧ ਤੇਜ਼ ਹੁੰਦਾ ਹੈ, ਜਿਸਦਾ ਕੋਈ ਧੂੰਆਂ ਨਹੀਂ ਹੁੰਦਾ, ਉਹ ਗਿੱਲੇ ਗੋਹੇ ਵਾਂਗੂੰ ਅੰਦਰੋਂ ਅੰਦਰੀ ਧੁੱਖਦੀਆਂ ਹਨ ਪਰ ਉਹ ਆਪਣਾ ਦੁੱਖ ਕਿਸੇ ਨੂੰ ਬੋਲ ਕੇ ਨਹੀਂ ਦੱਸ ਸਕਦੀਆਂ।






ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਨੇਕਾਂ ਵਿਦਿਆਰਥੀ ਅਤੇ ਵਿਦਿਆਰਥਣਾਂ ਆਪਸ ਵਿੱਚ ਕਿਤਾਬਾਂ ਅਤੇ ਨੋਟਿਸ ਵਟਾਉਂਦੇ ਸਮੇਂ ਅਕਸਰ ਆਪਣੇ ਦਿਲ ਵੀ ਵਟਾ ਲੈਂਦੇ ਹਨ ਅਤੇ ਉਹਨਾਂ ਵਿਚਾਲੇ ਪਿਆਰ ਦਾ ਸਮਝੌਤਾ ਹੋ ਜਾਂਦਾ ਹੈ। ਕਈਆਂ ਦਾ ਇਹ ਪਿਆਰ ਕਿਸੇ ਗੈਸਟਹਾਊਸ ਦੀਆਂ ਪੌੜੀਆਂ ਚੜ੍ਹ ਕੇ ਬੰਦ ਕਮਰੇ ਵਿੱਚ ਜਿਨਸੀ ਮਿਲਾਪ ਹੋਣ ਤੋਂ ਬਾਅਦ ਖਤਮ ਹੋ ਜਾਂਦਾ ਹੈ ਅਤੇ ਕਈ ਇਸ ਪਿਆਰ ਨੂੰ ਤੋੜ ਨਿਭਾਅ ਜਾਂਦੇ ਹਨ।

ਵੱਡੀ ਗਿਣਤੀ ਪਤੀ ਪਤਨੀ ਸੁਭਾਅ ਅਤੇ ਵਿਚਾਰ ਨਾ ਮਿਲਣ ਦੇ ਬਾਵਜੂਦ ਇਕੱਠੇ ਰਹਿਣ ਦਾ ਇੱਕ ਅਣਐਲਾਨਿਆ ਸਮਝੌਤਾ ਕਰ ਲੈਂਦੇ ਹਨ ਤਾਂ ਕਿ ਉਹਨਾਂ ਦੇ ਬੱਚਿਆਂ ਦਾ ਚੰਗਾ ਭਵਿੱਖ ਬਣ ਸਕੇ। ਇਸ ਤਰ੍ਹਾਂ ਕਿਹਾ ਜਾ ਸਕਦਾ ਹੈ ਕਿ ਸਮਝੌਤੇ ਇਸ ਜ਼ਿੰਦਗੀ ਦਾ ਧੁਰਾ ਹਨ ਅਤੇ ਹਰ ਮਨੁੱਖ ਨੂੰ ਆਪਣੀ ਜ਼ਿੰਦਗੀ ਵਿੱਚ ਕਈ ਤਰ੍ਹਾਂ ਦੇ ਸਮਝੌਤੇ ਕਰਨ ਲਈ ਮਜ਼ਬੂਰ ਹੋਣਾ ਪੈਂਦਾ ਹੈ। ਭਾਵੇਂ ਕਿ ਕੁਝ ਸਮਝੌਤੇ ਮਨੁੱਖ ਆਪਣੀ ਮਰਜ਼ੀ ਨਾਲ ਵੀ ਕਰਦਾ ਹੈ। ਸਮਝੌਤੇ ਭਾਵੇਂ ਦੋ ਮੁਲਕਾਂ ਵਿਚਾਲੇ ਹੋਣ ਜਾਂ ਦੋ ਦਿਲਾਂ ਵਿਚਾਲੇ, ਉਹਨਾਂ ਵਿੱਚ ਪਵਿੱਤਰਤਾ ਅਤੇ ਇਮਾਨਦਾਰੀ ਹੋਣੀ ਜ਼ਰੂਰੀ ਹੈ ਤਾਂ ਹੀ ਇਹ ਸਮਝੌਤੇ ਲੰਬਾ ਸਮਾਂ ਚੱਲ ਸਕਦੇ ਹਨ।

TRANS-ALLIANCE
TOGETHER WE SAVE

FUEL DISCOUNTS
UPTO 80 CENTS PER GALLON DISCOUNT
MAJOR NETWORK OF TRUCK STOPS

FUEL CARDS
NO CREDIT - NO PROBLEM
BEST CUSTOMER SERVICE




FLEET ONE FACTORING
WE WANT TO MAKE FACTORING EASY FOR YOU
SAME-DAY FUNDING - NO HIDDEN FEES
COMPETITIVE RATES - 97% ADVANCE RATE

YOU BREAK DOWN
WE SHOW UP
24-HOUR ROADSIDE ASSISTANCE

TRUCK REPAIR & TIRE DISCOUNTS
GET NATIONAL ACCOUNT
NEARLY 3,000 HIGHLY SKILLED TECHNICIANS COAST TO COAST

FUEL MANAGEMENT
DAILY FUEL RATES IN PHONE APP

CALL FOR MORE INFO
(855)641-6955, (888)795-7035



ਇਕਬਾਲ ਸਿੰਘ ਲਾਲਪੁਰਾ
ਸਾਬਕਾ ਚੇਅਰਮੈਨ, ਘੱਟ ਗਿਣਤੀਆਂ ਕਮਿਸ਼ਨ ਭਾਰਤ ਸਰਕਾਰ

# ਰੱਬ ਨਾਲ ਇਕਮਿਕ ਹੋਣ ਦੀ ਵਿਧੀ

ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ ਅਰਥਾਤ ਸੱਚ ਬੋਲਣਾ, ਸੱਚ ਸੁਣਨਾ, ਸੱਚ ਨੂੰ ਮੰਨਣਾ ਤੇ ਸੱਚ ਦੇ ਰਾਹ ਤੇ ਚੱਲਣਾ ਸਿੱਖ ਧਰਮ ਦਾ ਮੁਢਲਾ ਨਿਯਮ ਹੈ। ਰੱਬ ਨਾਲ ਇਕਮਿਕ ਹੋਣ ਦੀ ਵਿਧੀ ਹੈ, ਗੁਰੂ ਦੇ ਰਾਹ ਵੱਲ ਤੁਰਨਾ। ਸਿੱਖੀ ਕਿਸੇ ਨਵੀਂ ਮਜ਼ਹਬੀ ਰਸਮ ਜਾਂ ਪੂਜਾ-ਪੱਧਤੀ ਦਾ ਨਾਮ ਨਹੀਂ ਹੈ। ਇਹ ਇੱਕ ਮਨੁੱਖੀ ਕ੍ਰਾਂਤੀ, ਇੱਕ ਨੈਤਿਕ ਵਿਕਾਸ ਸੀ—ਡਰ, ਵੈਰ, ਜਾਤ-ਪਾਤ, ਝੂਠ ਅਤੇ ਜ਼ੁਲਮ ਆਧਾਰਿਤ ਸਮਾਜ ਦੀ ਵੰਡ ਦੇ ਖ਼ਿਲਾਫ਼। ਗੁਰੂ ਨਾਨਕ ਦੇਵ ਜੀ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਕੋਈ ਧਾਰਮਿਕ ਸੰਸਥਾ ਨਹੀਂ, ਸਗੋਂ ਸਾਧਾਰਨ ਮਨੁੱਖ ਨੂੰ ਦੇਵਤਾ ਬਣਾਉਣ ਦੀ ਪ੍ਰਕਿਰਿਆ ਸੀ।

ਗੁਰੂ ਨਾਨਕ ਦੇਵ ਜੀ ਨੇ ਬ੍ਰਹਮ ਨੂੰ ਦੂਰ ਅਕਾਸ਼ਾਂ ਵਿੱਚ ਵੱਸਦਾ ਹੋਇਆ ਨਹੀਂ ਦੱਸਿਆ। ਉਨ੍ਹਾਂ ਲਈ ਬ੍ਰਹਮ 'ਇਕ ਓਅੰਕਾਰ' ਹੈ—ਨਿਰਭਉ, ਨਿਰਵੈਰ, ਜੋ ਹਰ ਮਨੁੱਖ ਦੇ ਅੰਦਰ ਵੱਸਦਾ ਹੈ। ਬ੍ਰਹਮ ਨੂੰ ਲੱਭਣ ਲਈ ਅੰਦਰ ਝਾਕਣਾ ਪੈਂਦਾ ਹੈ ਅਤੇ ਦੂਜੇ ਮਨੁੱਖ ਵਿੱਚ ਵੀ ਉਸੇ ਜੋਤ ਨੂੰ ਦੇਖਣਾ ਪੈਂਦਾ ਹੈ। ਇਹ ਵਿਚਾਰ ਉਸ ਸਮੇਂ ਦੇ ਹਿੰਸਕ ਅਤੇ ਅਸਮਾਨਤਾਵਾਂ ਨਾਲ ਭਰੇ ਸਮਾਜ ਲਈ ਕ੍ਰਾਂਤੀਕਾਰੀ ਤੇ ਨਵੇਂ ਸਨ।

ਸਚੁ ਸਭਨਾ ਹੋਇ ਦਾਰੂ ਪਾਪ ਕਢੈ ਧੋਇ ॥ ਨਾਨਕੁ ਵਖਾਣੈ ਬੇਨਤੀ ਜਿਨ ਸਚੁ ਪਲੈ ਹੋਇ ॥੨॥ ਅੰਗ 468ਜ਼

ਸੱਚ ਸਭ ਬਿਮਾਰੀਆਂ ਤੇ ਸਮੱਸਿਆਵਾਂ ਦਾ ਇਲਾਜ ਵੀ ਹੈ। ਅੱਜ ਦੇ ਸਿੱਖ ਸਮਾਜ ਦੀਆਂ ਸਮੱਸਿਆਵਾਂ ਦਾ ਹੱਲ ਵੀ ਸੱਚ ਨੂੰ ਸਮਰਪਣ, ਵਿਚਾਰ ਕਰਨ, ਨੀਤੀ ਘੜਨ ਤੇ ਉਸ ਤੇ ਚੱਲਣ ਵਿੱਚ ਹੈ।

ਸਿੱਖੀ ਅਸਲ ਵਿੱਚ ਮਨੁੱਖ ਤੋਂ ਫ਼ਰਿਸ਼ਤਾ ਬਣਨ ਦੀ ਯਾਤਰਾ ਹੈ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਕਿਵੇਂ ਸੰਸਾਰ ਇਸ ਰਾਹ ਤੋਂ ਭਟਕਦਾ ਆਇਆ ਹੈ।

ਸਿੱਖ ਇਤਿਹਾਸ ਦਾ ਸਭ ਤੋਂ ਪ੍ਰਭਾਵਸ਼ਾਲੀ ਪੱਖ ਉਹ ਹੈ, ਜਿੱਥੇ ਭਿਆਨਕ ਅਪਰਾਧੀ ਵੀ ਗੁਰੂ ਨਾਨਕ ਦੀ ਸੰਗਤ ਨਾਲ ਬਦਲ ਗਏ। ਸੱਜਣ ਠੱਗ, ਜੋ ਯਾਤਰੀਆਂ ਨੂੰ ਠੱਗ ਕੇ ਮਾਰਦਾ ਸੀ; ਭੂਮੀਆ ਚੋਰ, ਜੋ ਡਾਕਿਆਂ ਲਈ ਮਸ਼ਹੂਰ ਸੀ; ਕੌਡਾ ਰਾਖਸ਼ਸ, ਜੋ ਮਨੁੱਖਾਂ ਨੂੰ ਖਾਣ ਵਾਲਾ ਦਰਿੰਦਾ ਸਮਝਿਆ ਜਾਂਦਾ ਸੀ। ਉਨ੍ਹਾਂ ਨੇ ਗੁਰੂ ਉਪਦੇਸ਼ ਕਾਰਣ ਆਪਣੇ ਆਪ ਨੂੰ ਭਟਕਿਆ ਹੋਇਆ ਮਨੁੱਖ ਦੇਖਿਆ। ਇਹੀ ਪਲ ਉਨ੍ਹਾਂ ਦੇ ਅੰਦਰ ਪਸ਼ਚਾਤਾਪ, ਨਿਮਰਤਾ ਅਤੇ ਨਵਾਂ ਜਨਮ ਲੈ ਕੇ ਆਇਆ। ਇਹ ਲੋਕ ਸੇਵਕ ਬਣ ਗਏ, ਰਾਹਗੀਰਾਂ ਦੇ ਰਖਵਾਲੇ ਅਤੇ ਇਤਿਹਾਸਕ ਪਾਤਰ ਬਣੇ। ਇਹ ਸੂਚੀ ਬਹੁਤ ਲੰਬੀ ਹੈ। ਇਹੀ ਸੀ ਸਿੱਖੀ ਦੀ ਵਿਧੀ— ਸਜ਼ਾ ਨਹੀਂ, ਸੁਧਾਰ ।

ਇਹ ਦੇਵਤੇ ਸੰਸਾਰ ਤੋਂ ਵੱਖ ਨਹੀਂ ਹੋਏ, ਸਿੱਖੀ ਕਦੇ ਵੀ ਸੰਨਿਆਸ ਨਹੀਂ ਸੀ। ਗੁਰੂ ਹਰਿਗੋਬਿੰਦ ਸਾਹਿਬ ਦੇ ਮੀਰੀ-ਪੀਰੀ ਦੇ ਸਿਧਾਂਤ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੀ ਖ਼ਾਲਸਾ ਸਾਜਨਾ ਤੱਕ, ਸਿੱਖੀ ਨੇ ਸੰਤ-ਸਿਪਾਹੀ ਤਿਆਰ ਕੀਤੇ ਜੋ ਅਕਾਲ ਪੁਰਖ ਦੀ ਫ਼ੌਜ ਦੇ ਸਿਪਾਹੀ ਬਣ ਮਨੁੱਖੀ ਹੱਕਾਂ ਦੇ ਅਲੰਬਰਦਾਰ ਬਣੇ। ?ਇਹ ਅਕਾਲ ਪੁਰਖ ਦੇ ਸਿਪਾਹੀ ਆਤਮਿਕ ਤੌਰ 'ਤੇ ਉੱਚੇ, ਨੈਤਿਕ ਤੌਰ 'ਤੇ ਦ੍ਰਿੜ੍ਹ, ਸਮਾਜਿਕ ਤੌਰ 'ਤੇ ਜ਼ਿੰਮੇਵਾਰ ਅਤੇ ਜ਼ੁਲਮ ਦੇ ਖ਼ਿਲਾਫ਼ ਖੜ੍ਹੇ ਹੋਏ। ਇਨ੍ਹਾਂ ਫ਼ਰਿਸ਼ਤਿਆਂ ਨੇ ਹੀ ਭਾਰਤ ਦੀ ਕਿਸਮਤ ਬਦਲੀ ਤੇ ਰਾਜਸੀ ਗੁਲਾਮੀ ਦਾ ਅੰਤ ਕੀਤਾ ਸੀ। ਮੁਗਲ ਹਕੂਮਤ ਦਾ ਜ਼ੁਲਮ, ਜ਼ਬਰਦਸਤੀ ਧਰਮ-ਪਰਿਵਰਤਨ ਅਤੇ ਕਤਲੇਆਮ ਵੀ ਉਨ੍ਹਾਂ ਨੂੰ ਸੱਚੇ ਰਬੀ ਮਾਰਗ ਤੋਂ ਰੋਕ ਨਹੀਂ ਸਕੇ ਸਨ। ਸ਼੍ਰੀ ਗੁਰੂ ਅਰਜਨ ਦੇਵ ਜੀ ਅਤੇ ਸ਼੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੇ ਸਿੱਖਾਂ ਨੂੰ ਹੋਰ ਮਜ਼ਬੂਤ ਕੀਤਾ ਸੀ। ਸਿੱਖ ਹਿੰਸਕ ਨਹੀਂ ਸਨ, ਉਹ ਧਰਮੀ ਯੋਧੇ ਸਨ ਜੋ ਮਨੁੱਖੀ ਹੱਕਾਂ ਦੇ ਰਾਖੇ ਸਨ। ਸ਼ਸਤਰ ਗਰੀਬ ਦੀ ਰੱਖਿਆ ਤੇ ਜਰਵਾਣੇ ਦੀ ਭਖਿਆ ਲਈ ਉੱਠਦੇ ਸਨ। ਬਾਬਾ ਬੰਦਾ ਸਿੰਘ ਬਹਾਦਰ ਤੇ ਮਹਾਰਾਜਾ ਰਣਜੀਤ ਸਿੰਘ ਦਾ ਸਿੱਖ ਰਾਜ ਸਭ ਤੋਂ ਧਰਮਨਿਰਪੱਖ ਅਤੇ ਪ੍ਰਗਤੀਸ਼ੀਲ ਰਾਜ ਸਨ, ਜਿੱਥੇ ਸਭ ਬਰਾਬਰ ਤੇ ਭਾਈਵਾਲ ਸਨ। ਇਹ ਇਸ ਫ਼ਰਿਸ਼ਤਾਈ ਫ਼ਲਸਫ਼ੇ ਦੀ ਪੇਸ਼ਕਾਰੀ ਸੀ, ਵਿਸ਼ੇਸ਼ ਕਰਕੇ ਮਹਾਰਾਜਾ ਰਣਜੀਤ ਸਿੰਘ ਦੇ ਰਾਜ ਸਮੇਂ। ਮੁਸਲਮਾਨ, ਹਿੰਦੂ, ਸਿੱਖ ਸਭ ਉੱਚ ਅਹੁਦਿਆਂ 'ਤੇ ਸਨ, ਸਭ ਨੂੰ ਧਾਰਮਿਕ ਆਜ਼ਾਦੀ ਸੀ। ਮੰਦਰ, ਮਸਜਿਦ ਅਤੇ ਗੁਰਦੁਆਰੇ ਸੁਰੱਖਿਅਤ ਸਨ। ਮਨੁੱਖੀ ਹੱਕ ਅਤੇ ਇਨਸਾਫ਼ ਧਰਮ ਤੋਂ ਉੱਪਰ ਸੀ। ਇਹ ਸਭ ਕੁਝ ਸੰਯੋਗ ਨਹੀਂ ਸੀ, ਬਲਕਿ ਸ਼੍ਰੀ ਗੁਰੂ ਨਾਨਕ ਸਾਹਿਬ ਦੇ 'ਹਲੇਮੀ' ਤੇ 'ਬੇਗਮਪੁਰਾ' ਫ਼ਲਸਫ਼ੇ ਦੀ ਰਾਜਨੀਤਕ ਪੇਸ਼ਕਾਰੀ ਸੀ।

ਬਦਕਿਸਮਤੀ ਨਾਲ ਇਹ ਰਾਜ ਬਾਹਰੀ ਹਮਲਿਆਂ ਨਾਲ ਨਹੀਂ, ਸਗੋਂ ਅੰਦਰੂਨੀ ਟੁੱਟ-ਭੱਜ ਨਾਲ ਤਬਾਹ ਹੋਇਆ। ਅੰਗਰੇਜ਼ ਦੁਸ਼ਮਣ ਤੇਜ਼-ਬੁੱਧੀ ਤੇ ਯੋਜਨਾਬੱਧ ਸੀ। ਮੁਗਲਾਂ ਨੇ ਤਾਂ ਕੇਵਲ ਸਿੱਖ ਕਤਲੇਆਮ ਦਾ ਰਾਹ ਫੜਿਆ ਸੀ, ਜਿਸ ਨਾਲ ਸਿੱਖ ਦੂਣ-ਸਵਾਏ ਹੁੰਦੇ ਰਹੇ। ਅੰਗਰੇਜ਼ਾਂ ਦੀ ਚੋਟ ਯੋਜਨਾਬੱਧ ਸੀ। ਉਨ੍ਹਾਂ ਨੇ ਸਿੱਖਾਂ ਨੂੰ ਸਿਰਫ਼ ਜੰਗ ਵਿੱਚ ਨਹੀਂ ਹਰਾਇਆ, ਸਗੋਂ ਉਨ੍ਹਾਂ ਨੇ ਸਿੱਖੀ ਦੇ ਫ਼ਲਸਫ਼ੇ ਤੇ ਅਸੂਲਾਂ 'ਤੇ ਵੀ ਹਮਲਾ ਕੀਤਾ। ਉਹ ਜਾਣਦੇ ਸਨ ਕਿ ਸਿੱਖ ਤਾਕਤ ਦੀ ਜੜ੍ਹ ਹੈ—'ਪੂਜਾ ਅਕਾਲ ਕੀ, ਪਰਚਾ ਸ਼ਬਦ ਕਾ ਤੇ ਦੀਦਾਰ ਖਾਲਸਾ ਦਾ' , ਜਿਸ ਵਿੱਚ ਪੰਥਕ ਏਕਤਾ, ਗੁਰੂ 'ਤੇ ਭਰੋਸਾ ਅਤੇ ਆਤਮਿਕ ਆਜ਼ਾਦੀ ਵਾਲੀ ਸੋਚ ਸ਼ਾਮਲ ਸੀ। ਅੰਗਰੇਜ਼ ਨੇ ਫੁੱਟ ਪਾਉਣ ਲਈ ਨਵੇਂ 'ਵਫ਼ਾਦਾਰ ਸਰਦਾਰ' ਪੈਦਾ ਕੀਤੇ, ਆਜ਼ਾਦ ਹਸਤੀ ਦੇ ਪ੍ਰਤੀਕ ਮਹਾਰਾਜਾ ਦੇ ਵੰਸ਼ ਦਾ ਨਾਸ਼ ਕੀਤਾ, ਸਿੱਖ ਕੌਮ ਦੀ ਪਨੀਰੀ ਨੂੰ ਭਾਰਤੀ ਸਮਾਜ ਵਿੱਚ ਵੰਡਿਆ, ਸਿੱਖਾਂ ਨੂੰ ਗੁਰਮੁਖੀ ਦੀ ਪੜ੍ਹਾਈ ਤੋਂ ਵਾਂਝੇ ਕਰਕੇ ਗੁਰਮਤਿ ਤੋਂ ਦੂਰ ਕੀਤਾ ਅਤੇ ਅਕਾਲ ਦੇ ਪੁਜਾਰੀਆਂ ਦੇ ਸਾਹਮਣੇ ਨਵੇਂ ਬਣਾਏ 'ਬਾਬਿਆਂ' ਨੂੰ ਜਗਤ ਗੁਰੂ ਬਾਬਾ ਨਾਨਕ ਦੇ ਸ਼ਰੀਕ ਖੜ੍ਹੇ ਕਰਕੇ ਭਰਮ ਪੈਦਾ ਕਰ ਦਿੱਤਾ। ਇਸ ਤਰ੍ਹਾਂ ਗੁਰੂ ਨਾਨਕ ਦੇ ਦੇਵਤੇ ਤੇ ਅਕਾਲ ਦੀ ਮੂਰਤ ਹੌਲੀ-ਹੌਲੀ ਰਸਮਾਂ ਤੇ ਦੇਹਧਾਰੀਆਂ ਦੀ ਪਕੜ ਵਿੱਚ ਆ ਗਏ। ਸੇਵਾ ਮਨੁੱਖਤਾ ਦੀ ਬਜਾਏ ਬਾਬਿਆਂ ਤੇ ਰਾਜ ਦੀ ਸ਼ੁਰੂ ਹੋ ਗਈ।

ਅੰਗਰੇਜ਼ 1947 ਈ. ਵਿੱਚ ਚਲੇ ਗਏ, ਪਰ ਗੁਲਾਮੀ ਦੀ ਸੋਚ ਵਾਲੀ ਜ਼ੰਜੀਰ ਸਿੱਖ ਕੌਮ ਦੇ ਗਲੇ ਵਿੱਚ ਪਈ ਰਹਿ ਗਈ। ਮਹਾਰਾਜਾ ਰਣਜੀਤ ਸਿੰਘ ਦੀ ਪੋਤਰੀ ਰਾਜਕੁਮਾਰੀ ਬੰਬਾਂ ਤੇ ਲਾਹੌਰ ਦਾ ਸਿੱਖ ਰਾਜ ਪਿੱਛੇ ਛੱਡ ਦਿੱਤਾ ਗਿਆ, ਕਿਉਂਕਿ 1849 ਈ. ਤੋਂ ਖ਼ਾਲਸਾ ਦੇ ਆਜ਼ਾਦ ਦੇਸ਼ ਲਾਹੌਰ ਦੀ ਬਹਾਲੀ ਲਈ ਕੋਈ ਵੀ ਸੰਘਰਸ਼ ਕੌਮ ਵੱਲੋਂ ਨਹੀਂ ਹੋਇਆ ਸੀ। ਭਾਰਤ ਦੀ ਆਜ਼ਾਦੀ ਤੋਂ ਬਾਅਦ ਵੀ ਸਿੱਖ ਸਮਾਜ ਨੂੰ ਰਾਜਨੀਤੀ ਤੋਂ ਅਣਜਾਣ, ਦ੍ਰਿਸ਼ਟੀਹੀਣ ਤੇ ਸਵਾਰਥੀ ਨੇਤਾਵਾਂ ਨੇ ਰੋਲ ਦਿੱਤਾ। ਗੁਰੂ ਨਾਨਕ ਦੀ ਬ੍ਰਹਿਮੰਡੀ ਸੋਚ ਦੀ ਥਾਂ ਸੰਕੁਚਿਤ ਸੋਚ, ਡਰ ਦਾ ਵਪਾਰ ਤੇ ਸਿੱਖ ਪਛਾਣ ਦੇ ਖ਼ਤਰੇ ਦੀ ਰਾਜਨੀਤੀ ਨੇ ਲੈ ਲਈ; ਇਸ ਵਿੱਚੋਂ ਧਰਮ ਪ੍ਰਚਾਰ ਤੇ ਪ੍ਰਸਾਰ ਮਨਫ਼ੀ ਸੀ। ਇਹ ਸਾਰਾ ਕੁਝ ਸਮੂਹਿਕ ਕੌਮੀ ਨੁਕਸਾਨ ਦਾ ਕਾਰਨ ਬਣਿਆ। ਨਤੀਜਾ—ਇੱਕ ਅਜਿਹੀ ਕੌਮ ਜੋ ਮਨੁੱਖਤਾ ਦੀ ਅਗਵਾਈ ਕਰ ਸਕਦੀ ਸੀ, ਆਪਣੇ ਹੀ ਪਰਛਾਵੇਂ ਤੋਂ ਡਰਨ ਲੱਗ ਪਈ ਹੈ।

ਇਹ ਹੀ ਮੌਕਾ ਸੀ ਜਦੋਂ ਸਿੱਖ ਨੌਜਵਾਨੀ ਗਲਤ ਰਾਹਾਂ ਵੱਲ ਧੱਕੀ ਗਈ। ਸਭ ਤੋਂ ਦੁੱਖਦਾਈ ਅਧਿਆਇ ਉਦੋਂ ਸ਼ੁਰੂ ਹੋਇਆ, ਜਦੋਂ ਗੁਰੂ ਨਾਨਕ ਦੇ ਫ਼ਲਸਫ਼ੇ ਤੋਂ ਟੁੱਟੀ ਹੋਈ ਜਵਾਨੀ ਨੂੰ ਨਕਸਲਵਾਦ ਅਤੇ ਹਿੰਸਾ ,ਗੈਂਗਸਟਰਵਾਦ ਤਾਕਤਾਂ ਵੱਲੋਂ ਵਰਤਿਆ ਜਾਣਾ ਆਰੰਭ ਹੋਇਆ, ਜਿਸ ਵਿੱਚ ਬਦਲਾ , ਗੁੱਸਾ ਤੇ ਹਿੰਸਾ ਸਾਧਨ ਬਣ ਗਏ। ਗੁਰਮਤਿ ਇਨ੍ਹਾਂ ਤੋਂ ਬਿਲਕੁਲ ਉਲਟ ਹੈ। ਹੁਣ ਵਾਰੀ ਹਿੰਦੁਸਤਾਨ ਵਿਰੋਧੀ ਕੀ ਦੇਵਤਾ ਕਦੇ ਹਿੰਸਕ ਹੋ ਸਕਦਾ ਹੈ ?

ਧਰਮ ਦੇ ਦੋ ਪੱਖ 'ਸਿਮਰਨ ਤੇ ਸੇਵਾ' ਗੁਰਮਤਿ ਦਾ ਫ਼ਲਸਫ਼ਾ ਹੈ। ਧਰਮਸ਼ਾਲ ਜਾਂ ਗੁਰਦੁਆਰਾ ਕੇਵਲ ਕਰਮ-ਕਾਂਡ ਲਈ ਇਮਾਰਤ ਨਹੀਂ, ਸੇਵਾ ਰਾਹੀਂ ਧਰਮ ਕਮਾਉਣ ਦੀ ਸੰਸਥਾ ਹੈ ਜੋ ਕੁਲ ਮਨੁੱਖਤਾ ਲਈ ਹੈ। ਪਰ ਅੱਜ ਸਿੱਖੀ ਨੂੰ ਸਿਰਫ਼ ਗੁਰਦੁਆਰੇ ਤੱਕ ਸੀਮਿਤ ਕਰ ਦਿੱਤਾ ਗਿਆ ਹੈ। ਅਸਲ ਵਿੱਚ ਗੁਰਦੁਆਰਾ ਸਿੱਖ ਸਮਾਜਿਕ ਕੇਂਦਰ ਹੈ, ਲੰਗਰ ਸਮਾਨਤਾ ਦਾ ਪ੍ਰਯੋਗ ਹੈ, ਕੀਰਤਨ ਨੈਤਿਕ ਜਾਗਰੂਕਤਾ ਹੈ, ਰਹਿਤ ਅਨੁਸ਼ਾਸਨ ਹੈ— ਕੇਵਲ ਰਸਮ ਨਹੀਂ। ਜਦੋਂ ਕੋਈ ਵੀ ਵਿਧੀ ਰਸਮ ਬਣ ਜਾਂਦੀ ਹੈ, ਤਾਂ ਉਸ ਦੀ ਆਤਮਾ ਖੋ ਜਾਂਦੀ ਹੈ।

ਕਰਮ-ਕਾਂਡ ਤੋਂ ਮੁਕਤੀ ਨਿਰਮਲ ਪੰਥ ਦੀ ਰੂਹ ਹੈ। 20ਵੀਂ ਸਦੀ ਦਾ ਗੁਰਦੁਆਰਾ ਸੁਧਾਰ ਅੰਗਰੇਜ਼ਾਂ ਨੇ ਕੁਝ ਗੁਰਦੁਆਰਾ ਸਾਹਿਬਾਨ ਤੱਕ ਹੀ ਸੀਮਿਤ ਕਰ ਦਿੱਤਾ ਸੀ। ਅੱਜ ਵੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਕੋਲ ਕਰੀਬ 500, ਹਰਿਆਣਾ ਕਮੇਟੀ ਕੋਲ 52 ਤੇ ਦਿੱਲੀ ਕਮੇਟੀ ਕੋਲ 10 ਹੀ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਹੈ। ਦੇਸ਼ ਭਰ ਵਿੱਚ ਗੁਰੂ-ਘਰਾਂ ਦੀ ਗਿਣਤੀ ਤਾਂ ਹਜ਼ਾਰਾਂ ਵਿੱਚ ਹੈ। ਗੁਰੂ-ਘਰਾਂ ਵਿੱਚ ਪ੍ਰਬੰਧਕਾਂ ਦੀ ਲੜਾਈ ਸ਼ਕਤੀ ਲਈ ਹੈ। ਕੌਮੀ ਸਰਮਾਇਆ ਜੇਕਰ ਪ੍ਰਚਾਰ, ਪ੍ਰਸਾਰ ਤੇ ਵਿੱਦਿਆ ਤੇ ਖ਼ਰਚਿਆ ਜਾਂਦਾ ਤਾਂ ਸਥਿਤੀ ਕਿਧਰੇ ਚੰਗੀ ਹੁੰਦੀ।

ਕੌਮ ਦੀ ਪੁਰਾਤਨ ਫ਼ਲਸਫ਼ੇ ਤੇ ਸ਼ਾਨ ਵੱਲ ਮੁੜ ਵਾਪਸੀ ਕੁਝ ਮੁਸ਼ਕਲ ਲੱਗਦੀ ਹੈ, ਪਰ ਅਸੰਭਵ ਨਹੀਂ ਹੈ। 'ਦੇਵਤਾ ਜੀਵਨ' ਦੀ ਵਿਧੀ ਤੇ ਮਰਿਆਦਾ ਗੁਰੂ ਸਾਹਿਬਾਨ ਨੇ ਆਪਣੀ ਕਲਮ ਨਾਲ ਅੰਕਿਤ ਕੀਤੀ ਹੋਈ ਹੈ। ਜੇ ਸੱਜਣ ਠੱਗ ਬਦਲ ਸਕਦਾ ਹੈ, ਜੇ ਕੌਡਾ ਰਾਖਸ਼ਸ ਜਾਗ ਸਕਦਾ ਹੈ, ਤਾਂ ਸਿੱਖ ਕਿਉਂ ਨਹੀਂ ?


ਬੱਸ ਲੋੜ ਹੈ—ਗੁਰੂ ਨਾਨਕ ਦੇ ਫ਼ਲਸਫ਼ੇ ਨਾਲ ਮੁੜ ਜੁੜਨ ਦੀ, ਡਰ ਦੀ ਰਾਜਨੀਤੀ ਤਿਆਗਣ ਦੀ, ਨੈਤਿਕ ਤੇ ਕਿਰਦਾਰ ਵਾਲੀ ਲੀਡਰਸ਼ਿਪ ਪੈਦਾ ਕਰਨ ਦੀ, ਨੌਜਵਾਨੀ ਨੂੰ ਫ਼ਲਸਫ਼ੇ ਤੇ ਇਤਿਹਾਸ ਨਾਲ ਜੋੜਨ ਦੀ।

ਆਓ 'ਦੇਵਤਾ-ਪਣ' ਦੁਬਾਰਾ ਪ੍ਰਗਟ ਕਰਨ ਦੀ ਯੋਜਨਾ ਬਣਾਈਏ। ਸਿੱਖੀ 'ਪੀੜਤ' ਬਣਾਉਣ ਲਈ ਨਹੀਂ ਬਣੀ ਸੀ, ਸਗੋਂ ਚੜ੍ਹਦੀ ਕਲਾ ਵਾਲੇ ਫ਼ਰਿਸ਼ਤੇ ਬਣਾਉਣ ਲਈ ਪ੍ਰਗਟ ਹੋਈ ਸੀ। ਦੇਵਤੇ ਉਹ ਹੁੰਦੇ ਹਨ ਜੋ ਜ਼ੁਲਮ ਦੇ ਖ਼ਿਲਾਫ਼ ਖੜ੍ਹਦੇ ਹਨ, ਕਮਜ਼ੋਰਾਂ ਦੀ ਰੱਖਿਆ ਕਰਦੇ ਹਨ, ਸੱਚ ਬੋਲਦੇ ਤੇ ਸੱਚਾ ਆਚਾਰ ਰੱਖਦੇ ਹਨ, ਨਿਰਭਉ ਅਤੇ ਨਿਰਵੈਰ ਜੀਵਨ ਜੀਉਂਦੇ ਹਨ।

ਮਨੁੱਖ ਤੋਂ ਦੇਵਤਾ ਬਣਨ ਦਾ ਰਸਤਾ ਗੁਰੂ ਨਾਨਕ ਦੀ ਮਨੁੱਖਤਾ ਨੂੰ ਸਭ ਤੋਂ ਵੱਡੀ ਦੇਣ ਹੈ। ਇਸ ਮਾਰਗ ਤੋਂ ਪਿੱਛੇ ਹਟਣਾ ਸਾਡੀ ਕਿਸਮਤ ਨਹੀਂ, ਸਗੋਂ ਰਹਿਤ ਤੋਂ ਦੂਰ ਜਾਣਾ ਹੈ। ਆਓ ਯੋਜਨਾ ਬਣਾਈਏ, ਵਿਚਾਰ ਕਰੀਏ ਤੇ ਨਿਸ਼ਚਾ ਕਰ ਜਿੱਤ ਵੱਲ ਵਧੀਏ— ਮਨੁੱਖਤਾ ਲਈ, ਭਾਰਤ ਲਈ, ਗੁਰੂ ਨਾਨਕ ਦੇ ਸੁਪਨੇ ਲਈ ਤੇ ਪੰਥ ਦੀ ਚੜ੍ਹਦੀ ਕਲਾ ਲਈ।



# ਅਕਾਲੀ ਮੋਰਚਿਆਂ ਵਿੱਚ ਨਨਕਾਣਾ ਸਾਹਿਬ ਦਾ ਕਤਲੇਆਮ



ਪ੍ਰਮਿੰਦਰ ਸਿੰਘ ਪ੍ਰਵਾਨਾ
510-415-9377

ਨਨਕਾਣਾ ਸਾਹਿਬ ਸਿੱਖ ਧਰਮ ਦੀ ਪਹਿਲੀ ਪਾਤਿਸ਼ਾਹੀ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਜਨਮ ਅਸਥਾਨ ਹੈ। ਇਹ ਇੱਕ ਸ਼੍ਰੋਮਣੀ ਅਸਥਾਨ ਹੈ। ਇਸ ਦੇ ਨਾਮ 'ਤੇ ਅੰਮ੍ਰਿਤਸਰ ਤੇ ਤਰਨਤਾਰਨ ਵਾਂਗ ਲੱਖਾਂ ਦੀ ਜਗੀਰ ਸੀ। ਅੰਗਰੇਜ਼ ਹਕੂਮਤ ਦੀ ਸ਼ਹਿ 'ਤੇ ਇਸ 'ਤੇ ਵੀ ਸਰਕਾਰੀ ਮਹੰਤਾਂ ਦਾ ਕਬਜ਼ਾ ਸੀ। ਨਰਾਇਣ ਦਾਸ ਤੋਂ ਪਹਿਲਾਂ ਵੀ ਦੋ ਮਹੰਤ ਸ਼ਰਾਬੀ ਅਤੇ ਵੈਲੀ ਸਨ। ਉਹ ਮਹੰਤ ਲੱਖਾਂ ਰੁਪਏ ਦੀ ਜਾਇਦਾਦ ਦੁਰਾਚਾਰੀ ਕੁਕਰਮ ਕਰਦੇ ਬਰਬਾਦ ਕਰ ਰਹੇ ਸਨ। ਨਨਕਾਣਾ ਸਾਹਿਬ ਧਰਮ ਅਸਥਾਨ ਦੀ ਥਾਂ 'ਤੇ ਗੁੰਡਿਆਂ ਬਦਮਾਸ਼ਾਂ ਤੇ ਭੰਗੀ ਪੋਸਤੀਆਂ ਦੀ ਪਨਾਹਗਾਹ ਬਣ ਗਿਆ ਸੀ। ਜਿਹੜਾ ਪੈਸਾ ਸਿੱਖਾਂ ਵਿੱਚ ਸਿੱਖਿਆ ਅਤੇ ਧਰਮ ਦੇ ਪਸਾਰ ਲਈ ਵਰਤਿਆ ਜਾਣਾ ਸੀ। ਉਸ ਨੂੰ ਅਯਾਸ਼ੀ ਲਈ ਵਰਤ ਰਹੇ ਸਨ। ਹਕੂਮਤ ਦਾ ਯਤਨ ਸੀ ਕਿ ਸਿੱਖਾਂ ਵਿੱਚ ਜਾਗ੍ਰਿਤੀ ਨਾ ਆਵੇ ਤਾਂ ਜੋ ਉਹਨਾਂ ਨੂੰ ਅੰਗਰੇਜ਼ੀ ਹਕੂਮਤ ਦਾ ਗੁਲਾਮ ਰਖਿਆ ਜਾ ਸਕੇ।

ਮਹੰਤ ਨਰਾਇਣ ਦਾਸ ਗਵਰਨਰ ਮੈਕਲੈਗਨ ਦੇ ਸਮੇਂ ਨਨਕਾਣਾ ਸਾਹਿਬ ਦਾ ਮਹੰਤ ਬਣਿਆ। ਗੱਦੀ 'ਤੇ ਬੈਠਣ ਸਮੇਂ ਉਸਨੇ ਮੈਜਿਸਟਰੇਟ ਦੇ ਸਾਹਮਣੇ ਸਿੱਖ ਸੰਗਤ ਨੂੰ ਲਿਖਤੀ ਪ੍ਰਣ ਦਿੱਤਾ ਕਿ ਉਹ ਪਹਿਲੇ ਮਹੰਤਾਂ ਵਾਲੇ ਕੁਕਰਮ ਛੱਡ ਦੇਵੇਗਾ। ਜੇਕਰ ਉਸ ਦੇ ਖ਼ਿਲਾਫ਼ ਕੋਈ ਕਸੂਰ ਸਾਬਤ ਹੋਵੇ, ਉਹ ਅਸਤੀਫ਼ਾ ਦੇ ਦੇਵੇਗਾ ਪਰ ਛੇਤੀ ਹੀ ਉਹ ਪਹਿਲੇ ਕੁਕਰਮੀ ਢੰਗ 'ਤੇ ਉੱਤਰ ਆਇਆ। ਉਸਨੇ ਇੱਕ ਬਦਚਲਨ ਔਰਤ ਨੂੰ ਗੁਰਦੁਆਰੇ ਵਿੱਚ ਰੱਖ ਲਿਆ। ਅਗਸਤ 1917 ਵਿੱਚ ਮਹੰਤ ਨੇ ਲਾਹੌਰ ਤੋਂ ਵੇਸਵਾਵਾਂ ਮੰਗਵਾਈਆਂ ਅਤੇ ਗੁਰਦੁਆਰੇ ਵਿੱਚ ਗੰਦੇ ਗਾਣਿਆਂ ਨਾਲ ਉਹਨਾਂ ਦਾ ਨਾਚ ਕਰਵਾਇਆ। ਸਿੱਖ ਰੋਹ ਵਿੱਚ ਆ ਗਏ। ਉਹਨਾਂ ਮਹੰਤ ਖ਼ਿਲਾਫ਼ ਮਤੇ ਪਾਸ ਕੀਤੇ। ਅੰਗਰੇਜ਼ ਸਰਕਾਰ ਨੂੰ ਮਹੰਤ ਦੀਆਂ ਸਿੱਖ ਧਰਮ ਵਿਰੋਧੀ ਕੁਰੀਤੀਆਂ ਰੋਕਣ ਦੀ ਅਪੀਲ ਕੀਤੀ ਪਰ ਸਰਕਾਰ ਨੇ ਕੋਈ ਨਾ ਸੁਣੀ।

ਨਨਕਾਣਾ ਸਾਹਿਬ ਅਯਾਸ਼ੀ ਅਤੇ ਦੁਰਾਚਾਰ ਦਾ ਅੱਡਾ ਬਣ ਗਿਆ ਸੀ। ਸੰਨ 1918 ਵਿੱਚ ਇੱਕ ਸਿੰਧੀ ਸ਼ਰਧਾਲੂ ਨਨਕਾਣਾ ਸਾਹਿਬ ਦੇ ਦਰਸ਼ਨ ਕਰਨ ਆਇਆ। ਸ਼ਾਮ ਦੇ ਰਹਿਰਾਸ ਦੇ ਦੀਵਾਨ ਵੇਲੇ ਇੱਕ ਪੁਜਾਰੀ ਸਾਧ ਨੇ ਉਸ ਸਿੰਧੀ ਸ਼ਰਧਾਲੂ ਦੀ 13 ਸਾਲ ਦੀ ਬੱਚੀ ਦੀ ਪੱਤ ਲੁੱਟੀ। ਉਸੇ ਸਾਲ ਹੀ ਪਿੰਡ ਜੜਾਂਵਾਲਾਂ ਲਾਇਲਪੁਰ ਦੀਆਂ 6 ਬੀਬੀਆਂ ਦੀ ਪੱਤ ਪੁਜਾਰੀਆਂ ਨੇ ਲੁੱਟੀ। ਇਹੋ ਜਿਹੀਆਂ ਵਾਰਦਾਤਾਂ ਆਮ ਹੋਣ ਲੱਗੀਆਂ।

ਮਹੰਤ ਦੇ ਦੁਰਾਚਾਰੀ ਕੁਕਰਮਾਂ ਤੋਂ ਸੰਗਤਾਂ ਦੁਖੀ ਸਨ। ਸੰਨ 1920 ਵਿੱਚ ਪਿੰਡ ਧਾਰੋਵਾਲ ਜ਼ਿਲ੍ਹਾ ਸ਼ੇਖ਼ੂਪੁਰਾ ਵਿੱਚ ਇੱਕ ਭਾਰੀ ਦੀਵਾਨ ਸਜਿਆ। ਮਹੰਤ ਦੇ ਗੁਨਾਹਾਂ ਨੂੰ ਸੰਗਤਾਂ ਵਿੱਚ ਪੇਸ਼ ਕੀਤਾ ਗਿਆ। ਇੱਕ ਗੁਰਮਤੇ ਰਾਹੀਂ ਮਹੰਤ ਨੂੰ ਕਿਹਾ ਗਿਆ ਕਿ ਪਹਿਲੇ ਉਹ ਆਪ ਸੁਧਰ ਜਾਵੇ ਫਿਰ ਗੁਰਦੁਆਰੇ ਦੇ ਪ੍ਰਬੰਧ ਦਾ ਸੁਧਾਰ ਕਰੇ। ਮਹੰਤ ਕੋਲ ਤਾਂ ਐਸ ਕਰਨ ਲਈ ਬੇਹਿਸਾਬਾ ਪੈਸਾ ਸੀ। ਕੰਜਰੀਆਂ ਨਚਾਉਣ ਵਾਲੇ ਬੇਦੀ ਜਗੀਰਦਾਰ ਮਹੰਤ ਦੀ ਪਿੱਠ 'ਤੇ ਸਨ। ਮਹੰਤ ਦੇ ਸਰਕਾਰੀ ਹਾਕਮਾਂ ਨਾਲ ਵੀ ਯਾਰਾਨੇ ਸਨ। ਸਾਰੀ ਚੰਡਾਲ ਚੌਂਕੜੀ ਸੁਧਰਨ ਦੀ ਥਾਂ ਸਿੱਖ ਪੰਥ ਦਾ ਵਿਰੋਧ ਕਰਕੇ ਮੁਕਾਬਲੇ ਤੇ ਉਤਰ ਆਈ। ਉਹ ਟਕਰਾਓ ਦੀ ਤਿਆਰੀ ਕਰਨ ਲੱਗੇ। ਪੂਰੀ ਵਿਉਂਤ ਬਣਾ ਕੇ ਆਸ ਪਾਸ ਦੇ ਇਲਾਕੇ ਵਿਚੋਂ 400 ਬਦਮਾਸ਼ਾਂ ਡਆਂ ਨੂੰ ਸ਼ਰਾਬ ਅਤੇ ਤਨਖਾਹ ਤੇ ਗੁਰਦੁਆਰੇ ਵਿੱਚ ਪਹਿਰੇ ਤੇ ਰੱਖ ਲਿਆ। ਗੁਰਦੁਆਰੇ ਨੂੰ ਇੱਕ ਜੰਗੀ ਕਿਲਾ ਬਣਾਉਣ ਦਾ ਸਮਾਨ ਇਕੱਠਾ ਕਰ ਲਿਆ। ਮਹੰਤ ਅੰਗਰੇਜ਼ ਹਾਕਮਾਂ ਦੀ ਕਠਪੁਤਲੀ ਬਣ ਗਿਆ ਸੀ। ਉਹ ਗੁਰਦੁਆਰੇ ਨੂੰ ਆਪਣੀ ਨਿੱਜੀ ਮਾਲਕੀਅਤ ਸਮਝਣ ਲੱਗਿਆ ਕਿ ਉਸ ਨੂੰ ਕੋਈ ਨਹੀਂ ਕੱਢ ਸਕਦਾ। ਉਹ ਮੁਕਾਬਲੇ ਲਈ ਤਿਆਰ ਹੋ ਗਿਆ। ਉਸਨੇ ਸਰਕਾਰ ਦੇ ਚਮਚੇ ਆਪਣੇ ਨਾਲ ਜੋੜ ਲਏ। ਉਸਨੇ ਰਾਂਝਾ, ਰਿਹਾਣਾ ਜਿਹੇ ਦਸ ਨੰਬਰੀਏ ਬਦਮਾਸ਼ਾਂ ਨੂੰ ਭਰਤੀ ਕਰ ਲਿਆ। ਇਲਾਕੇ ਦੇ ਇਸਮਾਇਲ ਭੱਟੀ ਨੂੰ ਨਾਲ ਜੋੜ ਕੇ ਮੁਸਲਮਾਨ ਵੀ ਆਪਣੇ ਨਾਲ ਗੰਢ ਲਏ।

ਬਦਮਾਸ਼ਾਂ ਨੂੰ ਹਥਿਆਰਬੰਦ ਕਰਨ ਲਈ ਜਨਮ ਅਸਥਾਨ ਅੰਦਰ ਛਵ੍ਹੀਆਂ, ਕੁਹਾੜੇ, ਟਕੂਏ ਆਦਿ ਹਥਿਆਰ ਬਣਾਉਣ ਦੀਆਂ ਭੱਠੀਆਂ ਚਾਲੂ ਕਰ ਲਈਆਂ। ਹਥਿਆਰ ਬਣਾ ਕੇ ਉਹ ਹਥਿਆਰਬੰਦ ਹੋਣ ਲੱਗੇ। ਲਾਹੌਰ ਤੋਂ ਪਿਸਤੌਲ, ਕਾਰਤੂਸ ਬੰਦੂਕਾਂ ਵੀ ਖਰੀਦ ਲਈਆਂ। ਹਥਿਆਰ ਬਣਾ ਕੇ ਉਹ ਹਥਿਆਰਬੰਦ ਹੋਣ ਲੱਗੇ। ਲਾਹੌਰ ਤੋਂ ਪਿਸਤੌਲ, ਕਾਰਤੂਸ ਬੰਦੂਕਾਂ ਵੀ ਖਰੀਦ ਲਈਆਂ। ਅਕਾਲੀਆਂ ਨੂੰ ਮਾਰਨ, ਵੱਢਣ ਟੁੱਕਣ ਅਤੇ ਸਾੜਨ ਲਈ ਮਿੱਟੀ ਦੇ ਤੇਲ ਦੇ ਪੀਪੇ ਜਮਾਂ ਕਰ ਲਏ। ਮੁੱਖ ਦਰਵਾਜ਼ਾ ਲੋਹੇ ਦਾ ਪੱਕਾ ਬਣਾ ਲਿਆ। ਗੋਲੀਆਂ ਚਲਾਉਣ ਲਈ ਗੁਪਤ ਚੋਰ ਮੋਰੀਆਂ ਰੱਖ ਲਈਆਂ। ਕਤਲੇਆਮ ਦਾ ਪੂਰਾ ਪ੍ਰਬੰਧ ਕਰ ਲਿਆ।

ਮਹੰਤ ਨ ਆਪਣੀ ਧਾਰਮਿਕ ਸ਼ਕਤੀ ਵਧਾਉਣ ਅਤੇ ਅਕਾਲੀਆਂ ਨੂੰ ਬਦਨਾਮ ਕਰਨ ਲਈ ਨਨਕਾਣਾ ਸਾਹਿਬ ਵਿੱਚ 60-70 ਸਾਧੂਆਂ, ਮਹੰਤਾਂ ਦੀ ਇਕੱਤਰਤਾ ਸੱਦ ਲਈ। ਬਾਬਾ ਕਰਤਾਰ ਸਿੰਘ ਬੇਦੀ ਵੀ ਸ਼ਾਮਲ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਖ਼ਿਲਾਫ਼ ਭਾਸ਼ਣ ਹੋਏ। ਕਮੇਟੀ ਨੂੰ ਮਾਨਤਾ ਦੇਣ ਤੋਂ ਇਨਕਾਰ ਕੀਤਾ। ਸਾਧੂਆਂ ਅਤੇ ਮਹੰਤਾਂ ਦੀ ਕਮੇਟੀ ਬਣਾ ਲਈ। ਕਮੇਟੀ ਦਾ ਪ੍ਰਧਾਨ ਮਹੰਤ ਨਰਾਇਣ ਦਾਸ ਨਨਕਾਣਾ ਅਤੇ ਸਕੱਤਰ ਬਸੰਤ ਦਾਸ ਗੁਰਦੁਆਰਾ ਮਾਣਕ ਬਣੇ। ਆਪਣੇ ਮਨੋਰਥ ਦੇ ਪ੍ਰਚਾਰ ਲਈ 'ਸੰਤ ਸੇਵਕ' ਅਖ਼ਬਾਰ ਕੱਢਣ ਲਈ 60 ਹਜ਼ਾਰ ਰੁਪਇਆ ਵੀ ਇਕੱਠਾ ਕਰ ਲਿਆ।

ਨਵੰਬਰ 1920 ਵਿੱਚ ਗੁਰੂ ਨਾਨਕ ਦੇਵ ਸਾਹਿਬ ਜੀ ਦੇ ਪ੍ਰਕਾਸ਼ ਦਿਵਸ ਤੋਂ 4-5 ਦਿਨ ਪਹਿਲਾਂ ਆਪਣੇ ਇਕੱਠੇ ਕੀਤੇ ਹੋਏ ਗੁੰਡਿਆਂ ਨੂੰ ਕਿਹਾ ਕਿ ਕਿਸੇ ਕਿਰਪਾਨ ਵਾਲੇ ਨੂੰ ਅੰਦਰ ਆਉਣ ਦੀ ਇਜਾਜ਼ਤ ਨਹੀਂ ਹੈ। ਸਰਦਾਰ ਲਛਮਣ ਸਿੰਘ ਧਾਰੋਵਾਲ ਆਪਣੇ ਪਿੰਡ ਦੇ ਕੁਝ ਸ਼ਰਧਾਲੂਆਂ ਨਾਲ ਗੁਰਦੁਆਰਾ ਸਾਹਿਬ ਦੇ ਦਰਸ਼ਨ ਲਈ ਆਇਆ। ਸਬੱਬੀਂ ਉਸ ਦਿਨ ਡਿਪਟੀ ਕਮਿਸ਼ਨਰ ਤੇ ਸੀ.ਆਈ.ਡੀ. ਸੁਪਰਡੈਂਟ ਗੁਰਦੁਆਰੇ ਵਿੱਚ ਸਨ। ਮਹੰਤ ਦੇ ਗੁੰਡੇ ਸੰਗਤ 'ਤੇ ਹਮਲਾ ਕਰਨ ਹੀ ਵਾਲੇ ਸਨ ਕਿ ਅਫ਼ਸਰਾਂ ਨੇ ਹਮਲਾ ਰੁਕਵਾ ਦਿੱਤਾ। ਸਰਦਾਰ ਧਾਰੋਵਾਲ ਦੇ ਨਾਲ ਸੰਗਤਾਂ ਸੁਰੱਖਿਅਤ ਨਿਕਲ ਗਏ ਪਰ ਸਰਕਾਰੀ ਅਫ਼ਸਰਾਂ ਨੇ ਮਹੰਤ ਨੂੰ ਕੋਈ ਵੀ ਤਾੜਨਾ ਨਾ ਦਿੱਤੀ।

ਮਹੰਤ ਦੇ ਅਕਾਲੀਆਂ ਨੂੰ ਕਤਲ ਕਰਨ ਦੇ ਇਰਾਦੇ ਪਤਾ ਲੱਗ ਪਏ ਸਨ। ਪੰਜਾਬ ਦੇ ਅਖ਼ਬਾਰਾਂ ਵਿੱਚ ਮਹੰਤ ਵੱਲੋਂ ਅਕਾਲੀਆਂ ਦਾ ਮੁਕਾਬਲਾ ਕਰਨ ਦੀ ਤਿਆਰੀ ਦੀ ਆਮ ਚਰਚਾ ਹੋਈ। ਅਕਾਲੀ ਹੁਣ ਅਵੇਸਲੇ ਨਹੀਂ ਸਨ। ਜਨਵਰੀ 24, 1921 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਨਰਲ ਸਮਾਗਮ ਵਿੱਚ ਗੁਰਮਤਾ ਪਾਸ ਕੀਤਾ ਕਿ 4,5 ਅਤੇ 6 ਮਾਰਚ ਨੂੰ ਨਨਕਾਣਾ ਸਾਹਿਬ ਵਿੱਚ ਸਾਰੇ ਪੰਥ ਦਾ ਭਾਰੀ ਦੀਵਾਨ ਸਜਾਇਆ ਜਾਵੇ, ਇਸ ਵਿੱਚ ਮਹੰਤ ਨੂੰ ਸੱਦਾ ਦਿੱਤਾ ਜਾਵੇ ਕਿ ਮਹੰਤ ਨੂੰ ਤਾੜਨਾ ਕੀਤੀ ਜਾਵੇ ਕਿ ਉਹ ਪੰਥ ਅਨੁਸਾਰ ਚੱਲੇ। ਇੱਕ ਨੋਟਿਸ ਛਾਪ ਕੇ ਵੀ ਵੰਡਿਆ ਗਿਆ। ਜਿਸ ਵਿੱਚ ਪੰਜਾਬ ਸਰਕਾਰ, ਸਿੱਖ ਰਜਿਆਂ ਅਤੇ ਸਿੱਖਾਂ ਨੂੰ ਕਿਹਾ ਗਿਆ ਕਿ ਉਹ ਸਾਰੇ ਮਿਲ ਕੇ ਆਪਣਾ ਰਸੂਖ ਵਰਤਣ ਕਿ ਗੁਰਦੁਆਰਾ ਪੰਥਕ ਪ੍ਰਬੰਧ ਹੇਠ ਆ ਜਾਵੇ। ਕੀਤੇ ਜਾ ਰਹੇ ਮਾਰਚ ਮਹੀਨੇ ਦੇ ਦੀਵਾਨ ਦੀ ਤਿਆਰੀ ਵਿੱਚ 6 ਫ਼ਰਵਰੀ ਦੀ ਇੱਕਤਰਤਾ ਵਿੱਚ ਲੰਗਰ ਦਾ ਪ੍ਰਬੰਧ ਕਰਨ ਲਈ ਕਮੇਟੀ ਬਣਾਈ ਗਈ, ਜਿਸ ਵਿੱਚ ਭਾਈ ਲਛਮਣ ਸਿੰਘ ਧਾਰੋਵਾਲ, ਸਰਦਾਰ ਦਲੀਪ ਸਿੰਘ ਸਾਂਗਲਾਂ, ਸਰਦਾਰ ਤੇਜਾ ਸਿੰਘ ਸਮੁੰਦਰੀ, ਕਰਤਾਰ ਸਿੰਘ ਝੱਬਰ ਅਤੇ ਸਰਦਾਰ ਬਖ਼ਸ਼ੀਸ਼ ਸਿੰਘ ਮੈਂਬਰ ਸਨ, ਜਿਨ੍ਹਾਂ ਦੀ ਰਸਦ ਅਤੇ ਮਾਇਆ ਇਕੱਠੀ ਕਰਨ ਦੀ ਜ਼ਿੰਮੇਵਾਰੀ ਸੀ।

ਮਹੰਤ ਨੂੰ ਲਗਭਗ ਸਭ ਬੇਦੀ ਜਗੀਰਦਾਰਾਂ ਦੀ ਹਮਾਇਤ ਪ੍ਰਾਪਤ ਸੀ। ਸਰਦਾਰ ਸੁੰਦਰ ਸਿੰਘ ਮਜੀਠੀਆ ਪਹਿਲਾਂ ਵੀ ਸਰਕਾਰ ਦਾ ਬੈ ਖਰੀਦ ਸੀ ਪਰ ਸਰਦਾਰ ਹਰਬੰਸ ਸਿੰਘ ਅਟਾਰੀ ਤੇ ਪ੍ਰੋ. ਜੋਧ ਸਿੰਘ ਕਮੇਟੀ ਦੇ ਨਾਲ ਸਨ। ਚੀਫ਼ ਖ਼ਾਲਸਾ ਦੀਵਾਨ ਸਾਮਰਾਜੀ ਹੋਣ ਕਰਕੇ ਬਦਨਾਮ ਸੀ। ਮਹੰਤ ਨੇ ਮਹਾਰਾਜਾ ਪਟਿਆਲਾ ਨੂੰ ਲਾਹੌਰ ਵਿੱਚ ਮਿਲ ਕੇ ਮਦਦ ਹਾਸਿਲ ਕਰਨ ਦੀ ਕੋਸ਼ਿਸ਼ ਕੀਤੀ। ਮਹਾਰਾਜੇ ਨੇ ਮਹੰਤ ਨੂੰ ਸਲਾਹ ਦਿੱਤੀ ਕਿ ਉਹ ਚੰਗੇ ਸਿੱਖਾਂ ਦੀ ਕਮੇਟੀ ਬਣਾ ਕੇ ਪ੍ਰਬੰਧ ਉਹਨਾਂ ਨੂੰ ਸੌਂਪ ਦੇਵੇ। ਮਹੰਤ ਨੇ ਸਰਕਾਰ ਤੋਂ ਅਜਿਹੀ ਹਥਿਆਰਬੰਦ ਪੁਲਿਸ ਦੀ ਮੰਗ ਕੀਤੀ, ਜਿਸ ਨੂੰ ਗੋਲੀ ਚਲਾਉਣ ਦਾ ਹੁਕਮ ਹੋਵੇ ਪਰ ਸਰਕਾਰ ਨੇ ਇਨਕਾਰ ਕਰ ਦਿੱਤਾ। ਸਰਕਾਰ ਚਾਹੁੰਦੀ ਸੀ ਕਿ ਮਹੰਤ ਖੁਦ ਅਕਾਲੀਆਂ ਨਾਲ ਨਜਿੱਠ ਲਵੇ ਅਤੇ ਉਹਨਾਂ ਦਾ ਖ਼ਾਤਮਾ ਕਰ ਦਿੱਤਾ।

ਸ਼੍ਰੋਮਣੀ ਕਮੇਟੀ ਦੇ ਸਜ ਰਹੇ ਦਿਵਾਨਾਂ ਦਾ ਸਮਾਂ ਵੇਖ ਕੇ ਮਹੰਤ ਨੇ ਮੁਕਾਬਲੇ ਦੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ।

ਉਹ ਗੁਰਦੁਆਰਾ ਜਨਮ ਅਸਥਾਨ ਦਾ ਕਬਜ਼ਾ ਛੱਡਣਾ ਨਹੀਂ ਚਾਹੁੰਦਾ ਸੀ। ਉਸ ਨੇ 28 ਪਠਾਣ ਵੀਹ ਵੀਹ ਰੁਪਏ ਮਾਹਵਾਰ ਦੀ ਤਨਖਾਹ ਤੇ ਰੱਖ ਲਏ। ਮਾਝੇ ਵਿਚੋਂ ਕੁਝ ਮੁਸਲਮਾਨ ਭਰਤੀ ਕਰ ਲਏ। ਕੁਝ ਬਦਮਾਸ਼ ਗੁਰਦੁਆਰਾ ਫੇਰੂ ਤੋਂ ਮਹੰਤ ਦੀ ਮਦਦ ਲਈ ਆਏ। ਟਕਰਾਓ ਲਈ ਅਸਲਾ ਮੌਜੂਦ ਸੀ। ਮਹੰਤ ਨੇ ਆਪਣੇ ਅਖ਼ਬਾਰ 'ਸੰਤ ਸੇਵਕ' ਵਿੱਚ ਕਿਹਾ ਕਿ ਜੇ ਸਿੱਖ ਨਨਕਾਣਾ ਸਾਹਿਬ ਆਏ ਤਾਂ ਮਿੱਝ ਕੱਢ ਕੇ ਰੱਖ ਦਿਆਂਗੇ।

ਮਹੰਤ ਨੇ 7 ਫ਼ਰਵਰੀ 1921 ਨੂੰ ਆਪਣੇ ਹਮਾਇਤੀਆਂ ਤੇ ਇਲਾਕੇ ਦੇ ਭੱਟੀ ਮੁਸਲਮਾਨਾਂ ਦਾ ਇਕੱਠ ਕੀਤਾ ਅਤੇ ਉਹਨਾਂ ਨੂੰ ਸਹੁੰਆਂ ਦਿਵਾ ਕੇ ਇਕਰਾਰ ਲਿਆ ਕਿ ਅਸੀਂ ਮਹੰਤ ਦੀ ਖਾਤਰ ਅਕਾਲੀਆਂ ਨਾਲ ਡੱਟ ਕੇ ਲੜਾਂਗੇ। ਮੰਗਲ ਸਿੰਘ ਕੂਕੇ ਨੇ ਵੀ ਇਸ ਇਕੱਠ ਨੂੰ ਸੰਬੋਧਨ ਕੀਤਾ। ਫੇਰ 14 ਫ਼ਰਵਰੀ 1921 ਨੂੰ ਇੱਕ ਹੋਰ ਇਕੱਠ ਕਰਕੇ ਮਤਾ ਪਕਾਇਆ ਕਿ 5 ਮਾਰਚ ਨੂੰ ਸਾਰਾ ਪੰਥ ਨਨਕਾਣਾ ਸਾਹਿਬ ਜੁੜੇ ਤਾਂ ਸਿੱਖ ਆਗੂਆਂ ਨੂੰ ਸਮਝੌਤੇ ਦੇ ਬਹਾਨੇ ਗੁਰਦੁਆਰੇ ਅੰਦਰ ਬੁਲਾ ਕੇ ਕਤਲ ਕਰ ਦਿੱਤਾ ਜਾਵੇ। ਭਾਈ ਵਰਿਆਮ ਸਿੰਘ ਜੀ ਨੇ ਸੁਹੀਆ ਅਵਤਾਰ ਸਿੰਘ ਰਾਹੀਂ ਕਰਤਾਰ ਸਿੰਘ ਝੱਬਰ ਜੀ ਨੂੰ ਇਹ ਖ਼ਬਰ ਦਿੱਤੀ ਕਿ ਮਹੰਤ ਦੀ ਨੀਅਤ ਸਾਫ਼ ਨਹੀਂ ਹੈ। ਉਹ ਇਕੱਤਰਤਾ ਵਿੱਚ ਪੰਥਕ ਆਗੂਆਂ ਨੂੰ ਖਤਮ ਕਰਨਾ ਚਾਹੁੰਦਾ ਹੈ। ਪੰਥਕ ਆਗੂਆਂ ਨੇ ਯਤਨ ਆਰੰਭ ਦਿੱਤੇ ਕਿ ਮਾਰਚ ਦੇ ਦੀਵਾਨ ਤੋਂ ਪਹਿਲਾਂ ਨਨਕਾਣਾ ਸਾਹਿਬ ਵਿਚ ਕੋਈ ਜੱਥਾ ਨਾ ਪਹੁੰਚੇ।

ਝੱਬਰ ਜੀ ਨੇ ਗੁਰਦੁਆਰਾ ਖਰਾ ਸੌਦਾ ਪਹੁੰਚ ਕੇ ਆਪਣੇ ਜਥੇ ਦੇ ਮੈਂਬਰਾਂ ਅੱਗੇ ਤਜਵੀਜ਼ ਰੱਖੀ ਕਿ ਸਾਨੂੰ ਨੀਅਤ ਤਰੀਕੇ ਤੋਂ ਪਹਿਲਾਂ ਪਹੁੰਚ ਕੇ ਮਹੰਤ ਦੇ ਸ਼ੈਤਾਨੀ ਇਰਾਦੇ ਨੂੰ ਮਾਤ ਦੇਣੀ ਚਾਹੀਦੀ ਹੈ। ਗੁਰਦੁਆਰਾ ਤੇ ਕਬਜ਼ਾ ਕਰਨਾ ਚਾਹੀਦਾ ਹੈ। ਫ਼ਰਵਰੀ 17,1921 ਨੂੰ ਖਰਾ ਸੌਦਾ ਵਿਖੇ ਲਛਮਣ ਸਿੰਘ ਧਾਰੋਵਾਲ ਅਤੇ ਭਾਈ ਬੂਟਾ ਸਿੰਘ ਲਾਇਲਪੁਰ ਨਾਲ ਵਿਚਾਰ ਵਟਾਂਦਰੇ ਤੋਂ ਬਾਅਦ ਫ਼ੈਸਲਾ ਹੋਇਆ ਕਿ ਭਾਈ ਬੂਟਾ ਸਿੰਘ 19 ਫ਼ਰਵਰੀ 1921 ਨੂੰ ਸਵੇਰੇ ਨਨਕਾਣਾ ਸਾਹਿਬ ਪਹੁੰਚ ਜਾਣ ਅਤੇ ਭਾਈ ਲਛਮਣ ਸਿੰਘ ਜੀ ਆਪਣਾ ਜਥਾ ਲੈ ਕੇ ਉਸੇ ਰਾਤ ਚੰਦਰ ਕੋਟ ਆ ਜਾਣ। ਜਿੱਥੇ ਭਾਈ ਕਰਤਾਰ ਸਿੰਘ ਝੱਬਰ ਆਪਣਾ ਜਥਾ ਲੈ ਕੇ ਉਹਨਾਂ ਨਾਲ ਆਣ ਸ਼ਾਮਲ ਹੋਵੇਗਾ।

ਇਸ ਫੈਸਲੇ ਦਾ ਪਤਾ ਸ੍ਰ.ਹਰਚੰਦ ਸਿੰਘ, ਸ੍ਰ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਜੀ ਨੂੰ ਪਤਾ ਲੱਗ ਗਿਆ ਜੋ ਉਸ ਵੇਲੇ ਲਾਇਲਪੁਰ ਵਿਚ ਸਨ। ਭਾਈ ਕਰਤਾਰ ਸਿੰਘ ਝੱਬਰ ਨਹੀਂ ਸੀ ਚਾਹੁੰਦਾ ਕਿ ਇਸ ਫ਼ੈਸਲੇ ਦਾ ਪਤਾ ਪ੍ਰਬੰਧਕ ਕਮੇਟੀ ਨੂੰ ਲੱਗੇ, ਕਿਉਂਕਿ ਉਹਨਾਂ ਨੇ ਆਗਿਆ ਨਹੀਂ ਦੇਣੀ। ਇਹ ਫੈਸਲਾ ਸ਼੍ਰੋਮਣੀ ਕਮੇਟੀ ਦੇ ਖ਼ਿਲਾਫ਼ ਸੀ। 19 ਫ਼ਰਵਰੀ 1921 ਨੂੰ 'ਅਕਾਲੀ' ਅਖ਼ਬਾਰ ਦੇ ਲਾਹੌਰ ਦਫ਼ਤਰ ਵਿਚ ਸਿੱਖ ਆਗੂਆਂ ਦੀ ਇੱਕਤਰਤਾ ਹੋਈ, ਜਿਸ ਵਿਚ ਫ਼ੈਸਲਾ ਹੋਇਆ ਕਿ ਪੰਥਕ ਇਕੱਠ ਵਾਸਤੇ ਮਿਥੀ ਗਈ ਤਰੀਕ ਤੋਂ ਪਹਿਲਾਂ ਕੋਈ ਜਥਾ ਨਨਕਾਣਾ ਸਾਹਿਬ ਨਾ ਜਾਵੇ। ਸ੍ਰ. ਦਲੀਪ ਸਿੰਘ ਅਤੇ ਸ੍ਰ. ਜਸਵੰਤ ਸਿੰਘ ਨੂੰ ਖਰਾ ਸੌਦਾ ਭੇਜਿਆ ਗਿਆ। ਉਹਨਾਂ ਨੇ ਭਾਈ ਕਰਤਾਰ ਸਿੰਘ ਨੂੰ ਮਨਾ ਲਿਆ ਕਿ ਉਹ ਮਿਥੀ ਤਰੀਕੇ ਦੀ ਉਲੰਘਣਾ ਨਾ ਕਰੇ। ਭਾਈ ਦਲੀਪ ਸਿੰਘ ਨੇ ਜ਼ਿੰਮੇਵਾਰੀ ਲਈ ਕਿ ਉਹ ਜਾ ਕੇ ਭਾਈ ਲਛਮਣ ਸਿੰਘ ਦੇ ਜਥੇ ਨੂੰ ਨਨਕਾਣਾ ਸਾਹਿਬ ਜਾਣ ਤੋਂ ਰੋਕੇਗਾ। ਉਹ ਚੰਦਰ ਕੋਟ ਪਹੁੰਚੇ ਪਰ ਭਾਈ ਲਛਮਣ ਸਿੰਘ ਉਥੇ ਨਾ ਮਿਲਿਆ। ਸ੍ਰ. ਦਲੀਪ ਸਿੰਘ ਉਥੋਂ ਭਾਈ ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਜਿਹੜਾ ਕਿ ਨਨਕਾਣਾ ਤੋਂ ਕੋਈ ਇੱਕ ਮੀਲ ਸੀ ਆ ਗਏ।

ਉਸੇ ਦਿਨ ਸ੍ਰ. ਤੇਜਾ ਸਿੰਘ ਸਮੁੰਦਰੀ ਅਤੇ ਮਾਸਟਰ ਤਾਰਾ ਸਿੰਘ ਤੁਰੰਤ ਨਨਕਾਣਾ ਵੱਲ ਤੁਰ ਪਏ ਕਿ ਸੰਗਤਾਂ ਨੂੰ ਗੁਰਦੁਆਰਾ ਜਨਮ ਅਸਥਾਨ ਵਿਚ ਜਾਣ ਤੋਂ ਰੋਕਣ।

19 ਫ਼ਰਵਰੀ 1921 ਨੂੰ ਭਾਈ ਲਛਮਣ ਸਿੰਘ ਸ਼ਾਮ ਨੂੰ ਹਨੇਰੇ ਪਏ ਪਿੰਡੋਂ ਜਥਾ ਲੈ ਕੇ ਤੁਰ ਪਏ। ਉਹਨਾਂ ਨਾਲ 150 ਸਿੰਘ ਤੇ ਬੀਬੀਆਂ ਵੀ ਸਨ। ਉਹ 20 ਫ਼ਰਵਰੀ 1921 ਨੂੰ ਸਵੇਰ ਦੇ ਕੋਈ ਪੰਜ ਵਜੇ ਜਨਮ ਅਸਥਾਨ ਦੇ ਉੱਤਰ ਵੱਲ ਭੱਠਿਆ ਉੱਤੇ ਉਹਨਾਂ ਕੋਲ ਭਾਈ ਦਲੀਪ ਸਿੰਘ ਦਾ ਆਦਮੀ ਸੁਨੇਹਾ ਲੈ ਕੇ ਆਇਆ ਕਿ ਭਾਈ ਸਾਹਿਬ ਜਥੇ ਸਮੇਤ ਨਨਕਾਣਾ ਸਾਹਿਬ ਤੋਂ ਵਾਪਸ ਚਲੇ ਜਾਣ ਅਤੇ ਨਨਕਾਣਾ ਸਾਹਿਬ ਵਿਚ ਬਿਲਕੁਲ ਪੈਰ ਨਾ ਰੱਖਣ। ਉਹ ਹੁਕਮ ਮੰਨ ਕੇ ਵਾਪਸ ਜਾਣ ਲਈ ਤਿਆਰ ਹੋ ਗਏ ਪਰ ਭਾਈ ਟਹਿਲ ਸਿੰਘ ਜੀ ਕਹਿਣ ਲੱਗੇ ਕਿ ਅੱਜ ਗੁਰੂ ਹਰਿ ਰਾਇ ਸਾਹਿਬ ਜੀ ਦਾ ਪ੍ਰਕਾਸ਼ ਦਿਵਸ ਹੈ। ਇੱਥੇ ਅੱਜ ਪਹੁੰਚੇ ਹੋਏ ਹਾਂ। ਚੱਲੋ ਗੁਰਦੁਆਰੇ ਦੇ ਦਰਸ਼ਨ ਕਰਦੇ ਚੱਲੀਏ। ਮਹੰਤ ਸਾਨੂੰ ਕਤਲ ਹੀ ਕਰ ਦੇਵੇਗਾ। ਕੋਈ ਗੱਲ ਨਹੀਂ। ਜਦੋਂ ਅਸਾਂ ਕੋਈ ਹਥਿਆਰ ਨਹੀਂ ਚੁੱਕਣਾ, ਸ਼ਾਂਤਮਈ ਰਹਿਣਾ ਹੈ, ਮੁਕਾਬਲਾ ਨਹੀਂ ਕਰਨਾ ਹੈ। ਭੜਕਾਊ ਗੱਲ ਨਹੀਂ ਕਰਨੀ। ਸਿਰਫ਼ ਮੱਥਾ ਟੇਕ ਕੇ ਵਾਪਸ ਆ ਜਾਣਾ ਏ, ਫਿਰ ਝਗੜਾ ਕਿਉਂ ਹੋਵੇਗਾ।

ਭਾਈ ਲਛਮਣ ਸਿੰਘ ਜੀ ਵੀ ਰਾਜ਼ੀ ਹੋ ਗਏ। ਜਥਾ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਨੂੰ ਤੁਰ ਪਿਆ। ਬੀਬੀਆਂ ਗੁਰਦੁਆਰਾ ਤੰਬੂ ਸਾਹਿਬ ਦੇ ਦਰਸ਼ਨਾਂ ਲਈ ਚਲੀਆਂ ਗਈਆਂ, ਜਿਥੋਂ ਉਹ ਘਰਾਂ ਨੂੰ ਮੁੜ ਗਈਆਂ। ਅਕਾਲੀ ਜਨਮ ਅਸਥਾਨ ਦੇ ਬਾਹਰ ਇਸ਼ਨਾਨ ਕਰਨ ਲੱਗ ਪਏ। ਕੋਈ 6 ਵਜੇ ਦੇ ਕਰੀਬ ਉਹ ਗੁਰਦੁਆਰਾ ਵਿਚ ਮੱਥਾ ਟੇਕਣ ਲਈ ਦਾਖ਼ਲ ਹੋਏ।

ਮਹੰਤ ਦੇ ਗੁੰਡੇ ਬਦਮਾਸ਼ ਜਥੇ ਨੂੰ ਮਾਰ ਮੁਕਾਉਣ ਦੀ ਤਿਆਰੀ ਕਰੀ ਬੈਠੇ ਸਨ। ਮਹੰਤ ਨੇ ਆਪਣੇ ਪਰਵਾਰ ਦੇ ਬੰਦੇ ਲਾਹੌਰ ਭੇਜ ਦਿੱਤੇ ਸਨ। ਰੁਪਇਆ, ਪੈਸਾ ਤੇ ਜ਼ਰੂਰੀ ਕਾਗ਼ਜ਼ ਵੀ ਉਹਨਾਂ ਕੋਲ ਹੀ ਸਨ। ਉਸ ਨੇ ਕੱਥੂਰ ਦੇ ਥਾਣੇ ਵਿਚ ਦਸ ਨੰਬਰੀ ਬਦਮਾਸ਼ਾਂ ਰੀਹਾਣਾ, ਅਮਲੀ, ਕੁੰਦੀ, ਵਸਾਖਾ ਅਤੇ ਕੁਝ ਹੋਰਨਾਂ ਦੀਆਂ ਹਾਜ਼ਰੀਆਂ ਲਵਾਉਣ ਦਾ ਬੰਦੋਬਸਤ ਕਰ ਲਿਆ ਸੀ ਕਿ ਤਾਂ ਜੋ ਕਿਹਾ ਜਾ ਸਕੇ ਕਿ ਵਾਰਦਾਤ ਸਮੇਂ ਉਹ ਤਾਂ ਉਸ ਦਿਨ ਨਨਕਾਣਾ ਸਾਹਿਬ ਵਿਚ ਹਾਜ਼ਰ ਹੀ ਨਹੀਂ ਸਨ, ਉਹਨਾਂ ਦੀ ਹਾਜ਼ਰੀ ਕੱਥੂਰ ਦੇ ਥਾਣੇ ਵਿਚ ਲੱਗੀ ਹੋਈ ਹੈ।

ਮਹੰਤ ਨੇ ਸਾਰੇ ਗੁੰਡਿਆਂ ਅਤੇ ਦਸ ਨੰਬਰੀਆਂ ਬਦਮਾਸ਼ਾਂ ਨੂੰ ਗੰਡਾਸਿਆਂ, ਛਵ੍ਹੀਆਂ, ਤਲਵਾਰਾਂ ਬੰਦੂਕਾਂ ਤੇ ਪਿਸਤੌਲਾਂ ਨਾਲ ਤਾਇਨਾਤ ਕਰ ਦਿੱਤਾ। ਵੱਡੀ ਮਾਤਰਾ ਵਿਚ ਬਾਲਣ ਅਤੇ ਮਿੱਟੀ ਦਾ ਤੇਲ ਵੀ ਕੋਲ ਸੀ। ਕੋਠਿਆਂ ਦੀਆਂ ਛੱਤਾਂ ਉੱਤੇ ਰੋੜੇ ਪੱਥਰ ਬਣ ਗਿਆ ਸੀ। ਜਦ ਜਥਾ ਜਨਮ ਅਸਥਾਨ ਦੇ ਦਰਬਾਰ ਵਿਚ ਦਾਖਲ ਹੋ ਗਿਆ, ਤਾਂ ਭਾਈ ਲਛਮਣ ਸਿੰਘ ਜੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠ ਗਏ। ਸਾਰੇ ਸਿੰਘ ਸ਼ਬਦ ਪੜ੍ਹਨ ਲੱਗੇ ਕਿ ਇੱਕ ਦਮ ਗੋਲੀਆਂ ਵਰਨ ਲੱਗੀਆਂ। ਸਿੰਘ ਫੱਟੜ ਹੋ ਕੇ ਤੜਫਦੇ ਜ਼ਮੀਨ ਤੇ ਡਿੱਗਣ ਲੱਗੇ। ਕੋਠਿਆਂ ਦੀਆਂ ਛੱਤਾਂ ਤੇ ਮੋਰਚੇ ਬਣੇ ਹੋਏ ਸਨ। ਮਹੰਤ ਦੇ ਗੁੰਡੇ ਤਾਬੜ ਤੋੜ ਗੋਲੀਆਂ ਚਲਾ ਰਹੇ ਸਨ। ਇੱਟਾਂ ਪੱਥਰਾਂ ਦੀ ਵੀ ਬੁਛਾੜ ਹੋ ਰਹੀ ਸੀ। ਦਰਵਾਜੇ ਸਭ ਬੰਦ ਸਨ। ਬਚਾਓ ਦਾ ਕੋਈ ਰਾਹ ਨਹੀਂ ਸੀ। ਮਹੰਤ ਦੇ ਗੁੰਡੇ ਸ਼ਰਾਬ ਵਿਚ ਧੁੱਤ ਸਨ, ਜਿਥੇ ਜਿਥੇ ਵੀ ਸਿੰਘ ਸਨ, ਸਭ ਚੁਣ ਚੁਣ ਕੇ ਸ਼ਹੀਦ ਕਰ ਦਿੱਤੇ। ਫੱਟੜਾਂ ਨੂੰ ਜਿਉਂਦਾ ਵੇਖ ਕੇ ਛਵ੍ਹੀਆਂ ਨਾਲ ਕੁਤਰ ਰਹੇ ਸਨ। ਉਹਨਾਂ ਹਰ ਅਕਾਲੀ ਸ਼ਹੀਦੀ ਕੀਤਾ। ਲਛਮਣ ਸਿੰਘ ਧਾਰੋਵਾਲੀ ਨੂੰ ਵੀ ਜੰਡ ਨਾਲ ਪੁੱਠਾ ਲਟਕਾ ਕੇ ਅੱਗ ਲਗਾ ਕੇ ਸ਼ਹੀਦ ਕੀਤਾ। ਗੁਰਦੁਆਰੇ ਤੋਂ ਬਾਹਰ ਖੇਤਾਂ ਤੱਕ ਸਿੰਘਾਂ ਦਾ ਪਿੱਛਾ ਕਰਕੇ ਕਤਲੇਆਮ ਕੀਤਾ। ਸਿੰਘਾਂ ਦਾ ਖੁਰਾ ਖੋਜ ਮਿਟਾਉਣ ਦੀ ਮੁਹਿੰਮ ਛਿੜੀ ਹੋਈ ਸੀ।

ਭਾਈ ਦਲੀਪ ਸਿੰਘ, ਭਾਈ ਵਰਿਆਮ ਸਿੰਘ, ਭਾਈ ਬੂਟਾ ਸਿੰਘ ਤੇ ਸ੍ਰ. ਉੱਤਮ ਸਿੰਘ ਨੇ ਗੋਲੀਆਂ ਦੀਆਂ ਆਵਾਜ਼ਾਂ ਸ੍ਰ. ਉੱਤਮ ਸਿੰਘ ਦੇ ਕਾਰਖ਼ਾਨੇ ਵਿਚ ਬੈਠਿਆਂ ਸੁਣੀਆਂ। ਉਹ ਸਾਰੇ ਗੁਰਦੁਆਰੇ ਨੇੜੇ ਪਹੁੰਚੇ ਤਾਂ ਮਹੰਤ ਦੇ ਬੰਦਿਆਂ ਨੇ ਛਵ੍ਹੀਆਂ ਤੇ ਗੰਡਾਸਿਆਂ ਨਾਲ ਹਮਲਾ ਕਰਕੇ ਉਹਨਾਂ ਨੂੰ ਫੱਟੜ ਕਰਕੇ ਭਖਦੀ ਭੱਠੀ ਵਿਚ ਸੁੱਟ ਦਿੱਤਾ। ਇਸ ਸਮੇਂ ਤਕ ਗੁਰਦੁਆਰੇ ਵਿੱਚ ਸਾਰੇ ਸਿੰਘ ਜ਼ਖ਼ਮੀ ਜਾਂ ਸ਼ਹੀਦ ਹੋ ਚੁੱਕੇ ਸਨ। ਇਹਨਾਂ ਸਾਰਿਆਂ ਨੂੰ ਲੱਕੜਾਂ ਦੇ 3-4 ਢੇਰ ਲਗਾ ਕੇ ਮਿੱਟੀ ਦਾ ਤੇਲ ਪਾ ਕੇ ਅੱਗ ਵਿੱਚ ਸੁੱਟ ਦਿੱਤਾ। ਹੁਣ ਮਾਰਨ ਲਈ ਕੋਈ ਸਿੰਘ ਨਾ ਬਚਿਆ। ਸਾਰਾ ਕੱਢਬਾ ਖਾਲੀ ਹੋ ਗਿਆ। ਮਹੰਤ ਨੇ ਮੋਰਚਾ ਸਰ ਕਰ ਲਿਆ ਸੀ।

ਸ੍ਰ. ਉੱਤਮ ਸਿੰਘ ਕਾਰਖ਼ਾਨੇਦਾਰ ਸ੍ਰ. ਧੰਨਾ ਸਿੰਘ ਅਤੇ ਸ੍ਰ. ਕਰਮ ਸਿੰਘ ਸਟੇਸ਼ਨ ਮਾਸਟਰ ਨੇ ਇਸ ਦਰਦਨਾਕ ਕਤਲੇਆਮ ਦੀ ਖ਼ਬਰ ਪੰਜਾਬ ਦੇ ਗਵਰਨਰ, ਕਮਿਸ਼ਨਰ, ਡਿਪਟੀ ਕਮਿਸ਼ਨਰ, ਸੁਪਰਡੈਂਟ ਪੁਲਿਸ ਤੇ ਸ਼੍ਰੋਮਣੀ ਕਮੇਟੀ ਨੂੰ ਭੇਜ ਦਿੱਤੀ। ਸਾਰੇ ਹੀ ਸਿੱਖ ਜਗਤ ਵਿਚ ਹਾਹਾਕਾਰ ਮੱਚ ਗਈ। ਗੁਰਦੁਆਰਾ ਜਨਮ ਅਸਥਾਨ ਤੇ ਅੰਗਰੇਜ਼ ਸਰਕਾਰ ਦਾ ਕਬਜ਼ਾ ਹੋ ਗਿਆ। ਗੁਰਦੁਆਰੇ ਨੂੰ ਜੰਦਰੇ ਲਗਾ ਦਿੱਤੇ ਗਏ।

20 ਤੋਂ 21 ਫ਼ਰਵਰੀ 1921 ਕੁਝ ਸਿੱਖ ਆਗੂ ਨਨਕਾਣਾ ਸਾਹਿਬ ਪਹੁੰਚ ਗਏ। ਫ਼ਰਵਰੀ 21,1921 ਨੂੰ ਪੜਤਾਲ ਦਾ ਕੰਮ ਸ਼ੁਰੂ ਹੋ ਗਿਆ। ਸਾਰਾ ਗੁਰਦੁਆਰਾ ਸ਼ਮਸ਼ਾਨ ਭੂਮੀ ਬਣਿਆ ਹੋਇਆ ਸੀ। ਹਰ ਥਾਂ ਲਾਸ਼ਾਂ ਵਿਛੀਆਂ ਹੋਈਆਂ ਸਨ। ਗੁਰਦੁਆਰੇ ਦੇ ਅੰਦਰ 150 ਸਿੰਘ ਸ਼ਹੀਦ ਹੋਏ। ਉਹਨਾਂ ਵਿਚੋਂ 86 ਨਾਂਵਾਂ ਦੀ ਸ਼ਨਾਖ਼ਤ ਹੋਈ। ਜੋ ਸਿੰਘ, ਜਿੰਨਾਂ ਦਾ ਪਿਛਾ ਮਹੰਤ ਵੱਲੋਂ ਕੀਤਾ ਗਿਆ। ਗੁਰਦੁਆਰੇ ਤੋਂ ਬਾਹਰ ਵੀ ਸਿੰਘ ਸ਼ਹੀਦ ਹੋਏ ਸਨ, ਜਿਥੋਂ ਕਿੱਥੋਂ ਵੀ ਨਨਕਾਣਾ ਸਾਹਿਬ ਦੇ ਕਤਲੇਆਮ ਦੀ ਖ਼ਬਰ ਪਹੁੰਚੀ, ਅਕਾਲੀ ਨਨਕਾਣਾ ਸਾਹਿਬ ਪੁੱਜਣੇ ਸ਼ੁਰੂ ਹੋ ਗਏ। ਫ਼ਰਵਰੀ 21, 1921 ਤੱਕ ਸਿੰਘਾਂ ਦੀ ਗਿਣਤੀ 4000 ਹੋ ਗਈ। ਜਿਨ੍ਹਾਂ ਵਿਚ ਬੀਬੀਆਂ ਤੇ ਬਿਰਧ ਵੀ ਸਨ।

ਸਰਦਾਰ ਕਰਤਾਰ ਸਿੰਘ ਝੱਬਰ ਵੀ 2200 ਸਿੰਘਾਂ ਦਾ ਜਥਾ ਲੈ ਕੇ ਪਹੁੰਚੇ। ਝੱਬਰ ਜੀ ਨੇ ਕਿਹਾ ਕਿ ਜਥਾ ਹਰ ਕੀਮਤ ਤੇ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਤਿਆਰ ਹੋ ਕੇ ਆਇਆ ਹੈ। ਜਦ ਜਥਾ ਰੇਲਵੇ ਲਾਇਨ ਕੋਲ ਪੁੱਜਾ ਤਾਂ ਅੰਗਰੇਜ਼ ਅਫ਼ਸਰਾਂ ਵਿਚ ਕਮਿਸ਼ਨਰ ਪੁਲਿਸ, ਫ਼ੌਜੀ ਕਰਨੈਲ, ਕਰਨੈਲ ਅਤੇ ਜ਼ਿਲ੍ਹਾ ਅਧਿਕਾਰੀ ਆਦਿ ਨੇ ਕਿਹਾ ਕਿ ਇੱਕ ਰਾਤ ਦੀ ਮੁਹਲਤ ਦਿਉ, ਸਵੇਰੇ ਚਾਬੀਆਂ ਮਿਲ ਜਾਣਗੀਆਂ, ਜਥੇਦਾਰਾਂ ਨੇ ਇਹ ਗੱਲ ਮੰਨਣ ਤੋਂ ਇਨਕਾਰ ਕਰ ਦਿੱਤਾ। ਮੰਗ ਕੀਤੀ ਕਿ ਚਾਬੀਆਂ ਹੁਣੇ ਚਾਹੀਦੀਆਂ ਹਨ।

(ਬਾਕੀ ਸਫ਼ਾ 27 'ਤੇ)

# ਧੀ ਦੀ ਆਪਣੇ ਪਿਓ ਨਾਲ ਸਾਂਝ ਹੁੰਦੀ ਗੂੜ੍ਹੀ ਅਤੇ ਰੂਹਾਨੀ

**ਸੁਖਪਾਲ ਸਿੰਘ ਗਿੱਲ**



ਧੀ ਬਿਨਾਂ ਸੱਭਿਆਚਾਰ, ਸੱਭਿਅਤਾ ਅਤੇ ਸਮਾਜ ਅਧੂਰਾ ਹੈ। ਇਹ ਗੱਲ ਉਦੋਂ ਸਮਝ ਲੱਗੀ ਜਦੋਂ ਭਰੂਣ ਹੱਤਿਆ ਸਿਰੋਂ ਟੱਪ ਗਈ। ਇਸ ਦੇ ਨਤੀਜੇ ਅੱਜ ਸਪੱਸ਼ਟ ਦਿਖਾਈ ਦਿੰਦੇ ਹਨ। ਆਖਿਰ ਨੀਂਦ ਖੁੱਲ੍ਹੀ ਤੇ ਭਾਰਤ ਸਰਕਾਰ ਨੇ ਨਾਅਰਾ ਦਿੱਤਾ, ਧੀ ਜੰਮੀ ਵੰਡੋ ਮਠਿਆਈ ਇਹ ਸਾਕਾਰ ਲੱਛਮੀ ਆਈ ਇਸ ਦੇ ਨਾਲ ਪੰਜਾਬੀ ਲੋਕ ਗੀਤ ਵੀ ਰੁਖ ਮੋੜਨ ਲਈ ਉਚਾਰਿਆ ਗਿਆ ਜਿਸ ਵਿੱਚ ਮੋਹ ਦੀ ਖ਼ੁਸ਼ਬੂ ਸੀ, ਸਾਡਾ ਚਿੜੀਆਂ ਦਾ ਚੰਬਾ ਵੇ ਬਾਬਲ ਅਸਾਂ ਉੱਡ ਜਾਣਾ, ਸਾਡੀ ਲੰਬੀ ਉਡਾਰੀ ਵੇ ਬਾਬਲ ਅਸਾਂ ਕਿਹੜੇ ਦੇਸ਼ ਜਾਣਾ। ਸਮਾਜ ਦੇ ਨਿਯਮ ਸਦਾਚਾਰਕ ਤਰੀਕੇ ਨਾਲ ਬਣੇ ਸਨ, ਪਰ ਅਸੀਂ ਇਨ੍ਹਾਂ ਨੂੰ ਸਮੇਂ ਦੀ ਦੌੜ ਘੋੜ ਵਿੱਚ ਲਪੇਟ ਦਿੱਤਾ।

**ਸਮਾਜਿਕ ਤਬਦੀਲੀ ਨੂੰ ਤਰੱਕੀ ਨਾ ਸਮਝੋ**

ਜੀਵਨ ਜਾਚ ਭੁਲਾ ਕੇ ਨੈਤਿਕਤਾ ਗੁਆ ਦਿੱਤੀ। ਸਮਾਜਿਕ ਸੱਭਿਆਚਾਰਕ ਤਬਦੀਲੀ ਨੂੰ ਤਰੱਕੀ ਸਮਝਣਾ ਸਾਡੀ ਵੱਡੀ ਭੁੱਲ ਹੈ। ਇਹ ਤਬਦੀਲੀ ਵਿਕਾਸ ਦੇ ਨਾਲ ਵਿਨਾਸ਼ ਵੀ ਹਨ। ਪੰਜਾਬੀ ਫੁਕਰੇਪਣ 'ਚ ਜਾਅਲੀ ਜਿਹੇ ਰੀਤੀ ਰਿਵਾਜ ਪੈਦਾ ਕਰਕੇ ਸ਼ਾਨਾਮੱਤੀ ਵਿਰਸੇ ਨੂੰ ਘਸਮੈਲਾ ਕਰ ਰਹੇ ਹਨ। ਸਮਾਂ ਮੁਆਫ਼ ਨਹੀਂ ਕਰੇਗਾ। ਮਾਂ-ਪਿਓ ਧੀ ਪੁੱਤ ਨੂੰ ਸਮਾਜੀਕਰਨ ਦਾ ਸਬਕ ਸਿਖਾਉਂਦਾ ਹੈ, ਬਾਕੀ ਸਬਕ ਤਾਂ ਦੁਨੀਆ ਹੀ ਸਿਖਾ ਦਿੰਦੀ ਹੈ। ਜੀਵ ਵਿਗਿਆਨਕ ਤੌਰ 'ਤੇ ਔਲਾਦ ਮਾਂ-ਪਿਓ ਲਈ ਜਿਗਰ ਦਾ ਟੋਟਾ ਹੁੰਦੀ ਹੈ। ਇਸ ਤੋਂ ਅੱਗੇ ਧੀ ਬੇਗਾਨਾ ਧਨ ਕਹਾਉਂਦੀ ਹੈ।

ਧੀ ਦੀ ਪਿਓ ਨਾਲ ਰੂਹਾਨੀ ਸਾਂਝ


ਧੀ ਦੀ ਪਿਓ ਨਾਲ ਸਾਂਝ ਗੂੜ੍ਹੀ ਅਤੇ ਰੂਹਾਨੀ ਹੁੰਦੀ ਹੈ। ਸਮਾਜ ਵਿੱਚ ਪਿਓ ਧੀ ਇੱਕ ਦੂਜੇ ਤੋਂ ਬਿਨਾਂ ਅਧੂਰੇ ਹਨ। ਧੀ ਨੂੰ ਪਿਓ ਦੀ ਪੱਗ ਅਤੇ ਪਿਓ ਨੂੰ ਸਹੁਰੇ ਘਰ ਧੀ ਦੀ ਖ਼ੁਸ਼ਹਾਲੀ ਦੀ ਚਿੰਤਾ ਹੁੰਦੀ ਹੈ। ਸਮਾਜ ਦੀ ਦੰਦ ਕਥਾ ਹੈ ਕਿ ਜਿਸ ਬਾਪ ਕੋਲ ਧੀ ਨਹੀਂ, ਉਸ ਨੂੰ ਸਮਝ ਨਹੀਂ ਆਉਂਦੀ। ਗੁੱਡੀਆਂ ਪਟੋਲਿਆਂ ਤੋਂ ਡੋਲੀ ਤੋਰਨ ਤੱਕ ਪਿਓ ਧੀ ਦੇ ਪਿਆਰ ਦਾ ਸਫ਼ਰ ਲੰਬਾ ਬਣ ਜਾਂਦਾ ਹੈ। ਮਾਂ ਨਾਲ ਪੁੱਤ, ਪਿਓ ਨਾਲ ਧੀ ਦਾ ਪਿਆਰ ਵੱਖਰੀ ਵੰਨਗੀ ਹੁੰਦੀ ਹੈ। ਧੀ ਪ੍ਰਤੀ ਜ਼ਿੰਮੇਵਾਰੀ ਦਾ ਅਹਿਸਾਸ ਪਿਓ ਨੂੰ ਆਪਣੀ ਆਦਤ ਬਦਲਣ ਨੂੰ ਵੀ ਮਜਬੂਰ ਕਰ ਦਿੰਦਾ ਹੈ। ਧੀ ਵਾਲੇ ਘਰ ਵਿੱਚ ਸ਼ਰਮ, ਸ਼ਬਦ ਅਤੇ ਸਬਕ ਅਣਡਿੱਠ ਨਹੀਂ ਕੀਤੇ ਜਾ ਸਕਦੇ।

**ਵਿੱਦਿਆ ਦੇਣ ਲਈ ਪਿਤਾ ਦਾ ਜ਼ੋਰ**

ਹਰ ਤਰ੍ਹਾਂ ਦਾ ਪਿਆਰ, ਸਤਿਕਾਰ, ਸਮਾਜੀਕਰਨ ਅਤੇ ਸਿੱਖਿਆ ਧੀ ਨੂੰ ਦੇਣ ਲਈ ਬਾਬਲ ਜ਼ੋਰ ਲਾਉਂਦਾ ਹੈ ਕਿਉਂਕਿ ਆਪਣੇ ਘਰ ਦਾ ਨਕਸ਼ਾ ਬੇਗਾਨੇ ਘਰ ਅਤੇ ਸਮਾਜ ਵਿੱਚ ਪੇਸ਼ ਕਰਨਾ ਹੁੰਦਾ ਹੈ। ਸਭ ਤੋਂ ਭਾਵਨਾਤਮਕ ਪਲ ਅਤੇ ਭਾਵਨਾਵਾਂ ਚੋਂ ਹੰਝੂ ਉਦੋ ਚਮਕੌਰ ਮਾਰਦੇ ਹਨ ਜਦੋਂ ਅਨੰਦ ਕਾਰਜ ਦੀ ਰਸਮ ਸਮੇਂ ਪਿਓ-ਧੀ ਦਾ ਪੱਲਾ ਜਵਾਈ ਨੂੰ ਫੜਾ ਕੇ ਜ਼ਿੰਮੇਵਾਰੀ ਤੋਂ ਰੁਖ਼ਸਤ ਹੋ ਜਾਂਦਾ ਹੈ।

**ਧੀਆਂ ਅਤੇ ਦਾਜ ਦੀ ਦਰਿੰਦਗੀ**

ਮਾਣਮੱਤੀ ਗੁਰਮੀਤ ਬਾਵਾ ਨੇ ਗੁੱਡੀਆਂ ਪਟੋਲਿਆਂ ਨੂੰ ਡੋਲੀ ਤੌਰਨ ਤੱਕ ਭਾਵਨਾਤਮਕ ਤੌਰ 'ਤੇ ਪੇਸ਼ ਕਰ ਕੇ ਸਦਾ ਬਹਾਰ ਸ਼ਿੰਗਾਰ ਦਿੱਤਾ। ਜਦੋਂ ਡੋਲੀ ਤੁਰਦੀ ਹੈ ਤਾਂ ਮਾਂ-ਪਿਓ, ਸ਼ਰੀਕਾ, ਸਾਕ ਸੰਬੰਧੀ ਅਤੇ





ਉੱਥੇ ਦੀ ਧਰਤੀ ਵੀ ਹੰਝੂ ਕੇਰ ਕੇ ਸੁੰਨ ਹੋ ਜਾਂਦੇ ਹਨ। ਆਦਮ ਜਾਤ ਦਾ ਇਹ ਭਾਵਭਿੰਨਾ ਛਿਣ ਹੁੰਦਾ ਹੈ। ਪਿਤਾ ਦੇ ਹੰਝੂਆਂ 'ਚੋਂ ਮਮਤਾ ਲਿਸ਼ਕਾਰੇ ਮਾਰਦੀ ਧੀ ਨੂੰ ਸੁਹਾਗਵੰਤੀ ਦਾ ਅਸ਼ੀਰਵਾਦ ਦਿੰਦੀ ਹੈ। ਡੋਲੀ ਤੋਰਨ ਸਮੇਂ ਪਿਓ ਹਾਜ਼ਰ ਨਾ ਹੋਵੇ ਤਾਂ ਚੁੱਪ ਪੱਸਰ ਜਾਂਦੀ ਹੈ।

ਕਈ ਵਾਰ ਕਈ ਪਿਓ ਦੁਨਿਆਵੀ ਕਾਰਨਾਂ ਕਰ ਕੇ ਵੀ ਧੀ ਦੀ ਡੋਲੀ ਸਮੇਂ ਹਾਜ਼ਰ ਨਹੀਂ ਹੁੰਦੇ। ਆਮ ਜਨਤਾ ਵਿੱਚ ਅਜਿਹੀਆਂ ਘਟਨਾਵਾਂ ਆਮ ਹੋ ਜਾਂਦੀਆਂ ਹਨ। ਸੱਤ ਪੁੱਤਰ ਘਰ ਵਿੱਚ ਵੱਸ ਜਾਂਦੇ ਹਨ, ਇਕੱਲੀ ਧੀ ਤੋਰਨੀ ਪੈਂਦੀ ਹੈ। ਇਹ ਵਿਚਾਰੀ ਜੰਮਦੀ ਹੀ ਬੇਗਾਨਗੀ ਦਾ ਅਹਿਸਾਸ ਲੈ ਕੇ ਹੈ। ਪਿਓ ਦੇ ਕਿਸੇ ਵੀ ਕਾਰਨ ਧੀ ਦੀ ਡੋਲੀ ਤੋਰਨ 'ਤੇ ਹਾਜ਼ਰ ਨਾ ਹੋਣ ਨੂੰ ਇਉਂ ਸੱਭਿਆਚਾਰਕ ਵੰਨਗੀ ਦਿੱਤੀ ਹੈ ਜੋ ਕਿ ਸਦਾਬਹਾਰ ਹੰਝੂ ਕੇਰਦੀ ਹੀ ਰਹੇਗੀ-

ਓ ਪੁੱਤਰ ਸੱਤ ਵੀ ਸਮਾ ਲੈਂਦੋ,<br>
ਵੇ ਬਾਬਲਾ ਪੁੱਤਰ ਸੱਤ ਵੀ<br>
ਸਮਾ ਲੈਂਦੋ,<br>
ਹਾਏ ਪੁੱਤਰ ਸੱਤ ਵੀ ਸਮਾ ਲੈਂਦੋ,<br>
ਵੇ ਧੀ ਘਰ ਨਾ ਇਕ ਸਮਾ ਸਕੀ,<br>
ਜਿਹੜੀ ਤੁਰਨ ਵੇਲੇ ਘਰੋਂ<br>
ਗਈ ਰੋਂਦੀ,<br>
ਉਹਨੂੰ ਮਾਂ ਨਾ ਚੁੱਪ ਕਰਾ ਸਕਦੀ,<br>
ਕਹਾਰੋ ਡੋਲੀ ਨਾ ਚਾਇਓ ਮੇਰਾ ਬਾਬਲ ਆਇਆ ਨੀਂ<br>
ਵੇਖ ਵੀਰਾ ਦੂਰ ਖੜ੍ਹਾ ਰੋਵੇ ਕਿਸੇ ਨੇ ਚੁੱਪ ਕਰਾਇਆ ਨੀਂ,<br>
ਕਹਾਰੋ ਡੋਲੀ ਨਾ ਚਾਇਓ ਵੇ ਮੇਰਾ ਬਾਬਲ ਆਇਆ ਨੀਂ ।

ਡੋਲੀ ਤੋਰਨ ਵੇਲੇ ਜਦੋਂ ਬਾਬਲ ਨਹੀਂ ਹੁੰਦਾ ਤਾਂ ਕੁਝ ਖੋਹਿਆ ਹੋਇਆ ਮਹਿਸੂਸ ਹੁੰਦਾ ਹੈ। ਭਾਵਨਾਤਮਕ ਉਬਾਲ ਆਉਂਦਾ ਹੀ ਰਹਿੰਦਾ ਹੈ। ਸ਼ਾਲਾ ! ਡੋਲੀ ਪਿਓ ਹੀ ਤੋਰੇ ਤੇ ਮਾਪਿਆਂ ਦੀ ਉਮਰ ਲੰਬੀ ਹੋਵੇ।

# ਸੱਭਿਆਚਾਰਕ ਵਿਰਾਸਤ ਨੂੰ ਸੰਭਾਲਣ ਦੀ ਲੋੜ

**ਸੁਰਜੀਤ ਸਿੰਘ ਫਲੋਰਾ**





1947 ਵਿੱਚ ਦੇਸ਼ ਦੀ ਵੰਡ ਤੋਂ ਬਾਅਦ ਦੇ ਪਰਵਾਸ ਕਾਰਨ ਉੱਤਰੀ ਭਾਰਤ ਦੇ ਵੱਖ-ਵੱਖ ਹਿੱਸਿਆਂ ਵਿੱਚ ਪੰਜਾਬੀਆਂ ਦੀ ਇੱਕ ਮਹੱਤਵਪੂਰਨ ਆਮਦ ਹੋਈ। ਇਸ ਜਨਸੰਖਿਆ ਤਬਦੀਲੀ ਨੇ ਪੂਰੇ ਖੇਤਰ ਵਿੱਚ ਪੰਜਾਬੀ ਸੱਭਿਆਚਾਰ, ਭਾਸ਼ਾ ਅਤੇ ਰੀਤੀ-ਰਿਵਾਜਾਂ ਦੇ ਪ੍ਰਸਾਰ ਵਿੱਚ ਯੋਗਦਾਨ ਪਾਇਆ। ਪੰਜਾਬੀ ਸੱਭਿਆਚਾਰ ਜੀਵੰਤ ਪਰੰਪਰਾਵਾਂ ਨਾਲ ਭਰਪੂਰ ਹੈ, ਜਿਸ ਵਿੱਚ ਭੰਗੜਾ ਅਤੇ ਗਿੱਧਾ ਨਾਚ, ਲੋਹੜੀ ਅਤੇ ਵਿਸਾਖੀ ਵਰਗੇ ਜੀਵੰਤ ਤਿਉਹਾਰ, ਵਿਸਤ੍ਰਿਤ ਪੰਜਾਬੀ ਵਿਆਹ ਆਦਿ ਸ਼ਾਮਿਲ ਹਨ। ਰਵਾਇਤੀ ਪੰਜਾਬੀ ਪਹਿਰਾਵੇ ਜਿਵੇਂ ਭੰਗੜਾ ਪਹਿਰਾਵਾ ਅਤੇ ਫੁਲਕਾਰੀ, ਕਢਾਈ ਸਾਡੇ ਸੱਭਿਆਚਾਰਕ ਤੱਤ ਨੂੰ ਚੰਗਾ ਪ੍ਰਦਰਸ਼ਿਤ ਕਰਦੇ ਹਨ।

**ਪੁਰਾਣੇ ਪੰਜਾਬ ਦੀ ਝਲਕ ਦਾ ਨਜ਼ਾਰਾ**

ਸਾਡਾ ਪਹਿਲਾ ਪੁਰਾਣਾ ਪੰਜਾਬ ਖੇਤਰਫਲ ਪੱਖੋਂ ਬਹੁਤ ਵੱਡਾ ਸੀ। ਪੰਜਾਬ ਦਾ ਖੇਤਰ ਉਸ ਦੀ ਉਪਜਾਊ ਜ਼ਮੀਨ ਅਤੇ ਪੰਜ ਦਰਿਆਵਾਂ (ਸਿੰਧ ਘਾਟੀ ਸੱਭਿਅਤਾ) ਦੇ ਨਾਲ, ਜਿਸ ਨੂੰ ਹੁਣ 'ਉੱਤਰੀ ਭਾਰਤ' ਵਜੋਂ ਜਾਣਿਆ ਜਾਂਦਾ ਹੈ, ਦਾ ਮੂਲ ਸੀ। ਇਸ ਨੇ ਮੋਟੇ ਤੌਰ 'ਤੇ ਅਜੋਕੇ ਪੰਜਾਬ (ਭਾਰਤ), ਹਰਿਆਣਾ ਅਤੇ ਪੂਰੇ ਪਾਕਿਸਤਾਨ ਦਾ ਗਠਨ ਕੀਤਾ। ਹਾਲਾਂਕਿ ਰਾਜਨੀਤਿਕ ਸੀਮਾਵਾਂ ਦੁਆਰਾ ਵੱਖ ਕੀਤੇ ਗਏ ਸਨ, ਇਨ੍ਹਾਂ ਸਾਰਿਆਂ ਦੀ ਇੱਕ ਸਾਂਝੀ ਵਿਰਾਸਤ ਅਤੇ ਪਰੰਪਰਾਵਾਂ ਬਹੁਤ ਹਾਲ ਹੀ ਵਿੱਚ ਸਨ। ਭਾਰਤੀ ਉਪ-ਮਹਾਂਦੀਪ ਵਿੱਚ 'ਹਿੰਦੁਸਤਾਨੀ' ਬੋਲਣ ਵਾਲੇ ਲੋਕ ਇੱਥੋਂ ਹੀ ਪੈਦਾ ਹੋਏ ਹਨ। ਤੰਦੂਰੀ ਰੋਟੀਆਂ, ਪਨੀਰ ਟਿੱਕਾ, ਦਾਲ ਮੱਖਣੀ, ਸਰੋਂ ਦਾ ਸਾਗ ਨਾਲ ਮੱਕੀ ਦੀ ਰੋਟੀ, ਲੱਸੀ ਦੇ ਗਲਾਸ ਕਦੇ ਪੰਜਾਬੀਆਂ ਦੀ ਪ੍ਰਾਹੁਣਚਾਰੀ ਦਾ ਸਲੀਕਾ ਹੁੰਦਾ ਸੀ। ਤੁਸੀਂ ਕਹਿ ਸਕਦੇ ਹੋ ਕਿ ਪੰਜਾਬੀ ਸੱਭਿਆਚਾਰ ਨੇ ਦੂਜਿਆਂ ਤੋਂ ਬਹੁਤ ਕੁਝ ਗ੍ਰਹਿਣ ਕੀਤਾ ਹੈ ਅਤੇ ਹੋਰ ਸੱਭਿਆਚਾਰਾਂ ਨੇ ਪੰਜਾਬੀ ਸੱਭਿਆਚਾਰ ਤੋਂ ਵੀ ਬਹੁਤ ਕੁਝ ਗ੍ਰਹਿਣ ਕੀਤਾ ਹੈ। ਅਜੋਕੇ ਕਈ ਪੰਜਾਬੀਆਂ ਵਿੱਚ ਅਮੀਰੀ-ਗਰੀਬੀ, ਵੱਡੇ-ਛੋਟੇ, ਦਿਖਾਵੇ ਵਾਲੇ ਲੋਕ ਜੋ ਦਿਖਾਵਾ ਕਰਨਾ ਤੇ ਪਾਰਟੀ ਕਰਨਾ ਪਸੰਦ ਕਰਦੇ ਹਨ। ਬਹੁਤ ਵਿਰਲੇ ਲੋਕ ਹਨ ਜੋ ਦੂਸਰਿਆਂ ਬਾਰੇ ਸੋਚਦੇ ਹਨ। ਜਿਥੇ ਕਿ ਪਹਿਲਾਂ ਪਰਿਵਾਰ ਤਾਂ ਕੀ ਸਾਰੇ ਪਿੰਡ ਦੇ ਲੋਕ ਇੱਕ ਦੂਜੇ ਨਾਲ ਮਿਲ ਵਰਤ ਕੇ ਰਹਿੰਦੇ ਸਨ।

**ਪਰਾਈ ਧਰਤੀ 'ਤੇ ਭਾਈਚਾਰੇ ਦੀ ਜ਼ਿੰਮੇਵਾਰੀ**

ਗੱਲ ਕੀ ਪੰਜਾਬ ਨੂੰ ਬੇਪਰਵਾਹ ਲੋਕਾਂ ਦਾ ਦੇਸ਼ ਮੰਨਿਆ ਜਾਂਦਾ ਹੈ ਜੋ ਖਾਣਾ, ਪੀਣਾ ਅਤੇ ਪਾਰਟੀ ਕਰਨਾ ਪਸੰਦ ਕਰਦੇ ਹਨ, ਅਫ਼ਸੋਸ ਕਿ ਬਾਲੀਵੁੱਡ ਦੁਆਰਾ ਇੱਕ ਦਸਤਾਰਧਾਰੀ ਸਿੱਖ ਨੂੰ ਪਹਿਲਾਂ ਸਿਰਫ਼ ਹਾਸੋਹੀਣੇ ਉਦੇਸ਼ਾਂ ਲਈ ਪੇਸ਼ ਕੀਤਾ ਜਾਂਦਾ ਸੀ। ਪਰ ਪੰਜਾਬੀ ਗਾਇਕੀ ਦੇ ਹੋਣਹਾਰ ਕਲਾਕਾਰਾਂ ਨੇ ਸਿੱਖ ਦਾ ਹੀ ਨਹੀਂ ਬਲਕਿ ਦਸਤਾਰ ਦਾ ਵੀ ਕੱਦ ਉੱਚਾ ਕੀਤਾ ਹੈ। ਮੈਨੂੰ ਗ਼ਲਤ ਨਾ ਸਮਝੋ, ਸੱਚ ਇਹ ਹੈ ਕਿ ਮੈਨੂੰ ਪੰਜਾਬੀਆਂ ਦਾ ਬੇਪਰਵਾਹ ਰਵੱਈਆ ਪਸੰਦ ਨਹੀਂ ਹੈ। ਕੈਨੇਡਾ ਵਰਗੇ ਮੁਲਕਾਂ ਵਿੱਚ ਕੁਝ ਪੰਜਾਬੀਆਂ (ਸਾਰੇ ਨਹੀਂ) ਵੱਲੋਂ ਕਈ ਗ਼ੈਰ-ਕਾਨੂੰਨੀ ਕੰਮ ਕੀਤੇ ਜਾ ਰਹੇ ਹਨ। ਬਹੁਤ ਸਾਰੀਆਂ ਚੀਜ਼ਾਂ ਗਲਤ ਹਨ। ਅਜਿਹਾ ਨਹੀਂ ਹੋਣਾ ਚਾਹੀਦਾ। ਸਾਡੀ ਸੱਭਿਆਚਾਰਕ ਪਛਾਣ ਬਹੁਤ ਅਣਮੁੱਲੀ ਹੈ। ਇਸ ਨੂੰ ਕਾਇਮ ਰੱਖਣ ਲਈ ਦੇਸ਼-ਵਿਦੇਸ਼ ਵਿੱਚ ਸਾਡੀ ਜ਼ਿੰਮੇਵਾਰੀ ਹੋਰ ਵੀ ਵੱਧ ਜਾਂਦਾ ਹੈ। ਜਿਵੇਂ ਕਿ ਪਹਿਲਾਂ ਜ਼ਿਕਰ ਕੀਤਾ ਹੈ, ਸਾਡਾ ਸੱਭਿਆਚਾਰ ਬਹੁਤ ਅਮੀਰ ਹੈ। ਪਰਾਈ ਧਰਤੀ 'ਤੇ ਸਾਡੇ ਭਾਈਚਾਰੇ ਦਾ ਰੁਤਬਾ ਹੋਰ ਵਧਣਾ ਚਾਹੀਦਾ ਹੈ।

**ਸੱਭਿਆਚਾਰਕ ਪਛਾਣ ਦਾ ਮੁੱਦਾ**

ਉੱਤਰੀ ਭਾਰਤ ਵਿੱਚ ਸ਼ਹਿਰੀ ਕੇਂਦਰਾਂ ਦੇ ਵਾਧੇ ਨੇ ਸੱਭਿਆਚਾਰਾਂ ਦੇ ਸੁਮੇਲ ਦੀ ਸਹੂਲਤ ਦਿੱਤੀ ਹੈ, ਪੰਜਾਬੀ ਪਰੰਪਰਾਵਾਂ ਨੂੰ ਅਕਸਰ ਬ੍ਰਹਿਮੰਡੀ ਖੇਤਰਾਂ ਵਿੱਚ ਵਧੇਰੇ ਉਚਾਰਣ ਕੀਤਾ ਹੈ। ਜਿਸ ਨੇ ਪੰਜਾਬੀ ਡਾਇਸਪੋਰਾ ਦੀ ਆਰਥਿਕ ਸਫਲਤਾ, ਖ਼ਾਸ ਤੌਰ 'ਤੇ ਕੈਨੇਡਾ ਅਮਰੀਕਾ ਅਤੇ ਯੂ.ਕੇ. ਵਿੱਚ, ਸੱਭਿਆਚਾਰਕ ਵਟਾਂਦਰੇ ਅਤੇ ਪ੍ਰਭਾਵਾਂ ਨੂੰ ਵਧਾਇਆ ਹੈ, ਜਿਸ ਨਾਲ ਪੰਜਾਬੀ ਸੱਭਿਆਚਾਰ ਨੂੰ ਉੱਤਰੀ ਭਾਰਤੀ ਪਛਾਣ ਵਿੱਚ ਸ਼ਾਮਿਲ ਕੀਤਾ ਗਿਆ ਹੈ।

ਹਾਲਾਂਕਿ ਪੰਜਾਬੀ ਸੱਭਿਆਚਾਰ ਨੇ ਉੱਤਰੀ ਭਾਰਤੀ ਸੱਭਿਆਚਾਰ ਨੂੰ ਪ੍ਰਭਾਵਿਤ ਕੀਤਾ ਹੈ, ਪਰ ਇਹ ਪਛਾਣਨਾ ਮਹੱਤਵਪੂਰਨ ਹੈ ਕਿ ਉੱਤਰੀ ਭਾਰਤ ਵੱਖ-ਵੱਖ ਸੱਭਿਆਚਾਰਾਂ, ਭਾਸ਼ਾਵਾਂ ਅਤੇ ਪਰੰਪਰਾਵਾਂ ਦਾ ਇਕ ਸੁਮੇਲ ਹੈ, ਜੋ ਹਰ ਇੱਕ ਖੇਤਰ ਦੀ ਅਮੀਰ ਸੱਭਿਆਚਾਰਕ ਵਿਰਾਸਤ ਵਿੱਚ ਯੋਗਦਾਨ ਪਾਉਂਦਾ ਹੈ। ਵੱਖ-ਵੱਖ ਸੱਭਿਆਚਾਰਕ ਤੱਤਾਂ ਦਾ ਮਿਸ਼ਰਨ ਬਹੁਤ ਸਾਰੇ ਸਮਾਜਾਂ ਵਿੱਚ ਆਮ ਹੁੰਦਾ ਹੈ ਅਤੇ ਇਹ ਸੱਭਿਆਚਾਰਕ ਪਛਾਣ ਦੇ ਗਤੀਸ਼ੀਲ ਸੁਭਾਅ ਨੂੰ ਚੰਗੇ ਢੰਗ ਨਾਲ ਦਰਸਾਉਂਦਾ ਹੈ। ਲੋਕ ਕਲਾਵਾਂ, ਜੋ ਇਕ ਵਾਰ ਜੀਵੰਤ ਅਤੇ ਵਿਸ਼ਵ ਭਰ ਦੀਆਂ ਸੱਭਿਆਚਾਰਾਂ ਵਿੱਚ ਡੂੰਘਾਈ ਨਾਲ ਜੁੜੀਆਂ ਹੋਈਆਂ ਸਨ, ਅਸਲ ਵਿੱਚ ਇੱਕ ਗਿਰਾਵਟ ਦਾ ਸਾਹਮਣਾ ਕਰ ਰਹੀਆਂ ਹਨ ਜੋ ਉਨ੍ਹਾਂ ਦੇ ਸੰਭਾਵੀ ਲੋਪ ਹੋਣ ਬਾਰੇ ਚਿੰਤਾਵਾਂ ਪੈਦਾ ਕਰਦੀਆਂ ਹਨ। ਕਈ ਕਾਰਕ ਇਸ ਵਰਤਾਰੇ ਵਿੱਚ ਆਪਣਾ ਵੱਡਾ ਯੋਗਦਾਨ ਪਾਉਂਦੇ ਹਨ।

**ਨਵੀਂ ਪੀੜ੍ਹੀ ਦਾ ਰੁਝਾਨ**

ਪਰ ਅਫ਼ਸੋਸ ਕਿ ਨਵੀਂ ਪੀੜ੍ਹੀ ਵਿੱਚ ਲੋਕ ਕਲਾਵਾਂ ਨੂੰ ਅਤੀਤ ਦੇ ਅਵਸ਼ੇਸ਼ਾਂ ਨੂੰ ਪਿੱਛੇ ਛੱਡਦੇ ਹੋਏ ਮਨੋਰੰਜਨ ਦੇ ਵਧੇਰੇ ਪ੍ਰਸਿੱਧ ਰੂਪਾਂ ਨੂੰ ਅਪਣਾਉਣ ਦਾ ਰੁਝਾਨ ਵੱਧ ਰਿਹਾ ਹੈ। ਇਸ ਦਾ ਮੁੱਖ ਕਾਰਨ ਹੈ ਤੇਜ਼ ਸ਼ਹਿਰੀ ਵਿਕਾਸ ਅਤੇ ਉਦਯੋਗਿਕ ਵਿਕਾਸ ਦਾ ਹੋਣਾ, ਪੇਂਡੂ ਭਾਈਚਾਰੇ ਵੱਲੋਂ ਸ਼ਹਿਰਾਂ ਵਿੱਚ ਬਿਹਤਰ ਆਰਥਿਕ ਮੌਕਿਆਂ ਦੀ ਭਾਲ ਵਿੱਚ ਆਪਣੀ ਨੌਜਵਾਨ ਪ੍ਰਤਿਭਾ ਨੂੰ ਕੂਚ ਕਰਵਾਉਣਾ, ਇਸ ਗੱਲ ਦੀ ਗਵਾਹੀ ਭਰਦਾ ਹੈ। ਇਹ ਦਿਮਾਗੀ ਨਿਕਾਸ ਜੜ੍ਹਾਂ ਨੂੰ ਕਮਜ਼ੋਰ ਕਰਦਾ ਹੈ ਜੋ ਲੋਕ ਕਲਾ ਦੀਆਂ ਪਰੰਪਰਾਵਾਂ ਨੂੰ ਪੋਸ਼ਣ ਦਿੰਦੀਆਂ ਹਨ ਕਿਉਂਕਿ ਉਹ ਪੀੜ੍ਹੀ ਦਰ ਪੀੜ੍ਹੀ ਵਿਰਾਸਤ ਵਿੱਚ ਮਿਲੇ ਹੁਨਰਾਂ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਸਨ, ਪਰ ਨੌਜਵਾਨ ਪੀੜ੍ਹੀ ਇਸ ਤੋਂ ਮੂੰਹ ਫੇਰ ਚੁੱਕੀ ਹੈ। ਇਨ੍ਹਾਂ ਸਮਾਜਿਕ ਤਬਦੀਲੀਆਂ ਨੇ ਭਾਈਚਾਰਿਆਂ ਦੇ ਅੰਦਰ ਪਰੰਪਰਾਗਤ ਸਮਾਜਿਕ ਢਾਂਚੇ ਨੂੰ ਬਦਲ ਦਿੱਤਾ ਹੈ, ਜਿਸ ਨਾਲ ਲੋਕ ਕਲਾਵਾਂ ਦਾ ਅਭਿਆਸ ਅਤੇ ਕਦਰ ਕੀਤੀ ਜਾਂਦੀ ਸੀ। ਉਦਾਹਰਨ ਲਈ, ਪਹਿਲਾਂ ਆਧੁਨਿਕ ਜੀਵਨ-ਸ਼ੈਲੀ ਸਮੂਹਿਕ ਅਨੁਭਵਾਂ ਨਾਲੋਂ ਵਿਅਕਤੀਵਾਦ ਨੂੰ ਤਰਜੀਹ ਦਿੱਤੀ ਜਾਂਦੀ ਸੀ, ਜੋ ਲੋਕ ਕਲਾ ਰਚਨਾ ਦੇ ਕਈ ਰੂਪਾਂ ਦਾ ਅਨਿੱਖੜਵਾਂ ਅੰਗ ਸਨ ਜਿਸ ਨੂੰ ਨਵੀਂ ਪੀੜ੍ਹੀ ਨੇ ਨਸ਼ਿਆਂ ਵਿੱਚ ਅਤੇ ਬਾਹਰਲੇ ਦੇਸ਼ਾਂ ਦੇ ਪ੍ਰਵਾਸ ਨੂੰ ਚੁਣ ਕੇ ਸਮਾਪਤ ਕਰ ਦਿੱਤਾ ਹੈ। ਪਰ ਜੇਕਰ ਸਰਕਾਰਾਂ ਅਤੇ ਸਾਡੇ ਸੂਝਵਾਨ ਲੋਕ, ਹਿੰਮਤ ਕਰਨ ਤਾਂ ਨਾਟਕਾਂ, ਫਿਲਮਾਂ, ਗੇਮਾਂ ਜਾਂ ਵਰਚੁਅਲ ਰਿਐਲਿਟੀ ਤਜਰਬਿਆਂ ਰਾਹੀ ਨੌਜਵਾਨ ਪੀੜ੍ਹੀ ਨੂੰ ਤਕਨਾਲੋਜੀ-ਅਧਾਰਿਤ ਰੁਝਾਨਾਂ ਰਾਹੀਂ ਇਸ ਤੇਜ਼-ਰਫ਼ਤਾਰ ਸਮਾਜ ਵਿੱਚ ਫਿਰ ਤੋਂ ਪ੍ਰੇਰਿਤ ਕਰ ਸਕਦੇ ਹਾਂ ਤੇ ਆਪਣੇ ਸੱਭਿਆਚਾਰ ਤੇ ਵਿਰਾਸਤ ਨਾਲ ਜੋੜ ਸਕਦੇ ਹਾਂ।

ਇਸ ਸਬੰਧ 'ਚ ਸਾਡੀਆਂ ਸੰਸਥਾਵਾਂ ਅਤੇ ਸਰਕਾਰਾਂ ਦੀ ਸਮੁੱਚੀ ਕੋਸ਼ਿਸ਼ ਸੱਭਿਆਚਾਰਕ ਵਿਰਾਸਤ ਨੂੰ ਸੁਰਜੀਤ ਕਰਨ ਤੇ ਸੁਰੱਖਿਅਤ ਰੱਖਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਸਕਦੀ ਹੈ। ਲੋਕ ਕਲਾਵਾਂ ਦੇ ਅੰਦਰੂਨੀ ਮੁੱਲ ਅਤੇ ਵਿਲੱਖਣਤਾ ਬਾਰੇ ਜਾਗਰੂਕਤਾ ਪੈਦਾ ਕਰ ਕੇ, ਅਸੀਂ ਇਨ੍ਹਾਂ ਪਰੰਪਰਾਵਾਂ ਲਈ ਸਮਾਜ 'ਚ ਜਾਗਰੂਕਤਾ ਲਿਆ ਸਕਦੇ ਹਾਂ ਤਾਂ ਜੋ ਆਉਣ ਵਾਲੀ ਪੀੜ੍ਹੀ ਲਈ ਸਾਡਾ ਸੱਭਿਆਚਾਰ ਤੇ ਵਿਰਾਸਤ ਜਿਉਂਦੀ ਰਹਿ ਸਕੇ।




# ਭੈਣਾਂ ਵਰਗਾ ਸਾਕ ਨਾ ਕੋਈ....

ਭੋਲਾ ਸਿੰਘ ਸ਼ਮੀਰੀਆ

ਰਿਸ਼ਤਿਆਂ ਦਾ ਤਾਣਾ ਬਾਣਾ ਜ਼ਿੰਦਗੀ ਨੂੰ ਜਿਊਣ ਜੋਗੀ ਕਰੀ ਰੱਖਦਾ ਹੈ। ਕੁੱਝ ਰਿਸ਼ਤੇ ਹੰਢਾਉਣੇ ਪੈਂਦੇ ਨੇ ਤੇ ਕੁੱਝ ਰਿਸ਼ਤੇ ਨਿਭਾਉਣੇ ਪੈਂਦੇ ਨੇ, ਪ੍ਰੰਤੂ ਕੁੱਝ ਰਿਸ਼ਤੇ ਹੱਡਾਂ ਨਾਲ ਜੁੜੇ ਹੁੰਦੇ ਨੇ ਜਿਨ੍ਹਾਂ ਨੂੰ ਅੰਦਰਲੀ ਖਿੱਚ ਮਰਨ ਨਹੀਂ ਦਿੰਦੀ। ਇੱਕ ਧੀ ਦਾ ਪੇਕਿਆਂ ਨਾਲ ਮੋਹ ਉਸ ਦੇ ਹੱਡਾਂ ਵਿੱਚੋਂ ਕਦੇ ਮਨਫੀ ਨਹੀਂ ਹੋ ਸਕਦਾ। ਪੇਕਿਆਂ ਦਾ ਮੋਹ ਉਸ ਦੇ ਇਕੱਲੇ ਘਰ ਤੱਕ ਹੀ ਸੀਮਤ ਨਹੀਂ ਹੁੰਦਾ, ਸਗੋਂ ਪਿੰਡ ਦੀਆਂ ਜੂਹਾਂ ਵਿੱਚ ਵੀ ਸਮਾਇਆ ਹੁੰਦਾ ਹੈ।

ਧੀ ਦੇ ਹੱਡਾਂ ਵਿੱਚ ਪੇਕਿਆਂ ਦਾ ਮੋਹ ਉਸ ਦੇ ਰੋਮ-ਰੋਮ ਵਿੱਚ ਸਮਾਇਆ ਹੁੰਦਾ ਹੈ। ਭਰਜਾਈ ਭਾਵੇਂ ਲੱਖ ਨੱਕ-ਬੁੱਲ੍ਹ ਕੱਢਦੀ ਹੋਵੇ, ਪ੍ਰੰਤੂ ਭੈਣ ਦੇ ਸੀਨੇ ਵਿੱਚ ਭਰਾ ਪ੍ਰਤੀ ਮੋਹ ਸਦਾ ਹੀ ਤਰੋ-ਤਾਜ਼ਾ ਰਹਿੰਦਾ ਹੈ। ਜਦੋਂ ਵੀਰ ਦੇ ਘਰ ਪੁੱਤਰ ਪੈਦਾ ਹੁੰਦਾ ਹੈ ਤਾਂ ਉਸ ਨੂੰ ਆਪਣੇ ਬਾਬਲ ਦੀ ਵੇਲ ਵਧਦੀ ਨਜ਼ਰ ਆਉਂਦੀ ਹੈ। ਉਸ ਦੇ ਅੰਦਰਲਾ ਵਜੂਦ ਲੋਕ-ਬੋਲੀ ਬਣ ਕੇ ਉੱਛਲ ਪੈਂਦਾ ਹੈ;

ਚੰਨ ਚੜ੍ਹਿ ਆ ਬਾਪ ਦੇ ਵਿਹੜੇ
ਵੀਰ ਘਰ ਪੁੱਤ ਜੰਮਿਆ।

ਧੀ ਦੇ ਅੰਦਰਲੀ ਤੜਫ਼ ਪੇਕਿਆਂ ਦੇ ਮੋਹ ਨੂੰ ਖੁਰਨ ਨਹੀਂ ਦਿੰਦੀ। ਪੇਕੇ ਪਰਿਵਾਰ ਨਾਲ ਜੁੜੇ ਭਾਵੇਂ ਸਾਰੇ ਹੀ ਰਿਸ਼ਤੇ ਉਸ ਨੂੰ ਸਕੂਨ ਬਖ਼ਸ਼ਦੇ ਹਨ, ਪ੍ਰੰਤੂ ਇੱਕ ਭੈਣ ਦਾ ਆਪਣੇ ਭਰਾ ਪ੍ਰਤੀ ਮੋਹ ਸਮੁੰਦਰ ਦੀਆਂ ਲਹਿਰਾਂ ਵਾਂਗ ਉੱਛਲਦਾ ਦਿਖਾਈ ਦਿੰਦਾ ਹੈ। ਭੈਣ ਭਾਵੇਂ ਆਪ ਵੀ ਬਾਲ-ਬੱਚੇ ਵਾਲੀ ਹੋਵੇ, ਪ੍ਰੰਤੂ ਆਪਣੇ ਭਤੀਜੇ-ਭਤੀਜੀਆਂ ਦਾ ਹੇਜ ਸਦਾ ਹੀ ਮੋਹ ਦੇ ਅੱਥਰੂ ਬਣ ਕੇ ਸਿੰਮਦਾ ਰਹਿੰਦਾ ਹੈ। ਲੋਕ-ਬੋਲੀਆਂ ਤੇ ਲੋਕ-ਗੀਤ ਮਨੁੱਖੀ ਜਾਮੇ ਦੀ ਕਿਸੇ ਵੀ ਭਾਵਨਾ ਨੂੰ ਛੁਪਿਆਂ ਨਹੀਂ ਰਹਿਣ ਦਿੰਦੇ। ਲੋਕ-ਬੋਲੀਆਂ ਮਨੁੱਖੀ ਹਿਰਦਿਆਂ ਵਿੱਚ ਧੜਕਦੇ ਵਲਵਲਿਆਂ ਨੂੰ ਜੀਭ ਲਾ ਦਿੰਦੀਆਂ ਹਨ। ਗਿੱਧੇ ਦੇ ਪਿੜ ਵਿੱਚ ਮਨੁੱਖੀ ਸਰੋਕਾਰਾਂ ਨਾਲ ਜੁੜੇ ਸਾਰੇ ਹੀ ਸੱਚ ਭਾਂਬੜ ਬਣ ਕੇ ਨੱਚ ਉੱਠਦੇ ਹਨ। ਕੋਈ ਰਿਸ਼ਤਾ ਲੋਕ-ਬੋਲੀਆਂ ਤੋਂ ਮੂੰਹ ਪਾਸੇ ਨਹੀਂ ਕਰ ਸਕਦਾ। ਭੈਣ ਦੇ ਮੂੰਹੋਂ ਗਿੱਧੇ ਦੇ ਪਿੜ ਵਿੱਚ ਭਰਾ ਪ੍ਰਤੀ ਮੋਹ ਦਾ ਪ੍ਰਗਟਾਵਾ ਇਉਂ ਦਿਖਾਈ ਦਿੰਦਾ ਹੈ;

ਕਾਲੇ ਸੂਟ 'ਤੇ ਸਜੇ ਜੰਜ਼ੀਰੀ
ਰੋਜ਼ ਰੋਜ਼ ਨਾ ਪਾਵਾਂ।
ਨੀਂ ਸੋਹਣੇ ਵੀਰਨ ਦੀ
ਸਹੁੰ ਝੂਠੀ ਨਾ ਖਾਵਾਂ।

ਜ਼ਮਾਨੇ ਨੇ ਕਰਵੱਟ ਬਦਲੀ ਹੈ। ਇੱਕ ਸਮਾਂ ਸੀ ਜਦੋਂ ਬਹੁਤਿਆਂ ਭਰਾਵਾਂ ਵਾਲੀ ਦੀ ਸਹੁਰੇ ਘਰ ਵੀ ਕਦਰ ਹੁੰਦੀ ਸੀ। ਲੋਕਾਂ ਦਾ ਮੁੱਖ ਕਿੱਤਾ ਖੇਤੀ ਹੋਣ ਕਰਕੇ ਬਹੁਤੇ ਭਰਾਵਾਂ ਦੀ ਖੇਤੀ ਦੇ ਕਾਰੋਬਾਰ ਵਿੱਚ ਵੱਧ ਲੋੜ ਹੁੰਦੀ ਸੀ, ਪਰ ਹੁਣ ਧਾਰਨਾ ਉਲਟ ਹੈ। ਹੁਣ ਜਿੰਨੇ ਭਰਾ ਘੱਟ ਹੋਣਗੇ, ਸਮਾਜਿਕ ਤੌਰ 'ਤੇ ਉਸ ਦੀ ਓਨੀ ਕਦਰ ਵੱਧ ਪਵੇਗੀ। ਧੀ ਦਾ ਬਾਪ ਵੀ ਹੁਣ ਉੱਥੇ ਹੀ ਸਾਕ ਕਰਨ ਨੂੰ ਪਹਿਲ ਦਿੰਦਾ ਹੈ ਜਿੱਥੇ ਪੁੱਤਰ ਇਕੱਲਾ-ਕੈਰ੍ਹਾ ਹੋਵੇ। ਜਦੋਂ ਬਹੁਤਿਆਂ ਭਰਾਵਾਂ ਵਾਲਾ ਸਮਾਂ ਮਾਨਯੋਗ ਹੁੰਦਾ ਸੀ, ਉਦੋਂ ਬਹੁਤਿਆਂ ਭਰਾਵਾਂ ਵਾਲੀ ਭੈਣ ਵੀ ਫੁੱਲੀ ਨਹੀਂ ਸੀ ਸਮਾਉਂਦੀ;

ਮਹਿੰਦੀ ਮਹਿੰਦੀ ਸਭ ਜੱਗ ਕਹਿੰਦਾ
ਮੈਂ ਵੀ ਆਖਾਂ ਮਹਿੰਦੀ।
ਘੋਟ-ਘੋਟ ਕੇ ਹੱਥਾਂ 'ਤੇ ਲਾਵਾਂ
ਬੱਤੀਆਂ ਬਣ ਬਣ ਲਹਿੰਦੀ।
ਫੌਜ ਭਰਾਵਾਂ ਦੀ
ਤਖ਼ਤਪੋਸ਼ 'ਤੇ ਬਹਿੰਦੀ।

ਭੈਣ ਦੇ ਮੋਹ ਨੂੰ ਕਿਸੇ ਵੀ ਤਰਾਜ਼ੂ ਨਾਲ ਤੋਲਿਆ ਨਹੀਂ ਜਾ ਸਕਦਾ। ਜਦੋਂ ਵੀਰ, ਭੈਣ ਨੂੰ ਮਿਲ ਕੇ ਵਾਪਸ ਜਾਣ ਲਈ ਖੜ੍ਹਾ ਹੁੰਦਾ ਹੈ ਤਾਂ ਭੈਣ ਦਾ ਕਲੇਜਾ ਪਾਟਣ ਨੂੰ ਆਉਂਦਾ ਹੈ। ਬੇਸ਼ੱਕ ਭੈਣ ਆਪਣੀ ਇਸ ਵੇਦਨਾ ਨੂੰ ਪ੍ਰਗਟ ਨਾ ਕਰੇ, ਪ੍ਰੰਤੂ ਗਿੱਧੇ ਦੇ ਪਿੜ ਵਿੱਚ ਭੈਣ ਦਾ ਦਰਦ ਚੀਕਾਂ ਮਾਰ ਉੱਠਦਾ ਹੈ;

ਆਉਂਦੇ ਵੀਰ ਦਾ ਬੋਤਾ ਸਿਆਨਿਆ
ਜਾਂਦੇ ਵੀਰ ਦੀ ਲੋਈ।
ਵੀਰਾ ਲੈ ਚੱਲ ਵੇ
ਤੈਨੂੰ ਵੇਖ ਕੇ ਰੋਈ।

ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਜਦੋਂ ਕੋਈ ਦੋ ਰੂਹਾਂ (ਭਾਵੇਂ ਕੋਈ ਵੀ ਹੋਣ) ਇੱਕ ਦੂਜੇ ਪ੍ਰਤੀ ਸੱਚੀ-ਸੁੱਚੀ ਮੁਹੱਬਤ ਦੇ ਰੰਗ ਵਿੱਚ ਰੰਗੀਆਂ ਗਈਆਂ ਹੋਣ ਤਾਂ ਦੋਹਾਂ ਧਿਰਾਂ ਵਿੱਚ ਜਦੋਂ ਕੋਈ ਹੋਰ ਤੀਜੀ ਧਿਰ ਮੁਹੱਬਤ ਦੇ ਤੰਦ ਪਾਉਣੇ ਸ਼ੁਰੂ ਕਰ ਦੇਵੇ ਤਾਂ ਪਹਿਲੀਆਂ ਦੋਹੇਂ ਧਿਰਾਂ ਵਿੱਚੋਂ ਇੱਕ ਨੂੰ ਸੜੇਵਾਂ ਹੋਣਾ ਕੁਦਰਤੀ ਹੈ। ਭਰਾ ਭਰਜਾਈ ਦੇ ਲਾਡ-ਪਿਆਰ ਤੋਂ ਭੈਣ ਨੂੰ ਸ਼ੰਕਾ ਹੋ ਜਾਂਦਾ ਹੈ ਕਿ ਕਿਤੇ ਭਰਾ ਸਾਰਾ ਮੋਹ ਭਰਜਾਈ ਦੀ ਝੋਲੀ ਵਿੱਚ ਨਾ ਪਾ ਦੇਵੇ ਤੇ ਭੈਣ ਆਪਣੇ ਹਿੱਸੇ ਦੇ ਮੋਹ ਤੋਂ ਵੀ ਕਿਤੇ ਵਾਂਝੀ ਨਾ ਹੋ ਜਾਵੇ। ਅਜਿਹੇ ਮੌਕੇ ਭੈਣ ਆਪਣੇ ਵੀਰ ਨੂੰ ਇੱਕ ਨਸੀਹਤ ਦਿੰਦੀ ਹੈ। ਇਹ ਲੋਕ ਬੋਲੀ ਭੈਣ ਦੀ ਭਾਵਨਾ ਦਰਸਾ ਰਹੀ ਹੈ;

ਬਾਰੀਂ ਵਰਸੀਂ ਖੱਟਣ ਗਿਆ ਸੀ
ਖੱਟ ਕੇ ਲਿਆਂਦੀ ਸੂਤ ਦੀ ਅੱਟੀ।
ਔਖਾ ਹੋਵੇਂਗਾ ਵੀਰਾ
ਭਾਬੋ ਲਾਡਲੀ ਰੱਖੀ।

ਜਦ ਵੀਰ, ਭੈਣ ਦੇ ਘਰ ਜਾਂਦਾ ਹੈ ਤਾਂ ਭੈਣ ਨੂੰ ਚਾਅ ਚੜ੍ਹ ਜਾਂਦਾ ਹੈ। ਵੀਰ ਨੂੰ ਰੋਟੀ ਖਵਾਉਂਦਿਆਂ ਹੀ ਭੈਣ ਦੀ ਭੁੱਖ ਲਹਿ ਜਾਂਦੀ ਹੈ। ਭੈਣ ਚਾਵਾਂ ਨਾਲ ਖੀਰ ਬਣਾਉਂਦੀ ਹੈ। ਕਿਸੇ ਕਾਰਨ ਵੀਰ ਨੇ ਖੀਰ ਨਹੀਂ ਖਾਧੀ। ਭੈਣ ਦੇ ਅੰਦਰੋਂ ਕੁੱਝ ਖੁੱਸਣ ਲੱਗਦਾ ਹੈ। ਭੈਣ ਦੇ ਅੰਦਰਲਾ ਦੁੱਖ ਬੋਲੀ ਬਣ ਕੇ ਬੁੱਲ੍ਹਾਂ 'ਤੇ ਆ ਜਾਂਦਾ ਹੈ;

ਵੀਰਵਾਰ ਦੀ ਰੱਖੀ ਥੇਈ
ਵਧੀਆ ਖੀਰ ਬਣਾਈ।
ਹੋਰ ਤਾਂ ਸਾਰੇ ਖਾ ਗਏ ਬਹਿ ਕੇ
ਤੈਂ ਬੁਰਕੀ ਨਾ ਲਾਈ।
ਰੋਟੀ ਖਾ ਵੀਰਾ
ਭੈਣ ਫਿਰੇ ਕੁਮਲਾਈ।



ਭੈਣ ਦੇ ਘਰ ਭਾਵੇਂ ਕੁਦਰਤ ਨੇ ਸਾਰੀਆਂ ਸੁਗਾਤਾਂ ਦਿੱਤੀਆਂ ਹੋਣ। ਕਬੀਲਦਾਰੀ ਪੱਖੋਂ ਸੌਖੀ ਹੋਣ ਕਰਕੇ ਉਸ ਨੂੰ ਭਾਵੇਂ ਕਿਸੇ ਵੀ ਚੀਜ਼ ਦੀ ਭੁੱਖ ਨਹੀਂ ਹੁੰਦੀ, ਪ੍ਰੰਤੂ ਪੇਕਿਆਂ ਤੋਂ ਮਿਲਣ ਵਾਲੀ ਸੌਗਾਤ ਦਾ ਇੱਕ ਭੈਣ ਨੂੰ ਵੱਖਰਾ ਜਿਹਾ ਸੁਆਦ ਤੇ ਮਾਣ ਮਹਿਸੂਸ ਹੁੰਦਾ ਹੈ। ਆਪਣੇ ਭਰਾਵਾਂ ਦੀਆਂ ਕਬੀਲਦਾਰੀਆਂ ਦਾ ਵੀ ਭੈਣ ਨੂੰ ਅਹਿਸਾਸ ਹੁੰਦਾ ਹੈ। ਕਿਸੇ ਭੈਣ ਦਾ ਇੱਕ ਭਰਾ ਕਬੀਲਦਾਰੀ ਨੇ ਕੁੱਬਾ ਕੀਤਾ ਹੋਇਆ ਹੈ। ਛੋਟਾ ਭਰਾ ਕਬੀਲਦਾਰੀ ਵਿੱਚ ਕੁੱਝ ਸੌਖਾ ਹੈ। ਇੱਕ ਭੈਣ ਆਪਣੇ ਛੋਟੇ ਭਰਾ ਕੋਲ ਵੱਡੇ ਵੀਰ ਦੀ ਟੁੱਟੀ ਹੋਈ ਆਰਥਿਕਤਾ ਦਾ ਵਾਸਤਾ ਪਾਉਂਦੀ ਹੋਈ ਉਸ ਤੋਂ ਆਪਣੇ ਲਈ ਇੱਕ ਸੂਟ ਦੀ ਇਉਂ ਮੰਗ ਕਰਦੀ ਹੈ;

ਵੱਡੇ ਵੀਰ ਦੀ ਕਬੀਲਦਾਰੀ ਭਾਰੀ
ਛੋਟੇ ਵੀਰਾ ਲੈ ਦੇ ਕੁੜਤੀ।
***

ਵੀਰ ਵੱਲੋਂ ਲਿਆਂਦਾ ਸੰਧਾਰਾ ਭੈਣ ਲਈ ਇੱਕ ਮਾਣਮੱਤੀ ਕਿਰਿਆ ਹੁੰਦੀ ਹੈ। ਇਹ ਸੌਗਾਤ ਸਿਰਫ਼ ਭੈਣ ਲਈ ਹੀ ਨਹੀਂ ਹੁੰਦੀ, ਸਗੋਂ ਸਮਾਜਿਕ ਤੌਰ 'ਤੇ ਲੋਕ-ਵਿਖਾਵਾ ਵੀ ਹੁੰਦੀ ਹੈ। ਭਰਾ ਵੱਲੋਂ ਲਿਆਂਦਾ ਸੰਧਾਰਾ ਭੈਣ ਦੇ ਚਾਵਾਂ ਵਿੱਚ ਢੇਰ ਸਾਰਾ ਵਾਧਾ ਕਰਦਾ ਹੈ। ਇੱਕ ਭੈਣ ਨਹੀਂ ਚਾਹੁੰਦੀ ਕਿ ਉਸ ਦਾ ਭਰਾ ਉਸ ਤੋਂ ਦੂਰ ਹੋਵੇ। ਭੈਣ ਦੀਆਂ ਸੱਧਰਾਂ ਦੀ ਤਰਜ਼ਮਾਨੀ ਕਰਦੀ ਇੱਕ ਲੋਕ-ਬੋਲੀ ਇਉਂ ਬਿਆਨ ਕਰਦੀ ਹੈ;

ਧਾਵੇ-ਧਾਵੇ-ਧਾਵੇ
ਮੋੜੋ ਵੇ ਲੋਕੋ
ਮੇਰਾ ਵੀਰ ਫੌਜ ਨੂੰ ਜਾਵੇ।
ਉੱਡਦਾ ਰੁਮਾਲ ਦਿਸੇ
ਗੱਡੀ ਚੜ੍ਹਦਾ ਨਜ਼ਰ ਨਾ ਆਵੇ।
ਆਵਦੇ ਵੀਰ ਬਿਨਾਂ
ਕੌਣ ਸੰਧਾਰਾ ਲਿਆਵੇ।

ਭੈਣ ਨੂੰ ਪੇਕਿਆਂ ਦਾ ਮੋਹ ਸਿਰਫ਼ ਸੌਗਾਤਾਂ ਤੱਕ ਹੀ ਸੀਮਤ ਨਹੀਂ ਹੁੰਦਾ ਸਗੋਂ ਉਸ ਦੇ ਅੰਗ-ਸੰਗ ਤੇ ਦੁੱਖ-ਸੁੱਖ ਵਿੱਚ ਵੀ ਭਰਾਵਾਂ ਦਾ ਖੜ੍ਹਨਾ ਇੱਕ ਸਮਾਜਿਕ ਮਾਣ-ਤਾਣ ਵਾਲੀ ਗੱਲ ਹੁੰਦੀ ਹੈ। ਜਿਨ੍ਹਾਂ ਭੈਣਾਂ ਦੇ ਵੀਰ ਖੱਬੀਖਾਨ ਤੇ ਗੁਜ਼ਾਰੇ ਵਾਲੇ ਹੁੰਦੇ ਹਨ, ਉਨ੍ਹਾਂ ਭੈਣਾਂ ਦਾ ਸਿਰ ਵੀ ਮਾਣ ਨਾਲ ਉੱਚਾ ਹੋ ਜਾਂਦਾ ਹੈ। ਭੈਣਾਂ ਦਾ ਇਹ ਰੂਪ ਲੋਕ-ਬੋਲੀਆਂ ਵਿੱਚ ਪ੍ਰਗਟ ਹੋ ਉੱਠਦਾ ਹੈ;

ਸਹੁਰੀਂ ਰਹਿੰਦੀਆਂ ਜ਼ੋਰ ਨਾਲ ਭੈਣਾਂ
ਜਿਨ੍ਹਾਂ ਦੇ ਪਿੱਛੇ ਵੀਰ ਤਕੜੇ।

ਜਿੱਥੇ ਭੈਣਾਂ ਤਕੜੇ ਵੀਰਾਂ ਦੇ ਸਿਰ 'ਤੇ ਮਾਣ ਨਾਲ ਰਹਿੰਦੀਆਂ ਹਨ, ਉੱਥੇ ਭੈਣਾਂ ਨੂੰ ਇੱਕ ਚਿੰਤਾ ਵੀ ਸਤਾਉਂਦੀ ਰਹਿੰਦੀ ਹੈ ਕਿ ਕਿਤੇ ਉਸ ਦਾ ਵੀਰ ਕਿਸੇ ਗੱਲੋਂ ਗੁੱਸੇ ਹੋ ਕੇ ਨਾ ਬੈਠ ਜਾਵੇ। ਭੈਣ ਦੇ ਅੰਦਰਲਾ ਡਰ ਲੋਕ-ਬੋਲੀਆਂ ਵਿੱਚ ਉਨ੍ਹਾਂ ਦੇ ਗੁੱਝੇ ਤੇ ਛੁਪੇ ਭਾਵਾਂ ਦਾ ਰੂਪ ਬਣ ਕੇ ਗਿੱਧੇ ਦੇ ਪਿੜ ਵਿੱਚ ਪ੍ਰਗਟ ਹੋ ਜਾਂਦਾ ਹੈ;

ਭੈਣਾਂ ਵਰਗਾ ਸਾਕ ਨਾ ਕੋਈ
ਵੇ ਟੁੱਟ ਕੇ ਨਾ ਬਹਿਜੀਂ ਵੀਰਨਾ।

# ਨਾਰੀ ਅੰਦੋਲਨਾਂ ਦੀ ਠੀਕ ਦਿਸ਼ਾ ਨਿਰਧਾਰਿਤ ਕਰਨ ਦੀ ਲੋੜ

ਡਾ. ਅਰਵਿੰਦਰ ਕੌਰ ਕਾਕੜਾ

ਸਾਡਾ ਸਮਾਜ ਜਮਾਤੀ ਹੈ ਜਿਸ ਵਿੱਚ ਅਮੀਰੀ ਗ਼ਰੀਬੀ ਤੇ ਜਾਤ ਪਾਤ ਦਾ ਕੋਹੜ ਤਾਂ ਹੈ, ਨਾਲ ਹੀ ਪਿਤਰਕੀ ਸੋਚ ਵੀ ਗਹਿਰੇ ਰੂਪ ਵਿੱਚ ਸਮਾਜਿਕ ਜੜ੍ਹਾਂ ਜਮਾਈ ਬੈਠੀ ਹੈ। ਇਸੇ ਕਾਰਨ ਔਰਤ ਨੂੰ ਮਰਦ ਦੇ ਮੁਕਾਬਲੇ ਦੂਜਾ ਦਰਜਾ ਦਿੱਤਾ ਗਿਆ ਹੈ। ਔਰਤਾਂ ਦੇ ਦਮਨ ਅਤੇ ਵਿਤਕਰੇ ਨੂੰ ਰੋਜ਼ਮੱਰਾ ਜ਼ਿੰਦਗੀ ਵਿਚੋਂ ਪਛਾਣਿਆ ਜਾ ਸਕਦਾ ਹੈ ਜਿਸ ਦੇ ਅਨੇਕ ਪੱਖ ਇਸ ਪਿਤਰਕੀ ਸੱਤਾ ਦੀ ਪੈਦਾਵਾਰ ਹਨ। ਔਰਤ ਨੂੰ ਬੌਧਿਕ ਤੌਰ 'ਤੇ ਮਰਦ ਬਰਾਬਰ ਨਹੀਂ ਸਮਝਿਆ ਜਾਂਦਾ। ਔਰਤ ਮਰਦ ਇੱਕ ਦੂਜੇ ਦੇ ਪੂਰਕ ਹੁੰਦੇ ਹੋਏ ਸਮਾਜ ਦੇ ਵਿਕਾਸ ਵਿੱਚ ਬਰਾਬਰ ਦਾ ਯੋਗਦਾਨ ਪਾ ਰਹੇ ਹਨ। ਸੰਵਿਧਾਨਕ ਤੌਰ 'ਤੇ ਤਾਂ ਭਾਵੇਂ ਔਰਤ ਨੂੰ ਕਈ ਹੱਕ ਪ੍ਰਾਪਤ ਹਨ ਪਰ ਅਸਲ ਵਿੱਚ ਸਥਿਤੀ ਕੁਝ ਹੋਰ ਹੈ। ਘਰ ਤੋਂ ਸ਼ੁਰੂ ਹੋ ਕੇ ਪੜ੍ਹਾਈ, ਨੌਕਰੀ ਅਤੇ ਸਮਾਜ ਵਿੱਚ ਉਸ ਨੂੰ ਆਰਥਿਕ, ਸਰੀਰਕ ਅਤੇ ਮਾਨਸਿਕ ਤੇ ਲਿੰਗਕ ਹਿੰਸਾ ਦਾ ਸ਼ਿਕਾਰ ਹੋਣਾ ਪੈਂਦਾ ਹੈ। ਅੱਜ ਸਥਿਤੀ ਇਹ ਹੈ ਕਿ ਔਰਤਾਂ/ਕੁੜੀਆਂ ਨਾਲ ਹੋ ਰਹੀਆਂ ਜਬਰ ਜਨਾਹ ਦੀਆਂ ਘਟਨਾਵਾਂ ਰੁਕਣ ਦਾ ਨਾਂ ਨਹੀਂ ਲੈ ਰਹੀਆਂ।

ਕਿਤੇ ਔਰਤ ਨੂੰ ਨੀਵਾਂ ਦਿਖਾਉਂਦਿਆਂ ਗੀਤ ਵਿੱਚ ਭੇਡ ਕਿਹਾ ਗਿਆ ਤੇ ਕਿਤੇ ਡਾਂਸਰ ਕੁੜੀ ਦੀ ਅਸਹਿਮਤੀ 'ਤੇ ਮਰਦਾਵੀਂ ਹੈਂਕੜ ਸ਼ਰਾਬ ਦਾ ਗਲਾਸ ਉਸ ਵੱਲ ਵਗ੍ਹਾ ਮਾਰਦੀ ਹੈ। ਵਧ ਰਹੇ ਬਲਾਤਕਾਰ, ਕਿਤੇ ਅਣਖ ਦੇ ਨਾਂ 'ਤੇ ਕਤਲ ਸਮਾਜ ਦੇ ਮੂੰਹ 'ਤੇ ਦਾਗ਼ ਹਨ। ਅਜਿਹੀਆਂ ਘਟਨਾਵਾਂ ਲਈ ਜਿੱਥੇ ਜਗੀਰੂ ਮਾਨਸਿਕਤਾ ਤੇ ਮਰਦਾਵੀਂ ਸੱਤਾ ਜ਼ਿੰਮੇਵਾਰ ਹੈ, ਉਥੇ ਦੇਸ਼ ਦੇ ਹਾਕਮ ਵੀ ਔਰਤਾਂ ਖ਼ਿਲਾਫ਼ ਹੋ ਰਹੇ ਅਪਰਾਧਾਂ ਨੂੰ ਰੋਕਣ ਵਿੱਚ ਅਸਫਲ ਰਹੇ ਹਨ। ਇਹ ਪ੍ਰਬੰਧ ਔਰਤਾਂ ਨੂੰ ਸੁਰੱਖਿਅਤ ਮਾਹੌਲ ਦੇਣ ਵਿੱਚ ਨਾਕਾਮ ਰਿਹਾ ਹੈ ਜਿਸ ਕਾਰਨ ਔਰਤਾਂ ਖ਼ਿਲਾਫ਼ ਜ਼ੁਲਮ ਵਧ ਰਿਹਾ ਹੈ।



ਅਸਲ ਵਿੱਚ ਔਰਤ ਨੂੰ ਮਹਿਜ਼ ਭੋਗ ਦੀ ਵਸਤੂ ਸਮਝਿਆ ਜਾ ਰਿਹਾ ਹੈ। ਮੰਡੀ ਸੱਭਿਆਚਾਰ ਨੇ ਤਾਂ ਕੁੜੀ ਨੂੰ ਨੁਮਾਇਸ਼ ਦੀ ਵਸਤ ਬਣਾ ਕੇ ਉਸ ਦਾ ਬਿੰਬ ਹੋਰ ਵਿਗਾੜ ਦਿੱਤਾ ਹੈ। ਜਦੋਂ ਵੀ ਕੋਈ ਲੜਾਈ, ਦੰਗਾ ਹੋਵੇ ਜਾਂ ਬਦਲਾ ਲੈਣਾ ਹੋਵੇ ਤਾਂ ਔਰਤ ਨਾਲ ਜ਼ਿਆਦਤੀ ਕੀਤੀ ਜਾਂਦੀ ਹੈ। ਉਂਝ ਵੀ ਸਮਾਜ ਦਾ ਨਜ਼ਰੀਆ ਇਹ ਬਣਿਆ ਹੋਇਆ ਹੈ ਕਿ ਔਰਤ ਤੇ ਮਰਦ ਦੋਹਾਂ ਦੇ ਕਸੂਰਵਾਰ ਹੋਣ 'ਤੇ ਦੋਸ਼ ਔਰਤ ਸਿਰ ਮੜ੍ਹਿਆ ਜਾਂਦਾ ਹੈ। ਅਣਖ ਦੇ ਨਾਂ 'ਤੇ ਹੋ ਰਹੇ ਕਤਲ ਵੀ ਜ਼ਿਆਦਾਤਰ ਔਰਤ ਕੇਂਦਰਿਤ ਹਨ। ਇਸ ਸਮਾਜ ਨੇ ਅਣਖ ਦਾ ਸਵਾਲ ਵੀ ਔਰਤ ਨਾਲ ਜੋੜ ਦਿੱਤਾ ਹੈ।

ਅਸਲ ਵਿੱਚ ਅਜੋਕੇ ਮਨੁੱਖ ਦੀਆਂ ਪਦਾਰਥਕ ਰੁਚੀਆਂ ਨੇ ਮਨੁੱਖ ਨੂੰ ਮਨੁੱਖ ਨਹੀਂ ਰਹਿਣ ਦਿੱਤਾ। ਮਨੁੱਖੀ ਰਿਸ਼ਤਿਆਂ ਦੇ ਨਿਘਾਰ ਦਾ ਕਾਰਨ ਮਨੁੱਖ ਅੰਦਰੋਂ ਨੈਤਿਕ, ਸਦਾਚਾਰਕ ਕਦਰਾਂ ਕੀਮਤਾਂ ਦਾ ਖ਼ਾਤਮਾ ਹੈ। ਇੱਕ ਪਾਸੇ ਉਪਰੋਂ ਪੈ ਰਿਹਾ ਆਧੁਨਿਕਤਾ ਦਾ ਪ੍ਰਭਾਵ, ਦੂਜੇ ਪਾਸੇ ਮੱਧਯੁਗ ਦੀ ਚੱਕੀ ਵਿੱਚ ਪਿਸ ਰਹੀ ਲੁਕਾਈ ਨੇ ਗੈਰ-ਜ਼ਿੰਮੇਵਾਰਾਨਾ ਸਥਿਤੀ ਨੂੰ ਜਨਮ ਦਿੱਤਾ ਹੈ। ਅਜਿਹੇ ਹਾਲਾਤ ਵਿੱਚ ਨਵੀਂ ਤੇ ਪੁਰਾਣੀ ਪੀੜ੍ਹੀ ਦੇ ਸੋਚਣ ਵਿਚਰਨ ਦਾ ਫਾਸਲਾ ਕਈ ਘਟਨਾਵਾਂ ਨੂੰ ਜਨਮ ਦੇ ਰਿਹਾ ਹੈ। ਮਾਪੇ ਜਦੋਂ ਪਿਛਾਂਹਖਿੱਚੂ ਸੋਚ ਦੇ ਧਾਰਨੀ ਬਣਦੇ ਤੇ ਬੱਚੇ ਆਜ਼ਾਦੀ ਦੇ ਭਰਮ ਨੂੰ ਅੰਤਿਮ ਸੱਚ ਮੰਨ ਲੈਂਦੇ ਤਾਂ ਇਹ ਟਕਰਾਵੀ ਸਥਿਤੀ ਕਿਸੇ ਨਾ ਕਿਸੇ ਪਾਸੇ ਮੋੜ ਲੈਂਦੀ ਹੈ। ਜੇ ਪਿਆਰ ਵਿਆਹ ਵਿੱਚ ਦੋਹਾਂ ਧਿਰਾਂ ਦੀ ਸਹਿਮਤੀ ਬਣਦੀ ਹੈ ਤਾਂ ਅਣਸੁਖਾਵੀਂ ਘਟਨਾ ਦਾ ਡਰ ਨਹੀਂ ਰਹਿੰਦਾ। ਮਾਪਿਆਂ ਦੀ ਸਹਿਮਤੀ ਤੋਂ ਬਿਨਾਂ ਕਰਵਾਏ ਵਿਆਹ ਬਾਰੇ ਪੰਜਾਬੀ/ਭਾਰਤੀ ਸਮਾਜ ਦੁਬਿਧਾ ਵਿੱਚ ਹੈ। ਇਹ ਪਿਛਾਖੜੀ ਸੋਚ ਕਿਸੇ ਨਾਲ ਅਸਹਿਮਤੀ, ਬਦਲਾ ਲੈਣਾ, ਨੀਚਾ ਦਿਖਾਉਣ, ਬਰਬਾਦ ਕਰਨ ਆਦਿ ਕਈ ਰੂਪਾਂ ਵਿੱਚ ਪ੍ਰਗਟਦੀ ਹਿੰਸਕ ਘਟਨਾ ਤੱਕ ਪਹੁੰਚ ਜਾਂਦੀ ਹੈ। ਔਰਤ ਨੂੰ ਨਿੱਜੀ ਜਾਇਦਾਦ ਸਮਝਣ ਵਾਲਾ ਇਹ ਸਮਾਜ ਰਿਸ਼ਤੇ, ਵਿਆਹ, ਇੱਜ਼ਤ ਤੇ ਰੁਤਬੇ 'ਤੇ ਟਿਕਿਆ ਹੈ। ਦੂਜੇ ਪਾਸੇ, ਨਵੀਂ ਪੀੜ੍ਹੀ ਖਪਤਕਾਰੀ ਸੱਭਿਆਚਾਰ ਦੇ ਪ੍ਰਭਾਵ ਹੇਠ ਆਜ਼ਾਦੀ ਦੇ ਨਾਂ 'ਤੇ ਖੁੱਲ੍ਹਾਂ ਲੈ ਰਹੀ ਹੈ। ਕਾਮੁਕਤਾ ਅਤੇ ਜਿਸਮਾਨੀ ਖਿੱਚ ਦੇ ਬੁਰੇ ਵੀ ਨਤੀਜੇ ਆ ਰਹੇ ਹਨ। ਪਿਆਰ ਵਿਆਹ ਪ੍ਰਤੀ ਸਮਾਜ ਦਾ ਦ੍ਰਿਸ਼ਟੀਕੋਣ, ਜਾਗੀਰੂ/ਪਿਛਾਖੜੀ ਮਾਨਸਿਕਤਾ, ਮਰਦਾਵੀਂ ਹੈਂਕੜ, ਔਰਤ ਦੀ ਸਥਿਤੀ ਨਾਲ ਜੁੜਿਆ ਹੋਇਆ ਹੈ। ਔਰਤਾਂ ਖ਼ਿਲਾਫ਼ ਜੁਰਮ ਰੋਕਣ ਅਤੇ ਦੋਸ਼ੀਆਂ ਨੂੰ ਸਜ਼ਾਵਾਂ ਦਿਵਾਉਣ ਲਈ ਲੋਕ ਸੰਘਰਸ਼ਾਂ ਨਾਲ ਸਰਕਾਰ ਤੇ ਨਿਆਂ ਪ੍ਰਣਾਲੀ 'ਤੇ ਦਬਾਅ ਬਣਾਉਣਾ ਚਾਹੀਦਾ ਹੈ। ਜੇ ਔਰਤ ਨੇ ਦਾਬੇ ਅਤੇ ਵਿਤਕਰੇ ਵਾਲੇ ਸਮਾਜ ਤੋਂ ਮੁਕਤੀ ਲੈਣੀ ਹੈ ਤਾਂ ਨਾਰੀ ਅੰਦੋਲਨਾਂ ਦੀ ਠੀਕ ਦਿਸ਼ਾ ਨਿਰਧਾਰਿਤ ਕਰਨੀ ਹੋਵੇਗੀ। ਨਾਰੀ ਨੂੰ ਆਪਣੀ ਹੋਂਦ ਅਤੇ ਪਛਾਣ ਸਥਾਪਿਤ ਕਰਨ ਲਈ ਖ਼ੁਦ ਅੱਗੇ ਆਉਣਾ ਪਵੇਗਾ। ਸਮਾਜ ਵਿਚਲੀਆਂ ਪਿੱਛਾਂਹਖਿਚੂ ਤੇ ਫਾਹੂ ਕਦਰਾਂ-ਕੀਮਤਾਂ ਖ਼ਤਮ ਕਰਨ ਲਈ ਲਗਾਤਾਰ ਆਵਾਜ਼ ਉਠਾਉਣ ਦੀ ਲੋੜ ਹੈ। ਇਹ ਲੜਾਈ ਵੱਡੇ ਪੱਧਰ 'ਤੇ ਕਰਨ ਦੀ ਲੋੜ ਹੈ ਜਿਸ ਵਿੱਚ ਸਮੁੱਚਾ ਨਾਰੀ ਵਰਗ, ਹੋਰ ਸ਼ੋਸ਼ਿਤ ਧਿਰਾਂ ਅਤੇ ਚਿੰਤਨਸ਼ੀਲ ਲੋਕਾਂ ਨੂੰ ਵੀ ਸ਼ਾਮਿਲ ਕਰਨਾ ਪਵੇਗਾ। ਇਸੇ ਦਿਸ਼ਾ ਵੱਲ ਅੱਗੇ ਵਧਦੇ ਹੋਏ ਅਸੀਂ ਸਿਹਤਮੰਦ ਅਤੇ ਬਰਾਬਰੀ ਵਾਲੇ ਸਮਾਜ ਦੀ ਉਸਾਰੀ ਕਰ ਸਕਦੇ ਹਾਂ।



# ਜੁਆਬ ਤਾਂ ਦੇਣਾ ਈ ਪੈਣਾ

ਤਰਸੇਮ ਸਿੰਘ ਭੰਗੂ

“ਜਣਦਿਆਂ ਨੂੰ ਖਾਣਿਆ, ਉੱਠੇਂਗਾ ਵੀ ਕਿ ਏਸੇ ਦੇ ਗਲ ਲੱਗਿਆ ਬੈਠਾ ਰਹੇਂਗਾ? ਚੱਤੋ-ਪਹਿਰ ਇਹਨੂੰ ਬਸ ਹੁੱਕਾ ਦੇਈ ਰੱਖੇ ਕੋਈ।” ਵਿਹੜੇ ਵਾਲੀ ਕੇਸੋ ਨੇ ਆਪਣੀ ਕੁਝ ਕੁ ਦਿਨਾਂ ਦੀ ਧੀ ਨੂੰ ਸੌਂ ਗਈ ਸਮਝ ਗੋਦੀਓਂ ਲਾਹ, ਮੁੰਜ ਦੀ ਲਾਣੀ ਮੰਜੀ 'ਤੇ ਪਾ ਕੇ ਥਾਪੜਦਿਆਂ ਆਪਣੇ ਘਰਵਾਲੇ ਨੰਜੀ ਨੂੰ ਕੜਕਵੀਂ ਆਵਾਜ਼ ਵਿੱਚ ਕਿਹਾ। ਨੰਜੀ ਢੱਠੀ ਖੁਰਲੀ 'ਤੇ ਬੈਠਾ ਹੁੱਕੀ ਮੂੰਹ ਨਾਲ ਲਾਈ ਪਤਾ ਨਹੀਂ ਕਿਹੜੀਆਂ ਸੋਚਾਂ ਵਿੱਚ ਗਵਾਚਿਆ ਹੋਇਆ ਸੀ। ਕੇਸੋ ਦੀ ਆਵਾਜ਼ ਤਾਂ ਜਿਵੇਂ ਉਸ ਨੂੰ ਸੁਣੀ ਹੀ ਨਹੀਂ ਸੀ, ਪਰ ਬੱਚੀ ਜ਼ਰੂਰ ਜਾਗ ਗਈ ਸੀ। ਉਸ ਨੂੰ ਰੋਂਦੀ ਵੇਖ ਕੇਸੋ ਬੋਲੀ, “ਇੱਕ ਤਾਂ ਇਨ੍ਹਾਂ ਚੜੇਲਾਂ ਨੇ ਮੈਨੂੰ ਖਾ ਲਿਆ, ਹੋਰ ਪਤਾ ਨ੍ਹੀਂ ਕਿੰਨੀਆਂ ਕੁ ਆਉਣੀਐਂ।”

ਕੇਸੋ ਦੇ ਇਨ੍ਹਾਂ ਸ਼ਬਦਾਂ 'ਚ ਪੁੱਤ ਦੀ ਅਣਹੋਂਦ ਰੜਕਦੀ ਸੀ, ਜਿਸ ਨੂੰ ਉਡੀਕਦੀ ਉਡੀਕਦੀ ਉਹ ਪੰਜਵੀਂ ਧੀ ਨੂੰ ਜਨਮ ਦੇ ਬੈਠੀ ਸੀ। ਕੇਸੋ ਨੇ ਲਾਲ ਗੁਮਾਨੀ ਵਾਲੇ ਪੀਰ ਦੇ ਡੇਰੇ ਬਥੇਰੇ ਦੀਵੇ ਜਗਾਏ, ਹਰ ਵੀਰਵਾਰ ਸ਼ਾਹ ਦਰਵੇਸ਼ੇ ਵੀ ਉਹ ਤੇਲ ਪਾਉਣਾ ਨਾ ਭੁੱਲੀ ਤੇ ਹਰ ਮੰਗਲਵਾਰ ਨੂੰ ਦਿੱਤਾ ਮਿੱਠੇ ਰੋਟ ਦਾ ਪ੍ਰਸ਼ਾਦ ਵੀ ਉਹਦੀ ਪੁੱਤਰ ਦੀ ਸਿੱਕ ਪੂਰੀ ਨਹੀਂ ਸੀ ਕਰ ਸਕਿਆ। ਹੁਣ ਤਾਂ ਕੋਈ ਜਵਾਕ ਵੀ ਉਹਦੇ ਕੋਲੋਂ ਮਿੱਠੇ ਰੋਟ ਦਾ ਪ੍ਰਸ਼ਾਦ ਨਹੀਂ ਲੈਂਦਾ ਸੀ। “ਤੈਨੂੰ ਆ ਜਾਏ ਕਿਸੇ ਦੀ ਆਈ, ਜਾਹ ਕਿਤੇ ਕੋਈ ਆਹਰ ਕਰ! ਦੁਪਹਿਰਾ ਆਉਣ ਲੱਗਿਐ ਉੱਪਰੋਂ।” ਕੇਸੋ ਫਿਰ ਧੀ ਨੂੰ ਚੁੱਪ ਕਰਾਉਂਦੀ ਹੋਈ ਬੁੜ੍ਹਕ ਪਈ ਸੀ, ਜੋ ਸ਼ਾਇਦ ਦੁੱਧ ਨਾ ਆਉਣ ਕਰਕੇ ਮੁੜ ਰੋ ਪਈ ਸੀ।

“ਜੇ ਆਪਣੀ ਜਬਾਨ ਵੱਸ 'ਚ ਰੱਖੇਂ, ਕਾਹਨੂੰ ਮੈਥੋਂ ਹੱਡ ਤੁੜਾਵੇਂ! ਕਿਤੇ ਅੱਜ ਵੀ ਤੇਰਾ ਕੋਈ ਹੱਡ ਤਾਂ ਨਹੀਂ ਜਰਕਰਾਉਂਦਾ?” ਐਤਕੀਂ ਨੰਜੀ ਤੋਂ ਵੀ ਨਹੀਂ ਰਿਹਾ ਗਿਆ ਸੀ ਜਿਵੇਂ ਉਹਨੇ ਵੀ ਜ਼ਨਾਨੀ ਦੇ ਦਬਕੇ ਨੂੰ ਆਪਣੇ ਮਰਦਊਪੁਣੇ ਲਈ ਵੰਗਾਰ ਸਮਝਿਆ ਹੋਵੇ। ਆਰਥਿਕ ਮੰਦਹਾਲੀ ਅਤੇ ਪੁੱਤਰ ਦੀ ਭਾਲ ਵਿੱਚ ਵਧ ਰਹੇ ਪਰਿਵਾਰ ਤੋਂ ਦੁਖੀ ਇਹ ਦੰਪਤੀ ਅੱਜ ਇਸ ਮੰਜ਼ਰ 'ਤੇ ਆ ਖੜ੍ਹੀ ਸੀ। ਉਨ੍ਹਾਂ ਵਿਚਾਲੇ ਡਾਂਗ ਸੋਟਾ ਵੀ ਚੱਲਦਾ ਤੇ ਦੋਵੇਂ ਸਾਵੇਂ ਵੀ ਝੱਟ ਹੀ ਹੋ ਜਾਂਦੇ।

ਨੰਜੀ ਕਾਮਾ ਬੰਦਾ ਸੀ, ਜੋ ਸਾਰੀ ਦਿਹਾੜੀ ਕੰਮ ਕਰਦਾ ਸੀ। ਉਸ ਨੂੰ ਨਾ ਸੂਰਜ ਚੜ੍ਹਦੇ ਦਾ ਪਤਾ ਲੱਗਦਾ ਤੇ ਨਾ ਡੁੱਬਦੇ ਦਾ। ਉਮਰ ਦੇ ਤਿੰਨ ਦਹਾਕੇ ਹੰਢਾ ਚੁੱਕੇ ਨੰਜੀ ਨੇ ਨਾ ਅੱਜ ਤੱਕ ਕਦੇ ਆਪਣੀ ਪਸੰਦ ਦਾ ਖਾ ਕੇ ਵੇਖਿਆ ਸੀ ਤੇ ਨਾ ਪਹਿਨ ਕੇ। ਉਹਦੇ ਸੇਪੀ ਸਰਦਾਰ ਨਿੱਤ ਨਵਾਂ ਸੂਟ ਪਾ ਕੇ ਆਉਂਦੇ। ਉਹਨੇ ਜਿਉਂ ਹੀ ਗੱਭਰੂ ਹੋ ਕੇ ਸਰਦਾਰਾਂ ਦੀ ਪਰਾਣੀ ਫੜੀ ਸੀ, ਬਸ ਸਰਦਾਰਾਂ ਦਾ ਹੀ ਹੋ ਕੇ ਰਹਿ ਗਿਆ। ਉਹ ਕਈ ਵਾਰ ਸੋਚਦਾ, 'ਰੱਬਾ, ਜੇ ਅਸੀਂ ਸਾਰੀ ਉਮਰ ਸਰਦਾਰਾਂ ਦੇ ਘਰੀਂ ਹੀ ਕੰਮ ਕਰਨਾ ਸੀ ਤਾਂ ਸਾਨੂੰ ਉੱਧਰ ਹੀ ਪੈਦਾ ਕਰ ਛੱਡਦੋਂ!' ਅੰਦਰੋਂ ਨੰਜੀ ਰੱਬ 'ਤੇ ਬਹੁਤ ਔਖਾ ਸੀ। ਕਈ ਵਾਰ ਗੁੱਸੇ 'ਚ ਬੁੜਬੁੜਾਉਂਦਾ,“ਕੇਰਾਂ ਟੱਕਰ ਗਿਆ ਕੱਲੇ ਨੂੰ, ਐਂ ਤਾਂ ਜਾਚ ਦੱਸਦੂੰ ਮੇਰੇ ਪਤਿਆਰੂ ਨੂੰ ਕਿ ਕਿਮੇਂ ਅਨਸਾਫ ਕਰੀਦੈ।” ਫਿਰ ਆਪੇ ਹੀ ਢਿੱਲਾ ਪੈ ਜਾਂਦਾ, “ਰੱਬ ਵੀ ... ਤਕੜੇ ਲੋਕਾਂ ਦਾ ਈ ਐ।”

ਸਰਦਾਰਾਂ ਨਾਲ ਲੱਗਣ ਤੋਂ ਬਾਅਦ ਨੰਜੀ ਨੇ ਆਪਣੇ ਬਾਪੂ ਨੂੰ ਕਿਹਾ ਸੀ, “ਐਵੇਂ ਨਾ ਫ਼ਿਕਰ ਕਰਿਆ ਕਰ, ਚਿੱਤ ਨੂੰ ਝੋਰਾ ਲਾਈ ਰੱਖਦੈਂ। ਐਤਕੀਂ ਤਾਂ ਸਵੇਂ ਮੇਰੀ ਸੇਪ ਰਲਜੂ! ਫਿਰ ਘੋਨੀ ਦਾ ਵਿਆਹ ਕਰਕੇ ਆਪਾਂ ਨੂੰ ਕਿਹੜਾ ਖਰਚੈ?” ਨੰਜੀ ਦਾ ਪਿਓ ਤਾਰੂ ਤਾਂ ਹਾਲੇ ਤੱਕ ਸਰਦਾਰਾਂ ਤੋਂ ਆਪਣੇ ਵਿਆਹ 'ਤੇ ਲਿਆ ਹੋਇਆ ਕਰਜ਼ਾ ਵੀ ਨਹੀਂ ਸੀ ਲਾਹ ਸਕਿਆ। ਹੁਣ ਉਸ ਦੇ ਧੀਆਂ-ਪੁੱਤਰ ਵੀ ਵਿਆਹੁਣ ਜੋਗੇ ਹੋ ਗਏ ਸਨ। ਉਸ ਦੀ ਸਾਰੀ ਉਮਰ ਹੀ ਸਰਦਾਰਾਂ ਦੇ ਘਰ ਕੰਮ ਕਰਦੇ ਦੀ ਨਿਕਲ ਚੱਲੀ ਸੀ। ਸਰਦਾਰ ਇੱਕੀਆਂ ਦੇ ਇਕੱਤੀ ਤੇ ਇਕੱਤੀਆਂ ਦੇ ਇੱਕ ਸੌ ਇਕੱਤੀ ਬਣਾ ਦਿੰਦੇ ਤੇ ਆਖਦੇ, “ਲੈ ਭਾਈ ਅੰਦਰ ਵੜ ਕੇ ਲੈ ਜਾਨੈਂ, ਅੰਦਰ ਵੜ ਕੇ ਈ ਦੇ ਜਾਈਂ।” ਅਖੀਰ ਹਾੜ੍ਹੀ-ਸਾਉਣੀ ਕੱਟ-ਕਟਾ ਕੇ ਛਿੱਕਾ ਛੀਕ ਛਿਆਨਵੇਂ, ਚਾਰ ਵਿਆਜ ਦੇ ਸੌ ਵਾਲੀ ਗੱਲ ਹੋ ਜਾਂਦੀ ਤੇ ਤਾਰੂ ਹਰ ਸਾਲ ਹੀ ਨਵੇਂ ਸਿਰਿਓਂ ਰਕਮ ਨਵੀਂ ਕਰਕੇ ਖਾਲੀ ਹੱਥ ਘਰ ਆ ਜਾਂਦਾ। ਹੁਣ ਉਸ ਨੂੰ ਪੁੱਤ ਜਵਾਨ ਹੋਇਆ ਵੇਖ ਕੇ ਆਸ ਦੀ ਕਿਰਨ ਫੁੱਟਦੀ ਨਜ਼ਰ ਆ ਰਹੀ ਸੀ ਕਿ ਸ਼ਾਇਦ ਕਰਜ਼ੇ ਤੋਂ ਛੁਟਕਾਰਾ ਮਿਲ ਜਾਵੇ। ਕਈ ਵਾਰ ਉਸ ਨੂੰ ਨੰਜੀ ਦਾ ਹਾਲ ਵੀ ਆਪਣੇ ਵਰਗਾ ਹੋਣ ਦਾ ਖ਼ਿਆਲ ਆਉਂਦਾ ਤਾਂ ਉਹ ਧੁਰ ਅੰਦਰ ਤਾਈਂ ਕੰਬ ਜਾਂਦਾ। ਉਹ ਸੋਚਦਾ ਕਿ ਨੰਜੀ ਨੂੰ ਸਰਦਾਰਾਂ ਨਾਲ ਕੰਮ ਨਹੀਂ ਲਾਵੇਗਾ। ਜੇ ਨੰਜੀ ਸ਼ਹਿਰ ਚਲਾ ਜਾਵੇ ਤਾਂ ਜੂਨ ਸੁਧਰ ਜਾਵੇ। ਆਪਣੀ ਦਿਨੋ-ਦਿਨ ਕਿਰਦੀ ਦੇਹ ਤੇ ਘਰ ਵਿੱਚ ਜਵਾਨ ਧੀ ਦੇ ਖ਼ਿਆਲ ਨਾਲ ਮੁੰਡੇ ਨੂੰ ਬਾਹਰ ਵੀ ਨਹੀਂ ਭੇਜਣਾ ਚਾਹੁੰਦਾ ਸੀ। ਕੀ ਪਤਾ, ਮੁੰਡਾ ਬਾਹਰ ਗਿਆ ਕਿਹੋ ਜਿਹੀ ਬਹਿਣੀ ਬਹਿ ਜਾਵੇ? ਸੋ ਲੰਮੀ ਸੋਚ-ਵਿਚਾਰ ਕਰਕੇ ਉਹਨੇ ਪੁੱਤਰ ਨੂੰ ਵੀ ਆਪਣੇ ਬਰਾਬਰ ਪਰਾਣੀ ਫੜਾ ਦਿੱਤੀ ਸੀ।

ਇਸ ਵਾਰ ਸਰਦਾਰਾਂ ਨੇ ਕੁੜੀ ਦੇ ਵਿਆਹ ਲਈ ਪੈਸੇ ਦੇਣੋਂ ਇੱਕ ਵਾਰ ਵੀ ਨਾਂਹ-ਨੁੱਕਰ ਨਹੀਂ ਕੀਤੀ ਸੀ, ਬੇਸ਼ੱਕ ਤਾਰੂ ਵੱਲ ਪੈਸੇ ਅਗਾਊਂ ਚੱਲ ਰਹੇ ਸਨ। ਸਰਦਾਰ ਸਮਝਦੇ ਸਨ ਕਿ ਇੰਨੇ ਪੈਸਿਆਂ ਵਿੱਚ ਗੱਭਰੂ ਮੁੰਡਾ ਘਾਟੇ ਦਾ ਸੌਦਾ ਨਹੀਂ। ਤਾਰੂ ਨੇ ਜਿਵੇਂ-ਕਿਵੇਂ ਕੁੜੀ ਦਾ ਵਿਆਹ ਨੇਪਰੇ ਚਾੜ੍ਹਿਆ। ਕੁੜੀ ਦੇ ਵਿਆਹ ਵਿੱਚ ਆਇਆ ਇੱਕ ਸੱਜਣ ਨੰਜੀ ਦੀ ਝੋਲੀ ਵੀ ਰੁਪਈਆ ਧਰ ਗਿਆ ਸੀ। ਮੁੰਡੇ ਦਾ ਗੱਠਿਆ ਸਰੀਰ ਦੱਸਦਾ ਸੀ ਕਿ ਅਜੇ ਤੱਕ ਐਬ ਕੋਈ ਨਹੀਂ ਲੱਗਾ। ਵੇਖਣ ਵਾਲੇ ਦੀ ਨਜ਼ਰ ਦੀ ਤੱਕੜੀ ਨੇ ਮੁੰਡੇ ਨੂੰ ਖਰਾ ਸੋਨਾ ਜਾਣ ਲਿਆ ਸੀ। ਤਾਰੂ ਵੀ ਆਪਣੇ ਜਿਉਂਦੇ ਜੀਅ ਨੰਜੀ ਦਾ ਵਿਆਹ ਕਰਕੇ ਸੁਰਖ਼ਰੂ ਹੋਣਾ ਚਾਹੁੰਦਾ ਸੀ। ਇਸ ਲਈ ਉਹ ਹੋਰ ਪੈਸੇ ਚੁੱਕਣ ਨੂੰ ਵੀ ਤਿਆਰ ਸੀ ਪਰ ਨੰਜੀ ਹੋਰ ਕਰਜ਼ਾ ਲੈਣ ਲਈ ਨਹੀਂ ਮੰਨਿਆ। ਨਵਾਂ ਖ਼ੂਨ ਨਹੀਂ ਸੀ ਚਾਹੁੰਦਾ ਕਿ ਸਾਰੀ ਉਮਰ ਮਿੱਟੀ ਨਾਲ ਮਿੱਟੀ ਹੋਣ ਜੋਗਾ ਰਹਿ ਜਾਵੇ। ਆਪਣੇ ਪਿਓ ਦੀ ਹਾਲਤ ਨੰਜੀ ਸਾਹਮਣੇ ਪ੍ਰਤੱਖ ਸੀ।

ਇੱਕ ਦਿਨ ਦੁਪਹਿਰੇ ਹੁੱਕਾ ਪੀਂਦਿਆਂ ਤਾਰੂ ਨੂੰ ਅਜਿਹਾ ਗੋਤਾ ਲੱਗਾ ਕਿ ਦੁਬਾਰਾ ਸਾਹ ਹੀ ਨਹੀਂ ਮੁੜਿਆ ਤੇ ਕੁਝ ਪਲਾਂ ਵਿੱਚ ਹੀ ਸਰੀਰ ਮਿੱਟੀ ਹੋ ਗਿਆ। ਨੰਜੀ ਦੀ ਮਾਂ ਤਾਂ ਛੋਟੇ ਹੁੰਦਿਆਂ ਹੀ ਮਰ ਗਈ ਸੀ, ਹੁਣ ਪਿਓ ਦਾ ਆਸਰਾ ਵੀ ਜਾਂਦਾ ਰਿਹਾ। ਨੰਜੀ ਨੇ ਆਪਣੇ-ਆਪ ਨੂੰ ਅੱਜ ਤੱਕ ਇਕੱਲਾ ਨਹੀਂ ਸੀ ਸਮਝਿਆ, ਪਰ ਹੁਣ ਉਸ ਨੂੰ ਜਿਵੇਂ ਧਰਤੀ ਘੁੰਮਦੀ ਪ੍ਰਤੀਤ ਹੋਈ। ਸੁੰਨਾ ਘਰ ਵੱਢ ਖਾਣ ਨੂੰ ਆਉਣ ਲੱਗਾ। ਫੋਕੀ ਹਮਦਰਦੀ ਤੋਂ ਬਗੈਰ ਉਸ ਨੂੰ ਸਾਰੇ ਵਿਹੜੇ 'ਚੋਂ ਕੁਝ ਨਾ ਮਿਲਿਆ ਤੇ ਹੌਲੀ ਹੌਲੀ ਹਰ ਕੋਈ ਉਸ ਨੂੰ ਇਕੱਲਿਆਂ ਛੱਡ ਗਿਆ। ਨਾਲੇ ਕਿਸੇ ਦਾ ਦੁੱਖ ਕੋਈ ਕਿੰਨਾ ਕੁ ਚਿਰ ਵੰਡਾਵੇ? ਕਰਜ਼ਾ ਤਾਂ ਸਰਦਾਰਾਂ ਦਾ ਪਹਿਲਾਂ ਹੀ ਗਲ-ਗਲ ਸੀ, ਉੱਪਰੋਂ ਪਿਓ ਦੀ ਸਤਾਰ੍ਹਵੀਂ 'ਤੇ ਹੋਰ ਚੁੱਕਣਾ ਪੈ ਗਿਆ।

“ਪੁੱਤਰਾ, ਮੋਇਆਂ ਨਾਲ ਮੋਇਆ ਨਹੀਂ ਜਾਂਦਾ, ਤਕੜਾ ਹੋ ਤੇ ਧੰਦੇ ਲੱਗ, ਮਨ ਹੋਰ ਪਾਸੇ ਪਊ। ਨਾਲੇ ਮਾਪੇ ਸਦਾ ਨਾਲ ਥੋੜ੍ਹਾ ਨਿਭਦੇ ਐ!” ਸਤਾਰ੍ਹਵੀਂ 'ਤੇ ਆਏ ਸਰਦਾਰ ਦਾ ਨੰਜੀ ਨੂੰ ਹਮਦਰਦੀ ਦੇ ਨਾਲ-ਨਾਲ ਪਿੱਛੇ ਪੈ ਰਹੇ ਕੰਮ ਵੱਲ ਵੀ ਇਸ਼ਾਰਾ ਸੀ। ਉਦਾਸ ਹੋਇਆ ਨੰਜੀ ਕਦੇ-ਕਦੇ ਆਪਣੇ ਬਾਪੂ ਦੀ ਕਬਰ 'ਤੇ ਜਾ ਕੇ ਵੀ ਬੈਠਾ ਰਹਿੰਦਾ।

ਮੁੰਡਾ ਕਮਾਊ ਤੇ ਸਾਊ ਹੋਣ ਕਰਕੇ ਰਿਸ਼ਤੇ ਵਾਲੇ ਨੰਜੀ ਨੂੰ ਵਿਆਹ ਲਈ ਜ਼ੋਰ ਦੇਣ ਲੱਗ ਪਏ। ਨੰਜੀ ਆਪਣਾ ਵਿਆਹ ਪਿਛਲਾ ਕਰਜ਼ਾ ਉਤਾਰ ਕੇ ਕਰਨਾ ਚਾਹੁੰਦਾ ਸੀ, ਪਰ ਸਰਦਾਰ ਦੀ ਦਿੱਤੀ ਰਾਇ ਅੱਗੇ ਨੰਜੀ ਕੁਝ ਨਾ ਬੋਲ ਸਕਿਆ, “ਝੱਲਿਆ ਤੀਮੀਂ ਤਾਂ ਅੱਧਾ ਦੁੱਖ ਵੰਡ ਲੈਂਦੀ ਐ।” ਸੋ ਆਪਣੇ ਵਿਆਹ ਤੱਕ ਨੰਜੀ ਦਾ ਵਾਲ-ਵਾਲ ਸਰਦਾਰਾਂ ਦੇ ਕਰਜ਼ੇ ਨਾਲ ਵਿੰਨ੍ਹਿਆ ਗਿਆ। ਸਰਦਾਰਾਂ ਦੀ ਲੰਮੀ ਸੋਚ ਨੇ ਨੰਜੀ ਨੂੰ ਸਦਾ ਵਾਸਤੇ ਆਪਣੇ ਜੋਗਾ ਕਰ ਲਿਆ ਸੀ।

ਵਿਆਹ ਵੇਲੇ ਕੇਸੋ 'ਤੇ ਚੜ੍ਹਿਆ ਲੋਹੜੇ ਦਾ ਜੋਬਨ ਨੰਜੀ ਅੱਜ ਤੱਕ ਨਹੀਂ ਭੁੱਲ ਸਕਿਆ ਸੀ। ਕੇਸੋ ਨੇ ਆਉਂਦਿਆਂ ਹੀ ਹੱਲਾਸ਼ੇਰੀ ਦਿੱਤੀ ਸੀ, “ਤੂੰ ਜੀ ਫ਼ਿਕਰ ਕਾਹਤੋਂ ਕਰਦੈਂ? ਅਸੀਂ ਦੋਵੇਂ ਰਲ ਕੇ ਹਰ ਹੋਣੀ ਦਾ ਮੂੰਹ ਮੋੜ ਦਿਆਂਗੇ, ਤੂੰ ਡਟ ਕੇ ਕੰਮ ਕਰ, ਮੈਂ ਚਹੁੰ ਘਰਾਂ ਦਾ ਕੰਮ ਸੰਭਾਲਦੀ ਆਂ, ਕਿਵੇਂ ਨਾ ਉਤਰੂ ਕਰਜ਼ਾ?” ਨੰਜੀ ਨੂੰ ਵਿਆਹ ਤੋਂ ਪਹਿਲਾਂ ਕਹੇ ਸਰਦਾਰ ਦੇ ਬੋਲ ਕਿਸੇ ਹੱਦ ਤੱਕ ਠੀਕ ਲੱਗੇ। ਕੇਸੋ ਨੇ ਕੁਝ ਘਰਾਂ ਦਾ ਗੋਹਾ-ਕੂੜਾ ਸੰਭਾਲ ਲਿਆ ਸੀ। ਉਹ ਭੁੱਲ ਹੀ ਗਈ ਸੀ ਕਿ ਉਹ ਇਸ ਪਿੰਡ ਵਿੱਚ ਨਵੀਂ ਵਿਆਹੀ ਆਈ ਹੈ।

ਸਾਥ ਮਨੁੱਖ ਨੂੰ ਇੱਕ ਵਾਰ ਡਿੱਗੇ ਨੂੰ ਤੁਰਦਾ ਕਰ ਦੇਂਦਾ ਹੈ। ਨੰਜੀ ਨੂੰ ਮਹਿਸੂਸ ਹੋਇਆ ਕਿ ਉਹ ਹੁਣ ਇਕੱਲਾ ਨਹੀਂ। ਕੇਸੋ ਨੂੰ ਵੇਖ ਕੇ ਕਈ ਵੱਡੇ ਘਰਾਂ ਦੇ ਬੰਦਿਆਂ ਨੇ ਮੁੱਛਾਂ ਉਤਾਂਹ ਕੀਤੀਆਂ, ਪਰ ਉਸ ਦਾ ਹੌਸਲਾ ਵੇਖ ਕੇ ਕਿਸੇ ਦਾ ਹੀਆ ਨਾ ਪਿਆ। ਹਾਂ, ਉਸ ਦੇ ਲੰਘ ਜਾਣ ਤੋਂ ਬਾਅਦ ਗੱਲਾਂ ਕਰਦੇ।

ਇਸ ਵਾਰ ਸਰਦਾਰਾਂ ਨਾਲ ਹਿਸਾਬ-ਕਿਤਾਬ ਕਰਕੇ ਨੰਜੀ ਨੂੰ ਕੁਝ ਵੀ ਨਹੀਂ ਬਚਿਆ ਸੀ। ਕੱਟ-ਕਟਾ ਕੇ ਕਰਜ਼ਾ ਉੱਥੇ ਦਾ ਉੱਥੇ ਸੀ। ਖਾਣ ਪੀਣ ਨੂੰ ਕੇਸੋ ਦੀ ਮਿਹਨਤ ਜ਼ਰੂਰ ਕੰਮ ਆ ਗਈ ਸੀ। ਬਾਕੀ ਖਰਚ-ਪੱਠਾ ਤੇ ਲੀੜੇ-ਲੱਤੇ ਵਾਸਤੇ ਨੰਜੀ ਸਰਦਾਰਾਂ ਤੋਂ ਅਗਾਊਂ ਰਕਮ ਲੈ ਆਇਆ ਸੀ।

ਇਸ ਤਰ੍ਹਾਂ ਹੀ ਅੱਠ-ਨੌਂ ਸਾਲ ਗੁਜ਼ਰ ਗਏ। ਨੰਜੀ ਦੀ ਚੰਨਣ ਵਰਗੀ ਦੇਹ ਦਿਨੋਂ-ਦਿਨ ਖੁਰਦੀ ਗਈ ਤੇ ਉਹ ਉਮਰੋਂ ਪਹਿਲਾਂ ਹੀ ਬੁੱਢਾ ਦਿਸਣ ਲੱਗ ਪਿਆ। ਕੇਸੋ ਉਪਰੋ-ਥਲੀ ਪੰਜ ਕੁੜੀਆਂ ਦੀ ਮਾਂ ਬਣ ਗਈ। ਹਸਮੁੱਖ ਤੇ ਚੜ੍ਹਦੀ ਕਲਾ ਵਾਲੇ ਸੁਭਾਅ ਤੋਂ ਚਿੜਚਿੜੀ ਤੇ ਗਾਲ੍ਹਾਂ ਤੱਕ ਉਤਰ ਆਈ ਸੀ। ਨੰਜੀ ਇੱਕ ਤਰ੍ਹਾਂ ਕੇਸੋ ਦਾ ਦੇਣਦਾਰ ਸੀ ਕਿਉਂਕਿ ਘਰ ਦਾ ਤਕਰੀਬਨ ਅੱਧਾ ਖਰਚਾ ਉਹ ਹੀ ਦਵੱਲੀ ਫਿਰਦੀ ਸੀ। ਉਦੋਂ ਤਾਂ ਨੰਜੀ ਦੇ ਸਾਰੇ ਗਿਲੇ-ਸ਼ਿਕਵੇ ਦੂਰ ਹੋ ਜਾਂਦੇ, ਜਦੋਂ ਕਦੀ-ਕਦੀ ਨਿਆਣਿਆਂ ਦੇ ਸੌਣ ਤੋਂ ਬਾਅਦ ਕੇਸੋ ਮਲਕ ਦੇਣੇ ਨੰਜੀ ਦੀ ਮੰਜੀ 'ਤੇ ਆ ਬੈਠਦੀ ਤੇ ਹੌਲ਼ੀ ਜਿਹੀ ਆਖਦੀ, “ਜੀ ਸੌਂ ਗਿਐਂ? ਵੇਖ ਤਾਂ ਕਿਵੇਂ ਹੱਡ ਨਿਕਲ ਆਏ ਐ!” ਨੰਜੀ ਦੀਆਂ ਮੜੱਤਣ ਨਾਲ ਨਿਕਲੀਆਂ ਪੱਸਲੀਆਂ 'ਤੇ ਹੱਥ ਫੇਰਦੀ ਤੇ ਹੌਲੀ-ਹੌਲੀ ਦੋਵੇਂ ਪਿਆਰ ਦੀਆਂ ਗੱਲਾਂ ਕਰਦੇ ਕਿਵੇਂ ਨਾ ਕਿਵੇਂ ਕਰਜ਼ੇ ਤੋਂ ਛੁਟਕਾਰਾ ਪਾਉਣ ਦੀਆਂ ਵਿਉਂਤਾਂ ਬੰਨ੍ਹਦੇ ਤੇ ਇਸ ਵਾਰ ਥੋੜ੍ਹਾ ਘੱਟ ਜਾਊ, ਸੋਚ ਕੇ ਮਨ ਨੂੰ ਧਰਵਾਸ ਦਿੰਦੇ। ਆਰਥਿਕ ਮਜਬੂਰੀਆਂ ਦੇ ਬੋਝ ਥੱਲੇ ਦਬਦੀ ਜਾ ਰਹੀ ਜ਼ਿੰਦਗੀ ਨੂੰ ਕਈ ਵਾਰ ਪਿਆਰ ਦੇ ਦੋ ਬੋਲ ਠੁੰਮ੍ਹਣਾ ਦੇ ਕੇ ਤੁਰਦਾ ਕਰ ਦਿੰਦੇ ਹਨ।

“ਮੈਂ ਤਾਂ ਕਹਿਨੀ ਆਂ ਕਿ ਤੂੰ ਉਨ੍ਹਾਂ ਦਾ ਕੰਮ ਈ ਛੱਡ ਦੇ ਤੇ ਦਿਹਾੜੀ-ਦੱਪਾ ਕਰ ਲਿਆ ਕਰ।” ਕੇਸੋ ਆਪਣੀ ਥਾਂ ਸੱਚੀ ਸੀ।

“ਭਲੀਏ ਲੋਕੇ ਜਿਹੜਾ ਦੇਣੈ, ਉਹ ਕਿਵੇਂ ਲੱਥੂ?” ਨੰਜੀ ਲੰਮਾ ਹਾਉਕਾ ਲੈ ਕੇ ਆਖਦਾ।

“ਲੈ, ਐਨਾ ਚਿਰ ਹੋ ਗਿਆ ਚੰਦਰਿਆਂ ਦੇ ਖੇਤਾਂ ਵਿੱਚ ਜਵਾਨੀ ਗਾਲਦਿਆਂ, ਹਾਲੇ ਬਾਕੀ ਐ?” ਕੇਸੋ ਥੋੜ੍ਹਾ ਗੁੱਸੇ ਨਾਲ ਆਖਦੀ।

ਨੰਜੀ ਕਈ ਵਾਰ ਸੋਚਦਾ ਕਿ ਕੇਸੋ ਠੀਕ ਆਖਦੀ ਹੈ। ਜਵਾਨੀ ਠੀਕ ਹੀ ਸਰਦਾਰਾਂ ਦੇ ਖੇਤਾਂ ਵਿੱਚ ਗੁਜ਼ਰ ਚੱਲੀ ਏ, ਉਨ੍ਹਾਂ ਤਾਂ ਸਾਈਕਲਾਂ ਤੋਂ ਬਾਅਦ ਮੋਟਰਸਾਈਕਲ ਤੇ ਕਾਰਾਂ-ਜੀਪਾਂ ਅਤੇ ਬਲਦਾਂ ਤੋਂ ਮਗਰੋਂ ਟਰੈਕਟਰ ਲੈ ਲਏ ਤੇ ਮੈਂ ਉੱਥੇ ਦਾ ਉੱਥੇ, ਮੇਰਾ ਕਰਜ਼ਾ ਉੱਥੇ ਦਾ ਉੱਥੇ। ਇਹੀ ਸੋਚਾਂ ਸੋਚਦਾ ਇੱਕ ਦਿਨ ਨੰਜੀ ਸਰਦਾਰਾਂ ਨੂੰ ਜੁਆਬ ਦੇ ਆਇਆ, ਜਿਸ ਬਦਲੇ ਉਸ ਨੂੰ ਅੱਜ ਪੰਚਾਇਤ ਵਿੱਚ ਬੁਲਾਇਆ ਗਿਆ ਸੀ। ਸਵੇਰ ਦਾ ਨੰਜੀ ਖੁਰਲੀ 'ਤੇ ਬੈਠਾ ਸੋਚੀਂ ਪਿਆ ਹੋਇਆ ਸੀ ਕਿ ਸੱਥ ਵਿੱਚ ਕੀ ਜੁਆਬ ਦੇਵੇਗਾ! ਉਸ ਨੂੰ ਬੈਠਿਆਂ ਹੀ ਦਿਨ ਸਿਰ 'ਤੇ ਆ ਗਿਆ ਸੀ। ਕੇਸੋ ਜਲਦੀ-ਜਲਦੀ ਸਾਰੇ ਘਰਾਂ ਦਾ ਕੰਮ ਸਮੇਟ ਕੇ ਵਾਪਸ ਆ ਗਈ ਸੀ ਤੇ ਸਿੱਟਿਆਂ ਵਾਲੀ ਝਲੂੰਗੀ ਲੱਭਦੀ ਫਿਰ ਭੜਕ ਪਈ, “ਨਖ਼ਸਮਿਆਂ, ਤੈਨੂੰ ਹੈਥੇ ਈ ਕਿੱਲ ਲੱਗ ਗਏ ਨੇ?”

“ਓ ਚੰਦਰੀਏ, ਕਦੀ ਨਰਮ ਵੀ ਹੋ ਜਾਇਆ ਕਰ, ਮੈਂ ਤਾਂ ਸੋਚ ਰਿਹੈਂ, ਪਈ ਸੱਥ ਵਿੱਚ ਅੱਜ ਕੀ ਜੁਆਬ ਦਿਆਂਗਾ?” ਨੰਜੀ ਬਿਲਕੁਲ ਸ਼ਾਂਤ ਸੀ।

“ਨਾ ਕੀ ਬੁਝਾਰਤਾਂ ਜਿਹੀਆਂ ਪਾਈ ਜਾਨੈਂ?” ਕੇਸੋ ਹੈਰਾਨ ਹੋਈ।

“ਮੈਂ ਕੱਲ੍ਹ ਦਾ ਸਰਦਾਰਾਂ ਕਿਆਂ ਨੂੰ ਜੁਆਬ ਦੇ ਆਇਆਂ। ਉਹਨਾਂ ਪੰਚੈਤ ਵਿੱਚ ਸੱਦਿਐ ਅੱਜ।”

“ਮੈਨੂੰ ਐਂ ਲੱਗਦੈ, ਜਿਵੇਂ ਤੂੰ ਆਪਣੀ ਜ਼ਿੰਦਗੀ ਵਿੱਚ ਅੱਜ ਪਹਿਲੀ ਵਾਰ ਬੰਦਿਆਂ ਵਾਲੀ ਗੱਲ ਕੀਤੀ ਹੋਵੇ, ਤੂੰ ਤਕੜਾ ਹੋ। ਤੈਂ ਜੁਆਬ ਕੀ ਦੇਣੈ? ਮੈਂ ਦੇਊਂ, ਮੈਂ! ਨਾਲੇ ਗਿਣ ਕੇ ਨੋਟ ਦੇਊਂ ਮੇਰੇ... ਨੂੰ।” ਕੇਸੋ ਝਲੂੰਗੀ ਦਾ ਖਿਆਲ ਹੀ ਭੁੱਲ ਗਈ।

ਦੋਵੇਂ ਜੀਅ ਅੱਗੇ-ਪਿੱਛੇ ਸੱਥ ਵਿੱਚ ਆ ਗਏ। ਪਿੰਡ ਦੇ ਸਰਪੰਚ ਨੇ ਹੀ ਗੱਲ ਤੋਰੀ, “ਬਈ ਨਰੰਜਣ ਸਿੰਹਾਂ, ਤੇਰੇ ਖ਼ਿਲਾਫ਼ ਪ੍ਰਿਤਪਾਲ ਕਿਆਂ ਪੰਚਾਇਤ ਵਿੱਚ ਦਾਅਵਾ ਪਾਇਆ ਹੈ ਕਿ ਜਾਂ ਤਾਂ ਨੰਜੀ ਪੈਸੇ ਮੋੜੇ ਜਾਂ ਕੰਮ 'ਤੇ ਆਵੇ। ਕਿਵੇਂ ਕਰਨੈ? ਚਾਰ ਭਰਾ ਜੁੜੇ ਬੈਠੇ ਐ, ਫ਼ੈਸਲਾ ਨਿੱਬੜਦਾ ਕਰੋ ਭਾਈ।” ਸਰਪੰਚ ਇੱਕ ਤਰ੍ਹਾਂ ਨੰਜੀ ਦਾ ਜੁਆਬ ਸੁਣਨ ਲਈ ਨਿੱਠ ਕੇ ਬੈਠ ਗਿਆ।

“ਜੀ ਇਹਨੇ ਜੁਆਬ ਕੀ ਦੇਣੈ? ਮੈਂ ਦਿੰਦੀ ਹਾਂ ਜੁਆਬ।” ਸਿਰ ਦਾ ਪਾਟਿਆ ਲੀੜਾ ਸੰਭਾਲਦੀ ਕੇਸੋ ਨੇ ਪੂਰੀ ਪੰਚਾਇਤ ਦਾ ਧਿਆਨ ਆਪਣੇ ਵੱਲ ਖਿੱਚ ਲਿਆ। ਨੰਗੇ ਮੂੰਹ ਪੰਚਾਇਤ ਵਿੱਚ ਬੋਲਦੀ ਤੀਵੀਂ, ਉਹ ਵੀ ਕੰਮੀ, ਸੁਣ ਕੇ ਸਾਰਿਆਂ ਦੇ ਕੰਨ ਖੜ੍ਹੇ ਹੋ ਗਏ। ਕਈ ਤਾਂ ਅੰਦਰੋਂ ਪ੍ਰਿਤਪਾਲ ਕਿਆਂ 'ਤੇ ਔਖੇ ਸਨ, ਜਿਨ੍ਹਾਂ ਕਈ ਸਾਲਾਂ ਤੋਂ ਨੰਜੀ ਨੂੰ ਉਨ੍ਹਾਂ ਕੋਲ ਹੀ ਕੰਮ ਕਰਦਿਆਂ ਵੇਖਿਆ ਸੀ। ਜਿਹਦੀ ਡਾਂਗ ਉਹਦੀ ਮੱਝ ਵਾਲੀ ਗੱਲ ਸੀ, ਪਰ ਬੋਲੇ ਕਿਹੜਾ?

ਪੰਚਾਇਤ ਬਿਟਰ-ਬਿਟਰ ਝਾਕਦੀ ਵੇਖ ਕੇਸੋ ਨੇ ਫਿਰ ਕਿਹਾ, “ਜੀ, ਇਹਦਾ ਪਿਓ ਮਰ ਗਿਆ ਸਾਰੀ ਉਮਰ ਇਨ੍ਹਾਂ ਦੇ ਖੇਤਾਂ ਵਿੱਚ ਕੰਮ ਕਰਦਾ। ਇਹਨੇ ਆਪ ਜਵਾਨੀ ਗਾਲ ਲਈ ਉੱਥੇ ਈ। ਜਦੋਂ ਮੈਂ ਵਿਆਹੀ ਆਈ ਕਰਜ਼ਾ ਤਦ ਵੀ ਏਨਾ ਈ ਸੀ, ਜਿੰਨਾ ਹੁਣ ਐ। ਸਾਡੇ ਤਾਂ ਪਿਓ ਦਾ ਕਰਜ਼ਾ ਉਤਾਰਨ ਵਾਲਾ ਵੀ ਨਹੀਂ ਜੰਮਿਆ।” ਆਖਦੀ ਕੇਸੋ ਦਾ ਗੱਚ ਭਰ ਆਇਆ। ਥੋੜ੍ਹਾ ਸੰਭਲ ਕੇ ਫਿਰ ਬੋਲੀ, “ਮੈਂ ਤਾਂ ਸਾਰੇ ਸਾਊਆਂ ਨੂੰ ਸੌ ਦੀ ਇੱਕੋ ਈ ਕਹਿਨੀ ਆਂ, ਸਰਦਾਰਾਂ ਦੇ ਪੈਸੇ ਮੁੜਾਉਣ ਤਾਂ ਆ ਗਏ ਓ, ਕੋਈ ਸਾਡੀ ਗੁਜ਼ਰ ਚੁੱਕੀ ਜਵਾਨੀ ਵੀ ਮੁੜਵਾਏਗਾ? ਇਹ ਸਾਡੀ ਜਵਾਨੀ ਮੋੜ ਦੇਣ, ਅਸੀਂ ਹੱਸ ਕੇ ਇੱਕ ਉਮਰ ਹੋਰ ਇਨ੍ਹਾਂ ਦੇ ਖੇਤਾਂ ਵਿੱਚ ਗੁਜ਼ਾਰ ਦਿਆਂਗੇ।”

ਕਿਸੇ ਨੂੰ ਉਮੀਦ ਹੀ ਨਹੀਂ ਸੀ ਕਿ ਇੱਕ ਔਰਤ ਪੂਰੀ ਪੰਚਾਇਤ ਨੂੰ ਨਿਰਉੱਤਰ ਕਰ ਦੇਵੇਗੀ। ਸਾਰੇ ਇੱਕ-ਦੂਜੇ ਵੱਲ ਬਿੱਟ-ਬਿੱਟ ਝਾਕ ਰਹੇ ਸਨ। ਸਿਆਣੇ ਸਰਪੰਚ ਕੋਲ ਵੀ ਇਸ ਦਾ ਕੋਈ ਜੁਆਬ ਨਹੀਂ ਸੀ। ਸਾਰਿਆਂ ਦੀ ਚੁੱਪ ਨੂੰ ਤੋੜਨ ਦੀ ਕੋਸ਼ਿਸ਼ ਕਰਦਿਆਂ ਕੇਸੋ ਨੇ ਚੁੱਪ ਬੈਠੇ ਆਪਣੇ ਪਤੀ ਨੰਜੀ ਨੂੰ ਗੁੱਟੋਂ ਫੜ ਕੇ ਜੇਤੂ ਅੰਦਾਜ਼ ਵਿੱਚ ਸੱਥ 'ਚੋਂ ਤੁਰਦਿਆਂ ਕਿਹਾ, “ਸਰਦਾਰ ਜੀ, ਜੁਆਬ ਤਾਂ ਦੇਣਾ ਹੀ ਪੈਣਾ।”

## ਫ਼ੈਸਲੇ

ਐਡਵੋਕੇਟ ਗੁਰਤੇਜ ਸਿੰਘ ਖੁਡਾਲ



ਕਾਲਾ ਝਿਊਰ ਦਾ ਲੜਕਾ ਬਹੁਤ ਬਿਮਾਰ ਸੀ। ਹਾਲਤ ਵਿੱਚ ਸੁਧਾਰ ਨਾ ਹੁੰਦਾ ਵੇਖ ਕਿਸਾਨ ਜੰਟਾ ਸਿੰਘ ਨੇ ਉਸ ਨੂੰ ਸਲਾਹ ਦਿੱਤੀ, “ਚੰਡੀਗੜ੍ਹ ਦਿਖਾ ਆਉਣੇ ਆਂ।” ਝਿਊਰ ਦਾ ਹੱਥ ਤੰਗ ਹੋਣ ਕਰਕੇ ਉਸ ਲਈ ਇਹ ਸਫ਼ਰ ਕਰਨਾ ਸੁਖਾਲਾ ਨਹੀਂ ਸੀ। ਪਰ ਉਹ ਜੰਟਾ ਸਿੰਘ ਦੇ ਸਮਝਾਉਣ 'ਤੇ ਲੜਕੇ ਨੂੰ ਚੰਡੀਗੜ੍ਹ ਲਿਜਾਣ ਲਈ ਰਾਜ਼ੀ ਹੋ ਗਿਆ। ਸਵੇਰੇ ਜਦੋਂ ਜੰਟਾ ਸਿੰਘ, ਕਾਲਾ ਤੇ ਉਸ ਦਾ ਲੜਕਾ ਸਰਕਾਰੀ ਬੱਸ ਚੜ੍ਹੇ ਤੇ ਜੰਟਾ ਸਿੰਘ ਨੇ ਤਿੰਨਾਂ ਦੀ ਟਿਕਟ ਕਟਾਈ। ਸਫ਼ਰ ਲੰਬਾ ਹੋਣ ਕਰ ਕੇ ਟਿਕਟ ਮਹਿੰਗੀ ਸੀ ਪਰ ਜੰਟਾ ਸਿੰਘ ਨੂੰ ਕਾਲੇ ਤੋਂ ਪੈਸੇ ਲੈਣੇ ਸਹੀ ਨਾ ਲੱਗੇ।

ਅਗਲੇ ਸਟੌਪ ਤੋਂ ਪਿੰਡ ਦੇ ਜ਼ੈਲਦਾਰਾਂ ਦੀ ਨੂੰਹ, ਜੋ ਚੰਡੀਗੜ੍ਹ ਡਾਕਟਰ ਲੱਗੀ ਹੈ, ਚੜ੍ਹੀ ਤੇ ਬਿਨਾ ਟਿਕਟ ਲਿਆਂ ਬੈਠ ਗਈ। ਅਗਲੇ ਪਿੰਡੋਂ ਪਟਿਆਲੇ ਪ੍ਰੋਫੈਸਰ ਲੱਗੀ ਬੰਤ ਸਿੰਘ ਦੀ ਧੀ ਤੇ ਪਵਨ ਕੁਮਾਰ ਮਾਸਟਰ ਦੀ ਘਰਵਾਲੀ, ਜੋ ਬੈਂਕ ਵਿੱਚ ਕੰਮ ਕਰਦੀ ਹੈ, ਇਕੱਠੀਆਂ ਚੜ੍ਹੀਆਂ। ਜੰਟਾ ਸਿੰਘ ਸੋਚਦਾ ਹੋਇਆ ਕਾਲੇ ਨੂੰ ਕਹਿਣ ਲੱਗਾ, “ਇਹ ਤਿੰਨੇ ਸਰਕਾਰੀ ਨੌਕਰੀ ਕਰਦੀਆਂ ਹਨ, ਤਨਖ਼ਾਹਾਂ ਵੀ ਲੱਖ ਸਵਾ ਲੱਖ ਤੋਂ ਹੇਠਾਂ ਨਹੀਂ ਹੋਣਗੀਆਂ, ਘਰ ਬਾਰ ਵੀ ਵਧੀਆ ਹੈ ਪਰ ਸਰਕਾਰ ਇਨ੍ਹਾਂ ਤੋਂ ਟਿਕਟ ਦੇ ਪੈਸੇ ਨਹੀਂ ਲੈਂਦੀ। ਦੂਜੇ ਪਾਸੇ ਤੇਰੇ-ਮੇਰੇ ਵਰਗੇ ਲੋਕ ਹਨ, ਜਿਨ੍ਹਾਂ ਕੋਲ ਕਈ ਵਾਰ ਦੂਜੇ ਡੰਗ ਦੀ ਰੋਟੀ ਦਾ ਰਾਸ਼ਨ ਵੀ ਨਹੀਂ ਹੁੰਦਾ। ਇਹ ਬਿਮਾਰੀ ਲਈ ਦਵਾ ਦਾਰੂ ਲੈਣ ਜਾਣ ਤੋਂ ਵੀ ਸੰਕੋਚ ਕਰਦੇ ਹਨ।”

ਕਾਲੇ ਝਿਊਰ ਨੇ ਸਿਰ ਤੋਂ ਲੱਥਦਾ ਜਾ ਰਿਹਾ ਪਰਨਾ ਮੁੜ ਸਵਾਰ ਕੇ ਬੰਨ੍ਹਦਿਆਂ ਕਿਹਾ, 'ਛੱਡ ਸਰਦਾਰਾ, ਇਹ ਸਰਕਾਰਾਂ ਲੋੜ ਦੇਖ ਕੇ ਨ੍ਹੀਂ ਸਗੋਂ ਵੋਟ ਦੇਖ ਦੇ ਸਹੂਲਤਾਂ ਦਿੰਦੀਆਂ ਨੇ।”

# ਕਾਵਿ ਸੰਸਾਰ

## ਧੀਆਂ ਦਾ ਗੀਤ

ਰਣਜੀਤ ਆਜ਼ਾਦ ਕਾਂਝਲਾ



ਧੀ ਮਾਪਿਆਂ ਦੀ ਹੁੰਦੀ ਜਿੰਦ ਜਾਨ ਵੇ!
ਇਹ ਸਭ ਜਾਣਦਾ ਹੈ ਕੁੱਲ ਜਹਾਨ ਵੇ!
ਧੀਆਂ ਨੂੰ ਕਦੇ ਵੀ ਦੁਰਕਾਰੋ ਨਾ!
ਧੀਆਂ ਹੁੰਦੀਆਂ ਨੇ ਘਰਾਂ ਦੀਆਂ ਰੌਣਕਾਂ,
ਕੁੱਖਾਂ 'ਚ ਏਦਾਂ ਮਾਰੋ ਨਾ!
ਧੀ ਮਾਪਿਆਂ ਦਾ ਦੁੱਖ ਵੰਡਾਉਂਦੀ ਹੈ।
ਕੰਡਾ ਚੁਭੇ ਤੇ ਝੱਟ ਭੱਜੀ ਆਉਂਦੀ ਹੈ।
ਕਿਸੇ ਗੱਲੋਂ ਨਾ ਏਹ ਘੱਟ ਹੁੰਦੀਆਂ,
ਜ਼ਿੰਦਗੀ 'ਚ ਕਦੇ ਵੀ ਹਾਰੋ ਨਾ!
ਪੜ੍ਹ ਲਿਖ ਕੇ ਅਫ਼ਸਰ ਨੇ ਬਣ ਜਾਂਦੀਆਂ।
ਨਾਂਅ ਮਾਪਿਆਂ ਦਾ ਰੌਸ਼ਨ ਕਰ ਜਾਂਦੀਆਂ
ਕਿੱਦਾਂ ਸੋਚਦੇ ਹੋ ਕਤਲ ਕਰਨ ਲਈ?
ਭੈੜੇ ਏਹ ਮਨ ਨੂੰ ਜ਼ਰਾ ਲਲਕਾਰੋ ਤਾਂ!
ਪੁਰਾਣੇ ਰੀਤੀ-ਰਿਵਾਜ ਸਭ ਛੱਡ 'ਦੋ!
ਅਰਲਾਕੋਟ ਵਾਂਗੂੰ ਧਰਤੀ 'ਚ ਗੱਡ 'ਦੋ!
ਧੀ ਜੰਮਣ 'ਤੇ ਰਾਹ 'ਚ ਜੋ ਬਣਦੇ ਨੇ ਰੋੜੇ
ਲੈਣ-ਦੇਣ ਵਾਲੀ ਰੀਤ ਮਨਾਂ 'ਚ ਉਤਾਰੋ ਨਾ!
ਮਾਤਾ ਖੀਵੀ, ਸੁਲੱਖਣੀ, ਗੁਜਰੀ,
ਮਾਤਾ ਸਾਹਿਬ ਦੇਵਾਂ, ਬੀਬੀ ਭਾਨੀ ਜੀ!
ਕਲਪਨਾ ਚਾਵਲਾ, ਸਰੋਜਨੀ ਨਾਇਡੂ
ਸਦਾ ਗਈ ਹੈ ਜੋ ਸਨਮਾਨੀ ਜੀ।
ਇਹ ਵੀ ਧੀਆਂ ਹਨ (ਸਨ) ਕਿਸੇ ਦੀਆਂ ਮਿੱਤਰੋ।
ਇਨ੍ਹਾਂ ਦੀ ਘਾਲਣਾ ਨੂੰ ਕਦੇ ਵੀ ਵਿਸਾਰੋ ਨਾ!
'ਆਜ਼ਾਦ' ਕਾਂਝਲੇ ਦਾ ਕਰਦਾ ਦੁਆਵਾਂ ਜੀ।
ਸਦਾ ਠੰਢੀਆਂ ਹੀ ਵਗਣ ਹਵਾਵਾਂ ਜੀ।
ਵਸਦੀਆਂ, ਹੱਸਦੀਆਂ ਰਹਿਣ ਸਦਾ
ਕਦੇ ਵੀ ਇਨ੍ਹਾਂ ਨੂੰ ਦੁਰਕਾਰੋ ਨਾ!

## ਕਾਸ਼ ਕਿ ਪਰਲੋਂ ਆ ਜਾਂਦੀ

ਰਵਿੰਦਰ ਸਿੰਘ ਕੁੰਦਰਾ
ਕਵੈਂਟਰੀ, ਯੂ.ਕੇ. 07748772308



ਕਾਸ਼ ਕਿ ਪਰਲੋਂ ਆ ਜਾਂਦੀ,
ਇੱਕ ਹੋਰ ਭਾਣਾ ਵਰਤਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।
ਫੇਰ ਝਗੜਾ ਗੋਰੇ ਕਾਲ਼ੇ ਦਾ,
ਇੱਕ ਝਟਕੇ ਵਿੱਚ ਹੀ ਮੁੱਕ ਜਾਂਦਾ,
'ਤੇ ਰਿਸ਼ਤਾ ਜੀਜੇ ਸਾਲ਼ੇ ਦਾ,
ਇੱਕ ਝਪਕੀ ਦੇ ਵਿੱਚ ਮਿਟ ਜਾਂਦਾ।
ਕੋਈ ਨੀਂਵਾਂ ਕਿਸੇ ਨੂੰ ਨਾ ਕਰਦਾ,
ਨਾ ਉਚੇ ਦੀ ਗੁੱਡੀ ਤਹਾਂ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।
ਅੱਲਾ ਆਪਣੀ ਚੌਧਰ ਵਿੱਚ,
ਫੇਰ ਕੱਲਿਆਂ ਬਾਂਗ ਸੁਣਾਂਦਾ ਨਾ,
'ਤੇ ਰਾਮ ਵੀ ਆਪਣੇ ਡੰਕੇ ਦਾ,
ਹਰ ਪਾਸੇ ਟੱਲ ਖੜਕਾਂਦਾ ਨਾ।
'ਤੇ ਪਾਕ ਪਵਿੱਤਰ ਥਾਂਵਾਂ ਦੀ,
ਇਹ ਮਿੱਟੀ ਪਲੀਤ ਕਰਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।
'ਤੇ ਪੈਸੇ ਦੇ ਮੰਦਵਾੜੇ ਦਾ,
ਸੰਸਾਰੀ ਪੁਆੜਾ ਠੱਲ੍ਹ ਜਾਂਦਾ,
ਕਰੋੜਾਂ ਦਾ ਚੜ੍ਹਿਆ ਕਰਜ਼ਾ ਫਿਰ,
ਇੱਕ ਫੁਰਨੇ ਦੇ ਵਿੱਚ ਤਰ ਜਾਂਦਾ।
ਲੰਡਿਆਂ ਵਿੱਚ ਉੱਕਰੀ ਲਾਲੇ ਦੀ,
ਵਹੀ ਖਾਤ ਨੂੰ ਧਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।
ਮੁਰਦੇ ਨੂੰ ਦੱਬਣ 'ਤੇ ਫੂਕਣ ਦਾ,
ਝਗੜਾ ਇੱਥੇ ਹੀ ਥੰਮ ਜਾਂਦਾ,
ਨਾ ਸਵਰਗ ਦੇ ਸੁਪਨੇ ਲੈਂਦਾ ਕੋਈ,
ਨਾ ਨਰਕ ਦਾ ਕੋਈ ਗ਼ਮ ਖਾਂਦਾ।
ਨਾ ਦੇਵਤੇ ਕਿਸੇ ਨੂੰ ਭਰਮਾ ਸਕਦੇ,
ਨਾ ਦੈਂਤਾਂ ਦੀ ਕੋਈ ਵਾਹ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।
ਨਾ ਅੱਤਵਾਦ ਦਾ ਹਊਆ ਕੋਈ,
ਕਿਸੇ ਨੂੰ ਕਦੀ ਡਰਾ ਸਕਦਾ,
ਨਾ ਐਟਮ ਬੰਬ 'ਤੇ ਤੋਪਾਂ ਨਾਲ,
ਕੋਈ ਕਿਸੇ ਨੂੰ ਹਰਾ ਸਕਦਾ।
ਵੱਡੇ ਨਾਂਵਾਂ ਦੀ ਸ਼ੋਹਰਤ ਵੀ,
ਝੱਟ ਮਿੱਟੀ ਵਿੱਚ ਸਮਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਢ ਵਰਤਾ ਜਾਂਦੀ।
ਕਾਸ਼ ਕਿ ਪਰਲੋਂ ਆ ਜਾਂਦੀ,
ਇੱਕ ਹੋਰ ਭਾਣਾ ਵਰਤਾ ਜਾਂਦੀ,
ਇਸ ਸੜਦੀ ਬਲ਼ਦੀ ਦੁਨੀਆ ਦੇ,
ਇਹ ਸੀਨੇ ਠੰਡ ਵਰਤਾ ਜਾਂਦੀ।

## ਅੱਜ ਦਾ ਮਾਹੌਲ

ਹਰਪ੍ਰੀਤ ਪੱਤੋ

ਸਾਰੀ ਦੁਨੀਆਂ ਵਿੱਚ ਹਲਚਲ ਮੱਚੀ,
ਕਿੱਥੋਂ ਮਿਲਣਾ ਸ਼ਾਂਤ ਮਾਹੌਲ ਬਾਬਾ।
ਕਿਧਰੇ ਲੜਾਈਆਂ ਤੇ ਲੱਗਣ ਧਰਨੇ,
ਕਿਵੇਂ ਹੋਣਾ ਇਨ੍ਹਾਂ 'ਤੇ ਕੰਟਰੋਲ ਬਾਬਾ।
ਆਪੋ ਧਾਪ ਜਨਤਾ ਹੈ ਹੋਈ ਫਿਰਦੀ,
ਪੈਣ ਸੋਚ ਕਲੇਜੇ ਹੌਲ ਬਾਬਾ।
ਇਹੀ ਹਾਲ ਘਰਾਂ ਵਿੱਚ ਹੋਇਆ,
ਕੀਤੇ ਪੁਰਾਣੇ ਘਰੀਂ ਜੋ ਕੌਲ ਬਾਬਾ।
ਨੂੰਹ ਸੱਸ ਆਪਸ 'ਚ ਖਹੀ ਜਾਵਣ,
ਗੱਲ ਰਹੀਆਂ ਨਾ ਕਿਸੇ ਦੀ ਗੌਲ ਬਾਬਾ।
ਜੋ ਘਰ ਅੰਦਰ ਹੈ ਸਮਾਜ ਅੰਦਰ,
ਜਾਂਦੇ ਖ਼ੂਨ ਲੋਕਾਂ ਦੇ ਖੌਲ ਬਾਬਾ।
ਆਮ ਖ਼ਾਸ ਅੰਦਰੀਂ ਸਾਰੇ ਰੋਈ ਜਾਂਦੇ,
ਘਰੋਂ ਨਿਕਲ ਕਰਨ ਮਖੌਲ ਬਾਬਾ।
ਜੀਹਨੂੰ ਨਾ ਵੇਖ, ਪੱਤੋ, ਉਹੀ ਸੁਖੀ ਲੱਗੇ,
ਚੋਰੀ ਪਾਉਂਦੇ ਭੌਣਾਂ 'ਤੇ ਚੌਲ ਬਾਬਾ।

## ਜੋੜੀ



ਇੱਕ ਜੋੜੀ ਮੈਂ ਐਸੀ ਦੇਖੀ, ਇੱਕ ਦੂਜੇ ਲਈ ਹਾਰੇ
ਸੁਫ਼ਨੇ ਵੀ ਉਹ ਜੀਅ ਲੈਂਦੇ ਨੇ, ਤੁਰ ਕੇ ਨਹਿਰ ਕਿਨਾਰੇ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਈਂ ਲੜਦੇ ਰਹਿੰਦੇ
ਸਮਝ ਕਿਸੇ ਨੂੰ ਆਵੇ ਨਾ, ਉਹ ਕਿਉਂ ਦੂਜੇ ਨਾਲ ਖਹਿੰਦੇ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਂ ਹੀ ਰੱਖਣ ਉਲ੍ਹਾਮੇ
ਹਰ ਥਾਂ ਮੱਤਾਂ ਦਿੰਦੇ ਜਾਵਣ, ਆਪਣੀ ਮੱਤ ਨਾ ਸਾਂਭੇ।
ਇੱਕ ਜੋੜੀ ਮੈਂ ਐਸੀ ਦੇਖੀ, ਇੱਕ ਆਵੇ ਇੱਕ ਜਾਵੇ
ਐਸੇ ਦੇਸ਼ ਵਿੱਚ ਵਸਦੇ ਨੇ, ਮਨ ਨੂੰ ਨਾ ਜੋ ਭਾਵੇ।
ਇੱਕ ਜੋੜੀ ਮੈਂ ਐਸੀ ਦੇਖੀ, ਇੱਕ ਪੜ੍ਹਿਆ ਇੱਕ ਅਨਪੜ੍ਹ
ਮੋਹ ਦੇ ਨਾਲ ਹੀ ਲਾ ਲੈਂਦੇ ਜੋ ਪਰਿਵਾਰ ਆਪਣੇ ਦੀ ਜੜ੍ਹ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਂ ਲਾਲ ਹੀ ਰਹਿੰਦੀ
ਬਿਨਾਂ ਗੱਲ ਤੋਂ ਭੜਕ ਉੱਠੇ, ਤੇ ਬਿਨਾਂ ਗੱਲ ਕੁਝ ਕਹਿੰਦੀ।
ਇੱਕ ਜੋੜੀ ਮੈਂ ਐਸੀ ਦੇਖੀ, ਹਰ ਥਾਈਂ ਮੂੰਹ ਜੋ ਮਾਰੇ
ਆਪਣਾ ਸਭ ਕੁਝ ਲੁਕੋਕੇ ਰੱਖਦੀ, ਖਾ ਦੂਜੇ ਦਾ ਸਾਰੇ।
ਇੱਕ ਜੋੜੀ ਮੈਂ ਐਸੀ ਦੇਖੀ, ਚੁੱਪ ਚੁੱਪ ਦਿਨ ਲੰਘਦੇ
ਕੋਈ ਬੁਲਾਵੇ ਬੋਲ ਪੈਂਦੇ, ਨਹੀਂ ਐਵੇਂ ਰਹਿੰਦੇ ਸੰਗਦੇ।
ਇੱਕ ਜੋੜੀ ਮੈਂ ਐਸੀ ਦੇਖੀ, ਸ਼ਬਦ ਗੁਰੂ ਵਿੱਚ ਵੱਸਦੀ
ਚੰਗੇ ਮਾੜੇ ਹਾਲਾਤ ਨੇ ਜੋ ਵੀ, ਉਹ ਹੱਸਦੀ ਦੀ ਹੱਸਦੀ।
ਤੁਸੀਂ ਸੋਚੋ, ਤੁਸੀਂ ਕਿਹੜੀ ਜੋੜੀ, ਕੀ ਤੁਸੀਂ ਹੋ ਕਰਦੇ?
ਇਸ ਸਮਾਜ ਦੀ ਚਹਿਲ ਪਹਿਲ ਵਿੱਚ, ਕਿੱਥੇ ਕੁ ਹੋ ਖੜ੍ਹਦੇ।

ਸੋਹਣ ਸਿੰਘ ਬਰਨਾਲਾ

## ਗ਼ਜ਼ਲ

ਪ੍ਰੋ. ਪਰਮਜੀਤ ਸਿੰਘ ਨਿੱਕੇ ਘੁੰਮਣ

ਕਿਸ ਦੀ ਹਰ ਇੱਕ ਹਸਰਤ ਪੂਰੀ ਹੋਈ ਏ?
ਕਿਹੜੇ ਕਿਰਤੀ ਪੱਲੇ ਚੂਰੀ ਹੋਈ ਏ?
ਜੇ ਤੂੰ ਗ਼ਲਤ ਨੂੰ ਗ਼ਲਤ ਵੀ ਕਹਿਣਾ ਚਾਹੇ ਨਾ
ਇਹ ਤਾਂ ਪੂਰੀ ਜੀ ਹਜ਼ੂਰੀ ਹੋਈ ਏ।
ਇਹ ਹੁਸਨ ਵਾਲਿਆਂ ਗੱਲ ਅਸਾਡੀ ਗੌਲੀ ਨਾ
ਕੀ ਆਖਾਂ ਫਿਰ ਇਹ ਮਗ਼ਰੂਰੀ ਹੋਈ ਏ।
ਇੱਕੋ ਘਰ ਵਿੱਚ ਰਹਿ ਕੇ ਦਿਲ ਨਾ ਮਿਲ ਸਕੇ
ਐਨੀ ਵੇਖੋ ਦਿਲ ਵਿੱਚ ਦੂਰੀ ਹੋਈ ਏ।
ਜਿਹੜੀ ਅੱਖ ਨੂੰ ਰਹਿੰਦੀ ਸੀ ਨਿੱਤ ਤਾਂਘ ਮੇਰੀ
ਓਸੇ ਅੱਖ ਵਿੱਚ ਅੱਜ ਕਿਉਂ ਘੂਰੀ ਹੋਈ ਏ?
ਤੂੰ ਵੀ 'ਦਿਲਬਰ' ਅੱਧਵਾਟੇ ਹੀ ਮੁੜ ਗਿਆ ਏਂ
ਦੱਸ ਖਾਂ ਤੇਰੀ ਕੀ ਮਜਬੂਰੀ ਹੋਈ ਏ?

## ਕਤਲਾਂ ਦਾ ਦੁੱਖ

ਗਗਨਦੀਪ ਸਿੰਘ ਬੁਗਰਾ

ਕਤਲਾਂ ਦਾ ਸਾਨੂੰ ਦੁੱਖ ਤਾਂ ਹੁੰਦੈ,
ਪਰ ਮਕਤੂਲਾਂ ਦਾ ਧਰਮ ਨਿਰਧਾਰਤ ਕਰਦੈ
ਸਾਡੇ ਮਨ ਦੀ ਅਵਸਥਾ,
ਇੱਥੋਂ ਹੀ ਦੁੱਖ ਦੀ ਮਾਤਰਾ ਤੈਅ ਹੁੰਦੀ ਹੈ।
ਇਹੋ ਕਤਲਾਂ ਦਾ ਕਾਰਨ ਹੁੰਦੈ।



## ਸਵੇਰ

ਗੁਰਮੀਤ ਸਿੰਘ ਚੀਮਾ

ਉੱਠ ਦੇਖ ਮੁਸਾਫ਼ਿਰ
ਪੂਰਬ ਵੱਲ ਲਾਲੀ ਦੀ ਨੁਹਾਰ ਦੇਖ
ਸਮੇਂ ਦੀ ਹਰਕਤ ਦੇ ਪਹੀਏ ਨੂੰ ਸੰਭਾਲ
ਯੁੱਗ ਦੀ ਚਾਲ ਨੂੰ ਦੇਖ
ਕਦਮਾਂ ਦੀ ਰਫ਼ਤਾਰ ਨੂੰ ਆਖ
ਤਿੱਖੇ ਜ਼ਰਾ ਹੋਰ ਤਿੱਖੇ
ਵਕਤਾਂ ਦੀ ਰੌਸ਼ਨ ਕੰਨੀ ਤੱਕ
ਜੂਝਦੇ ਹੋਏ
ਵਕਤ ਦੇ ਪਹੀਏ ਨੂੰ
ਗੇੜਾ ਦੇਣ
ਲੰਮੀ ਸਲੇਟੀ ਸੜਕ 'ਤੇ
ਕਿੱਲਾਂ ਦੀਆਂ ਟਾਪਾਂ
ਤੇ ਸੰਗੀਨਾਂ ਦੀ ਛਾਂ
ਅਤੇ ਗੋਲੀਆਂ ਦੇ ਛੱਰਿਆਂ ਦਾ ਸ਼ੋਰ
ਦੁਰਾਡੇ ਜਾ ਰਿਹਾ
ਜ਼ਰਾ ਖਿੜਕੀ ਖੋਲ੍ਹ
ਤੇ ਦੇਖ
ਹੁਣ ਤਾਂ
ਚਿੜੀਆਂ ਦੀ ਚਹਿਕਣ ਵੀ
ਜਾਗ ਉੱਠੀ
ਤੇਰੇ ਦਰ ਦੀ ਦਹਿਲੀਜ਼ 'ਤੇ
ਆਣ ਖਲੋਤੀ
ਸਵੇਰ ਦੀ ਲਾਲੀ
ਉੱਠ ਦੇਖ ਮੁਸਾਫ਼ਿਰ
ਪੂਰਬ ਵੱਲ
ਲਾਲੀ ਦੀ ਨੁਹਾਰ ਦੇਖ

## ਗ਼ਜ਼ਲ

ਗੁਰਿੰਦਰ 'ਪ੍ਰੀਤ' ਧਾਰੋਵਾਲੀਆ

ਤੇਰੀ ਮਿਹਰ ਦਾ ਫਲ ਮਿਲਿਆ ਏ।
ਜ਼ਿੰਦਗੀ ਜੀਣ ਦਾ ਵੱਲ ਮਿਲਿਆ ਏ।
ਜਦ ਦਾ ਮੈਨੂੰ ਉਹ ਮਿਲਿਆ ਏ
ਹਰ ਮਸਲੇ ਦਾ ਹੱਲ ਮਿਲਿਆ ਏ।
ਉਸਦਾ ਮਿਲਣਾ ਇੰਝ ਮਿਲਿਆ ਕਿ
ਪਿਆਸੇ ਨੂੰ ਜਿਉਂ ਜਲ ਮਿਲਿਆ ਏ।
ਕੀ ਦੱਸਾਂ ਕਿੰਝ ਮਿਲਦਾ ਏ ਉਹ
ਜਦ ਵੀ ਮਿਲਿਆ ਗਲ ਮਿਲਿਆ ਏ।
ਇੱਕ ਕਦਮ ਜੁ ਉਸ ਵੱਲ ਪੁੱਟਿਆ
ਅੱਗੋਂ ਦੀ ਉਹ ਚੱਲ ਮਿਲਿਆ ਏ।
ਇੱਕ ਵਾਰੀ ਮੈਂ ਮਿਲਿਆ ਉਸਨੂੰ
ਫਿਰ ਮੈਨੂੰ ਹਰ ਪਲ ਮਿਲਿਆ ਏ।
ਹੀਰੇ ਮੋਤੀ ਮਿਲੇ ਅਸੰਖਾਂ
ਸਾਗਰ ਦਾ ਵੀ ਤਲ ਮਿਲਿਆ ਏ।
ਏਥੋਂ ਮੈਨੂੰ ਕੁਝ ਨਾ ਮਿਲਿਆ
ਜੇ ਮਿਲਿਆ ਵਲ ਛਲ ਮਿਲਿਆ ਏ।
ਉਸਦਾ ਮਿਲਣਾ ਬੜੀ ਗ਼ਨੀਮਤ
ਅੱਜ ਮਿਲਿਆ ਕਿ ਕੱਲ੍ਹ ਮਿਲਿਆ ਏ।
ਇੰਝ ਗੁਰਿੰਦਰ ਕਿੰਝ ਹੋਇਆ ਕਿ
ਅੰਬਰ ਨੂੰ ਕਿੰਝ ਥਲ ਮਿਲਿਆ ਏ।

# ਭਾਰਤ ਨੇ ਛੇਵੀਂ ਵਾਰ ਜਿੱਤਿਆ ਅੰਡਰ-19 ਵਰਲਡ ਕੱਪ

## ਫ਼ਾਈਨਲ 'ਚ ਇੰਗਲੈਂਡ ਨੂੰ 100 ਦੌੜਾਂ ਨਾਲ ਹਰਾਇਆ

ਹਰਾਰੇ: ਭਾਰਤੀ ਜੂਨੀਅਰ ਟੀਮ ਨੇ ਇੰਗਲੈਂਡ ਨੂੰ 100 ਦੌੜਾਂ ਨਾਲ ਹਰਾ ਕੇ ਅਪਣਾ ਛੇਵਾਂ ਅੰਡਰ-19 ਵਰਲਡ ਕੱਪ ਖਿਤਾਬ ਜਿੱਤ ਲਿਆ। ਇਹ ਫਾਈਨਲ ਮੈਚ ਕ੍ਰਿਕਟ ਇਤਿਹਾਸ ਵਿਚ ਯਾਦਗਾਰ ਬਣ ਗਿਆ, ਖ਼ਾਸ ਕਰ ਕੇ 14 ਸਾਲ ਦੇ ਵੈਭਵ ਸੂਰਿਆਵੰਸ਼ੀ ਦੀ ਧਮਾਕੇਦਾਰ ਪਾਰੀ ਕਰਕੇ।



ਸੂਰਿਆਵੰਸ਼ੀ ਨੇ ਸਿਰਫ਼ 80 ਗੇਂਦਾਂ ਉਤੇ 175 ਦੌੜਾਂ ਬਣਾਈਆਂ, ਜਿਸ ਵਿਚ 15 ਛਿੱਕੇ ਅਤੇ 15 ਚੌਕੇ ਸ਼ਾਮਲ ਸਨ। ਉਸ ਨੇ 71 ਗੇਂਦਾਂ ਉਤੇ ਸੱਭ ਤੋਂ ਤੇਜ਼ 150 ਦੌੜਾਂ ਪੂਰੀਆਂ ਕਰ ਕੇ ਨਵਾਂ ਰੀਕਾਰਡ ਵੀ ਬਣਾਇਆ। ਇਹ ਪਾਰੀ ਨਾ ਸਿਰਫ਼ ਉਸ ਨੂੰ ਸੱਭ ਤੋਂ ਘੱਟ ਉਮਰ ਵਾਲਾ ਸੈਂਕੜਾ ਬਣਾਉਣ ਵਾਲਾ ਖਿਡਾਰੀ ਬਣਾਉਂਦੀ ਹੈ, ਸਗੋਂ ਅੰਡਰ-19 ਵਰਲਡ ਕੱਪ ਦੇ ਇਤਿਹਾਸ ਵਿਚ ਸੱਭ ਤੋਂ ਵੱਧ ਛੱਕੇ ਲਗਾਉਣ ਵਾਲਾ ਵੀ। ਸੂਰਿਆਵੰਸ਼ੀ ਨੂੰ 'ਪਲੇਅਰ ਆਫ਼ ਦ ਮੈਚ' ਅਤੇ 'ਪਲੇਅਰ ਆਫ਼ ਦ ਟੂਰਨਾਮੈਂਟ' ਖਿਤਾਬ ਨਾਲ ਵੀ ਨਿਵਾਜਿਆ ਗਿਆ।

ਭਾਰਤ ਨੇ ਪਹਿਲਾਂ ਬੱਲੇਬਾਜ਼ੀ ਕਰਦਿਆਂ 411/9 ਦਾ ਵੱਡਾ ਸਕੋਰ ਖੜਾ ਕੀਤਾ, ਜੋ ਕਿ ਜੂਨੀਅਰ ਵਿਸ਼ਵ ਕੱਪ ਫਾਈਨਲ ਵਿਚ ਸੱਭ ਤੋਂ ਵੱਡਾ ਸਕੋਰ ਹੈ। 412 ਦੌੜਾਂ ਦੇ ਵੱਡੇ ਟੀਚੇ ਦਾ ਪਿੱਛਾ ਕਰਨ ਉਤਰੀ ਇੰਗਲੈਂਡ ਦੀ ਟੀਮ 40.2 ਓਵਰਾਂ ਵਿੱਚ 311 ਦੌੜਾਂ 'ਤੇ ਸਿਮਟ ਗਈ। ਹਾਲਾਂਕਿ ਇੰਗਲੈਂਡ ਦੇ ਕਾਲੇਬ ਫ਼ਾਕਨਰ ਨੇ 115 ਦੌੜਾਂ ਬਣਾ ਕੇ ਲੜਾਈ ਲੜਨ ਦੀ ਕੋਸ਼ਿਸ਼ ਕੀਤੀ, ਪਰ ਭਾਰਤੀ ਗੇਂਦਬਾਜ਼ਾਂ ਸਾਹਮਣੇ ਉਹ ਜ਼ਿਆਦਾ ਦੇਰ ਟਿਕ ਨਹੀਂ ਸਕੇ। ਭਾਰਤ ਵੱਲੋਂ ਆਰ.ਐੱਸ. ਅੰਬਰੀਸ਼ ਨੇ ਸਭ ਤੋਂ ਵੱਧ 3 ਵਿਕਟਾਂ ਲਈਆਂ, ਜਦਕਿ ਦੀਪੇਸ਼ ਦੇਵੇਂਦਰਨ ਅਤੇ ਕਨਿਸ਼ਕ ਚੌਹਾਨ ਨੇ 2-2 ਵਿਕਟਾਂ ਝਟਕਾਈਆਂ। ਇਸ ਸ਼ਾਨਦਾਰ ਜਿੱਤ ਨਾਲ ਭਾਰਤ ਨੇ ਇੱਕ ਵਾਰ ਫ਼ਿਰ ਵਿਸ਼ਵ ਕ੍ਰਿਕਟ ਵਿੱਚ ਆਪਣੀ ਸਰਦਾਰੀ ਸਾਬਤ ਕਰ ਦਿੱਤੀ ਹੈ।

ਟੀਮ ਕਪਤਾਨ ਆਯੁਸ਼ ਮਹਾਤਰੇ ਨੇ ਮੈਚ ਤੋਂ ਬਾਅਦ ਕਿਹਾ: ਇਹ ਸਿਰਫ਼ ਜਿੱਤ ਨਹੀਂ, ਸਾਡੇ ਯੁਵਾ ਖਿਡਾਰੀਆਂ ਦੀ ਮਿਹਨਤ ਅਤੇ ਭਾਰਤੀ ਕ੍ਰਿਕਟ ਦੇ ਮਜ਼ਬੂਤ ਢਾਂਚੇ ਦੀ ਨਿਸ਼ਾਨੀ ਹੈ।"

ਵੈਭਵ ਸੂਰਿਆਵੰਸ਼ੀ ਨੇ ਅਪਣੀ ਇਤਿਹਾਸਕ ਪਾਰੀ ਤੋਂ ਬਾਅਦ ਕਿਹਾ: ਮੈਂ ਸਿਰਫ਼ ਟੀਮ ਲਈ ਖੇਡਣਾ ਚਾਹੁੰਦਾ ਸੀ। ਇਹ ਮੇਰੇ ਸੁਪਨੇ ਦੀ ਸ਼ੁਰੂਆਤ ਹੈ।"

ਇਸ ਜਿੱਤ ਨਾਲ ਭਾਰਤ ਨੇ ਦੁਬਾਰਾ ਸਾਬਤ ਕੀਤਾ ਕਿ ਉਸ ਦੀ ਨੌਜੁਆਨ ਪ੍ਰਣਾਲੀ, ਕੋਚਿੰਗ ਅਤੇ ਕ੍ਰਿਕਟ ਪ੍ਰਤੀ ਜਜ਼ਬਾ ਦੁਨੀਆਂ ਵਿਚ ਸੱਭ ਤੋਂ ਮਜ਼ਬੂਤ ਹੈ। ਮਾਹਰਾਂ ਨੇ ਇਸ ਟੀਮ ਦੀ ਤੁਲਨਾ ਉਨ੍ਹਾਂ ਟੀਮਾਂ ਨਾਲ ਕੀਤੀ ਜਿਨ੍ਹਾਂ ਵਿਚ ਕਦੇ ਵਿਰਾਟ ਕੋਹਲੀ ਅਤੇ ਰੋਹਿਤ ਸ਼ਰਮਾ ਵਰਗੇ ਸਿਤਾਰੇ ਖੇਡਦੇ ਸਨ।

## ਵੈਭਵ ਸੂਰਿਆਵੰਸ਼ੀ ਦੀ ਤੂਫ਼ਾਨੀ ਪਾਰੀ, 80 ਗੇਂਦਾਂ ਵਿੱਚ ਜੜੀਆਂ 175 ਦੌੜਾਂ

ਭਾਰਤ ਦੀ ਇਸ ਇਤਿਹਾਸਕ ਜਿੱਤ ਦੇ ਸਭ ਤੋਂ ਵੱਡੇ ਹੀਰੋ ਸਲਾਮੀ ਬੱਲੇਬਾਜ਼ ਵੈਭਵ ਸੂਰਿਆਵੰਸ਼ੀ ਰਹੇ। ਵੈਭਵ ਨੇ ਇੰਗਲੈਂਡ ਦੇ ਗੇਂਦਬਾਜ਼ਾਂ ਦੀਆਂ ਰੱਜ ਕੇ ਧੱਜੀਆਂ ਉਡਾਉਂਦੇ ਹੋਏ ਮਹਿਜ਼ 80 ਗੇਂਦਾਂ ਵਿੱਚ 175 ਦੌੜਾਂ ਦੀ ਵਿਸਫੋਟਕ ਪਾਰੀ ਖੇਡੀ। ਉਨ੍ਹਾਂ ਨੇ ਆਪਣੀ ਇਸ ਪਾਰੀ ਵਿੱਚ 15 ਚੌਕੇ ਅਤੇ 15 ਛੱਕੇ ਲਗਾਏ। ਵੈਭਵ ਨੇ ਆਪਣਾ ਸੈਂਕੜਾ ਸਿਰਫ਼ 55 ਗੇਂਦਾਂ ਵਿੱਚ ਪੂਰਾ ਕਰ ਲਿਆ ਸੀ। ਉਨ੍ਹਾਂ ਦੀ ਇਸ ਪਾਰੀ ਦੀ ਬਦੌਲਤ ਭਾਰਤ ਨੇ 50 ਓਵਰਾਂ ਵਿੱਚ 9 ਵਿਕਟਾਂ ਦੇ ਨੁਕਸਾਨ 'ਤੇ 411 ਦੌੜਾਂ ਦਾ ਪਹਾੜ ਜਿਹਾ ਸਕੋਰ ਖੜ੍ਹਾ ਕੀਤਾ।



## ਮੋਦੀ ਤੋਂ ਲੈ ਕੇ ਵਿਰਾਟ ਕੋਹਲੀ ਤੱਕ ਨੇ ਟੀਮ ਇੰਡੀਆ ਨੂੰ 'ਵਿਸ਼ਵ ਚੈਂਪੀਅਨ' ਬਣਨ 'ਤੇ ਦਿੱਤੀ ਵਧਾਈ

ਭਾਰਤ ਦੀ ਅੰਡਰ-19 ਕ੍ਰਿਕਟ ਟੀਮ ਨੇ ਇਕ ਵਾਰ ਫਿਰ ਵਿਸ਼ਵ ਪੱਧਰ 'ਤੇ ਆਪਣੀ ਧਾਕ ਜਮਾਉਂਦਿਆਂ ਆਈਸੀਸੀ ਅੰਡਰ-19 ਵਰਲਡ ਕੱਪ ਦਾ ਖ਼ਿਤਾਬ ਆਪਣੇ ਨਾਮ ਕਰ ਲਿਆ ਹੈ। ਭਾਰਤੀ ਟੀਮ ਨੇ ਹਰਾਰੇ ਵਿੱਚ ਖੇਡੇ ਗਏ ਫਾਈਨਲ ਮੁਕਾਬਲੇ ਵਿੱਚ ਇੰਗਲੈਂਡ ਨੂੰ ਹਰਾ ਕੇ ਇਹ ਖ਼ਿਤਾਬ ਜਿੱਤਿਆ ਹੈ। ਇਸ ਜਿੱਤ ਦੇ ਨਾਲ ਭਾਰਤ ਹੁਣ ਕੁੱਲ 6 ਵਾਰ ਅੰਡਰ-19 ਵਰਲਡ ਕੱਪ ਚੈਂਪੀਅਨ ਬਣ ਗਿਆ ਹੈ। ਇਸ ਇਤਿਹਾਸਕ ਜਿੱਤ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਟੀਮ ਨੂੰ ਵਧਾਈ ਦਿੰਦਿਆਂ ਉਨ੍ਹਾਂ ਦੇ ਸ਼ਾਨਦਾਰ ਪ੍ਰਦਰਸ਼ਨ ਦੀ ਸ਼ਲਾਘਾ ਕੀਤੀ ਹੈ।

ਪ੍ਰਧਾਨ ਮੰਤਰੀ ਪ੍ਰਧਾਨ ਮੰਤਰੀ ਮੋਦੀ ਨੇ ਟਵੀਟ ਕਰਦਿਆਂ ਕਿਹਾ ਕਿ ਭਾਰਤ ਦੀ ਕ੍ਰਿਕਟ ਪ੍ਰਤਿਭਾ ਚਮਕ ਰਹੀ ਹੈ। ਉਨ੍ਹਾਂ ਲਿਖਿਆ, 'ਸਾਨੂੰ ਆਪਣੀ ਅੰਡਰ-19 ਟੀਮ 'ਤੇ ਮਾਣ ਹੈ, ਜਿਸ ਨੇ ਵਿਸ਼ਵ ਕੱਪ ਜਿੱਤ ਕੇ ਦੇਸ਼ ਦਾ ਨਾਂ ਰੌਸ਼ਨ ਕੀਤਾ ਹੈ'। ਪੀਐਮ ਮੋਦੀ ਨੇ ਅੱਗੇ ਕਿਹਾ ਕਿ ਟੀਮ ਨੇ ਪੂਰੇ ਟੂਰਨਾਮੈਂਟ ਦੌਰਾਨ ਬਹੁਤ ਵਧੀਆ ਖੇਡ ਦਿਖਾਈ ਹੈ ਅਤੇ ਆਪਣੀ ਬੇਮਿਸਾਲ ਮੁਹਾਰਤ ਦਾ ਪ੍ਰਦਰਸ਼ਨ ਕੀਤਾ ਹੈ। ਪ੍ਰਧਾਨ ਮੰਤਰੀ ਨੇ ਵਿਸ਼ਵਾਸ ਜਤਾਇਆ ਕਿ ਇਹ ਜਿੱਤ ਦੇਸ਼ ਦੇ ਕਈ ਹੋਰ ਨੌਜਵਾਨ ਖਿਡਾਰੀਆਂ ਨੂੰ ਵੀ ਖੇਡਾਂ ਦੇ ਖੇਤਰ ਵਿੱਚ ਅੱਗੇ ਵਧਣ ਲਈ ਪ੍ਰੇਰਿਤ ਕਰੇਗੀ। ਉਨ੍ਹਾਂ ਨੇ ਟੀਮ ਦੇ ਸਾਰੇ ਖਿਡਾਰੀਆਂ ਨੂੰ ਉਨ੍ਹਾਂ ਦੇ ਆਉਣ ਵਾਲੇ ਭਵਿੱਖ ਅਤੇ ਅਗਲੇਰੀਆਂ ਕੋਸ਼ਿਸ਼ਾਂ ਲਈ ਸ਼ੁੱਭਕਾਮਨਾਵਾਂ ਵੀ ਦਿੱਤੀਆਂ।

**ਵਿਰਾਟ ਕੋਹਲੀ ਨੇ ਦਿੱਤੀ ਵਧਾਈ**

ਐਕਸ 'ਤੇ ਪੋਸਟ ਕਰਦੇ ਹੋਏ, ਵਿਰਾਟ ਕੋਹਲੀ ਨੇ ਲਿਖਿਆ, 'ਭਾਰਤੀ ਅੰਡਰ-19 ਟੀਮ ਨੂੰ ਇੱਕ ਵਾਰ ਫਿਰ ਵਿਸ਼ਵ ਕੱਪ ਜਿੱਤਣ ਲਈ ਵਧਾਈਆਂ। ਅਸੀਂ ਉਮਰ-ਸਮੂਹ ਕ੍ਰਿਕਟ ਅਤੇ ਇਸ ਤੋਂ ਬਾਹਰ ਵੀ ਦਬਦਬਾ ਬਣਾਈ ਰੱਖਦੇ ਹਾਂ। ਪੂਰੀ ਟੀਮ ਅਤੇ ਸਹਾਇਕ ਸਟਾਫ ਨੂੰ ਸ਼ੁਭਕਾਮਨਾਵਾਂ।'

## 'ਬੀ.ਬੀ.ਸੀ. ਇੰਡੀਅਨ ਸਪੋਰਟਸਵੂਮੈਨ ਆਫ਼ ਦਾ ਈਅਰ' ਐਵਾਰਡ ਲਈ ਪੰਜ ਮਹਿਲਾ ਖਿਡਾਰਨਾਂ ਨਾਮਜ਼ਦ

ਨਵੀਂ ਦਿੱਲੀ/ਏ.ਟੀ.ਨਿਊਜ਼ : ਸਾਲ 2025 ਦੇ ਵੱਕਾਰੀ 'ਬੀ.ਬੀ.ਸੀ. ਇੰਡੀਅਨ ਸਪੋਰਟਸਵੂਮੈਨ ਆਫ ਦਾ ਈਅਰ' ਐਵਾਰਡ ਲਈ ਪੰਜ ਮਹਿਲਾ ਖਿਡਾਰਨਾਂ ਨਾਮਜ਼ਦ ਕੀਤੀਆਂ ਗਈਆਂ ਹਨ। ਇਸ ਸੂਚੀ ਵਿੱਚ ਭਾਰਤੀ ਮਹਿਲਾ ਕ੍ਰਿਕਟ ਟੀਮ ਦੀ ਕਪਤਾਨ ਹਰਮਨਪ੍ਰੀਤ ਕੌਰ, ਉਪ ਕਪਤਾਨ ਸਮ੍ਰਿਤੀ ਮੰਧਾਨਾ, ਸ਼ਤਰੰਜ ਦੀ ਉੱਭਰਦੀ ਖਿਡਾਰਨ ਦਿਵਿਆ ਦੇਸ਼ਮੁਖ, ਨਿਸ਼ਾਨੇਬਾਜ਼ ਸੁਰੁਚੀ ਸਿੰਘ ਅਤੇ ਅੜਿੱਕਾ ਦੌੜਾਕ ਜੋਤੀ ਯਾਰਾਜੀ ਸ਼ਾਮਲ ਹਨ।



ਹਰਮਨਪ੍ਰੀਤ ਕੌਰ · ਸਮ੍ਰਿਤੀ ਮੰਧਾਨਾ · ਦਿਵਿਆ ਦੇਸ਼ਮੁਖ · ਸੁਰੂਚੀ ਸਿੰਘ · ਜੋਤੀ

ਹਰਮਨਪ੍ਰੀਤ ਕੌਰ ਨੇ ਭਾਰਤ ਨੂੰ 2025 ਵਿੱਚ ਪਹਿਲੀ ਵਾਰ ਆਈ.ਸੀ.ਸੀ. ਮਹਿਲਾ ਵਿਸ਼ਵ ਕੱਪ ਜਿਤਾਉਣ ਵਿੱਚ ਅਹਿਮ ਭੂਮਿਕਾ ਨਿਭਾਈ ਸੀ। ਮੰਧਾਨਾ ਨੇ ਆਸਟ੍ਰੇਲੀਆ ਖ਼ਿਲਾਫ਼ 50 ਗੇਂਦਾਂ ਵਿੱਚ ਸੈਂਕੜਾ ਜੜ ਕੇ ਵਿਰਾਟ ਕੋਹਲੀ ਦਾ ਰਿਕਾਰਡ ਤੋੜਿਆ ਸੀ। ਸ਼ਤਰੰਜ ਖਿਡਾਰਨ ਦਿਵਿਆ ਦੇਸ਼ਮੁਖ ਨੇ 20 ਸਾਲ ਦੀ ਉਮਰ ਵਿੱਚ ਫਿਡੇ ਮਹਿਲਾ ਵਿਸ਼ਵ ਕੱਪ ਜਿੱਤ ਕੇ ਇਤਿਹਾਸ ਰਚਿਆ ਹੈ। ਉਹ ਸਭ ਤੋਂ ਘੱਟ ਉਮਰ ਦੀ ਜੇਤੂ ਬਣੀ ਹੈ। ਇਸੇ ਤਰ੍ਹਾਂ ਹਰਿਆਣਾ ਦੀ 19 ਸਾਲਾ ਨਿਸ਼ਾਨੇਬਾਜ਼ ਸੁਰੁਚੀ ਸਿੰਘ ਨੇ 2025 ਵਿੱਚ ਆਈ ਐੱਸ ਐੱਸ ਐੱਫ ਵਿਸ਼ਵ ਕੱਪ ਵਿੱਚ ਤਿੰਨ ਸੋਨ ਤਗਮੇ ਜਿੱਤੇ। ਅੜਿੱਕਾ ਦੌੜਾਕ ਜੋਤੀ ਯਾਰਾਜੀ 2024 ਪੈਰਿਸ ਓਲੰਪਿਕ ਲਈ ਕੁਆਲੀਫਾਈ ਕਰਨ ਵਾਲੀ ਪਹਿਲੀ ਭਾਰਤੀ ਮਹਿਲਾ ਬਣੀ ਅਤੇ ਏਸ਼ਿਆਈ ਅਥਲੈਟਿਕਸ ਚੈਂਪੀਅਨਸ਼ਿਪ 2025 ਵਿੱਚ ਸੋਨ ਤਗਮਾ ਜਿੱਤਿਆ। ਉਸ ਨੇ 100 ਮੀਟਰ ਅੜਿੱਕਾ ਦੌੜ ਵਿੱਚ ਹੋਰ ਵੀ ਪ੍ਰਾਪਤੀਆਂ ਹਾਸਲ ਕੀਤੀਆਂ। ਬੀ ਬੀ ਸੀ ਨਿਊਜ਼ ਦੀ ਅਧਿਕਾਰੀ ਵਿਓਨਾ ਕਰੈਕ ਨੇ ਕਿਹਾ ਕਿ ਇਹ ਐਵਾਰਡ ਭਾਰਤੀ ਮਹਿਲਾ ਖਿਡਾਰਨਾਂ ਦੀਆਂ ਪ੍ਰਾਪਤੀਆਂ ਨੂੰ ਦੁਨੀਆ ਸਾਹਮਣੇ ਲਿਆਉਣ ਦਾ ਮੌਕਾ ਹੈ।

## ਨਿਸ਼ਾਨੇਬਾਜ਼ੀ 'ਚ ਦੋ ਸੋਨ ਤਗ਼ਮੇ ਜਿੱਤ ਗਈ ਈਸ਼ਾ ਸਿੰਘ


ਨਵੀਂ ਦਿੱਲੀ/ਏ.ਟੀ.ਨਿਊਜ਼: ਉਲੰਪੀਅਨ ਈਸ਼ਾ ਸਿੰਘ ਨੇ ਪਿਛਲੇ ਸਾਲ ਦੇ ਆਪਣੇ ਸ਼ਾਨਦਾਰ ਪ੍ਰਦਰਸ਼ਨ ਨੂੰ ਜਾਰੀ ਰੱਖਦਿਆਂ ਲੰਘੇ ਦਿਨੀਂ ਇੱਥੇ ਏਸ਼ਿਆਈ ਨਿਸ਼ਾਨੇਬਾਜ਼ੀ ਚੈਂਪਿਅਨਸ਼ਿਪ (ਪਿਸਟਲ/ਰਾਈਫਲ) ਮਹਿਲਾਵਾਂ ਦੇ 10 ਮੀਟਰ ਏਅਰ ਪਿਸਟਲ ਮੁਕਾਬਲੇ ਵਿੱਚ ਸੋਨੇ ਦਾ ਤਗ਼ਮਾ ਜਿੱਤਿਆ। ਵਿਸ਼ਵ ਚੈਂਪੀਅਨ ਸਮਰਾਟ ਰਾਣਾ ਨੂੰ ਕਾਂਸੀ ਦੇ ਤਗ਼ਮੇ ਨਾਲ ਸਬਰ ਕਰਨਾ ਪਿਆ। 21 ਸਾਲਾ ਈਸ਼ਾ ਨੇ ਫਾਈਨਲ



ਵਿੱਚ ਪੱਛੜਨ ਤੋਂ ਬਾਅਦ ਵਾਪਸੀ ਕਰਦਿਆਂ 239.8 ਅੰਕ ਹਾਸਲ ਕੀਤੇ। ਉਸ ਨੇ ਚੀਨੀ ਤਾਇਪੇ ਦੀਆਂ ਦੋ ਨਿਸ਼ਾਨੇਬਾਜ਼ਾਂ ਚੇਂਗ ਯੇਨ ਚਿੰਗ (235.4 ਅੰਕ, ਚਾਂਦੀ ਦਾ ਤਗ਼ਮਾ) ਅਤੇ ਯੂ ਏ ਵੇਨ (217.7 ਅੰਕ, ਕਾਂਸੀ ਦਾ ਤਗ਼ਮਾ) ਤੋਂ ਇਲਾਵਾ ਹਮਵਤਨ ਸੁਰੂਚੀ ਸਿੰਘ ਦੀ ਸਖ਼ਤ ਚੁਣੌਤੀ ਪਾਰ ਕਰਦਿਆਂ ਸੀਨੀਅਰ ਏਸ਼ਿਆਈ ਚੈਂਪਿਅਨਸ਼ਿਪ ਵਿੱਚ ਆਪਣਾ ਦੂਜਾ ਸੋਨ ਤਗਮਾ ਜਿੱਤਿਆ। ਮਨੂ ਭਾਕਰ ਸੱਤਵੇਂ ਸਥਾਨ 'ਤੇ ਰਹੀ ਸੁਰੂਚੀ (576), ਮਨੂ (575) ਅਤੇ ਈਸ਼ਾ (575) ਦੀ ਤਿਕੜੀ ਨੇ ਕੁੱਲ 1726 ਅੰਕਾਂ ਨਾਲ ਟੀਮ ਮੁਕਾਬਲੇ ਵਿੱਚ ਸੋਨ ਤਗਮਾ ਜਿੱਤਿਆ।

## ਸੇਵਾਮੁਕਤ ਕ੍ਰਿਕਟਰ ਕਰਨ ਕ੍ਰਿਕਟ ਐਸੋਸੀਏਸ਼ਨਾਂ ਦੀ ਅਗਵਾਈ: ਸੁਪਰੀਮ ਕੋਰਟ

ਨਵੀਂ ਦਿੱਲੀ/ਏ.ਟੀ.ਨਿਊਜ਼: ਸੁਪਰੀਮ ਕੋਰਟ ਨੇ ਗੈਰ-ਮਾਹਿਰਾਂ ਵੱਲੋਂ ਕੀਤੇ ਜਾ ਰਹੇ ਖੇਡ ਸੰਸਥਾਵਾਂ ਦੇ ਪ੍ਰਬੰਧਨ 'ਤੇ ਸਖ਼ਤ ਨਾਰਾਜ਼ਗੀ ਜ਼ਾਹਿਰ ਕੀਤੀ। ਅਦਾਲਤ ਨੇ ਕਿਹਾ ਕਿ ਕ੍ਰਿਕਟ ਐਸੋਸੀਏਸ਼ਨਾਂ ਦੀ ਅਗਵਾਈ ਸੇਵਾਮੁਕਤ ਕ੍ਰਿਕਟਰਾਂ ਵੱਲੋਂ ਕੀਤੀ ਜਾਣੀ ਚਾਹੀਦੀ ਹੈ, ਨਾ ਕਿ ਅਜਿਹੇ ਵਿਅਕਤੀਆਂ ਵੱਲੋਂ ਜਿਨ੍ਹਾਂ ਨੂੰ ਬੱਲਾ ਵੀ ਨਾ ਫੜਨਾ ਆਉਂਦਾ ਹੋਵੇ। ਚੀਫ ਜਸਟਿਸ ਸੂਰਿਆ ਕਾਂਤ, ਜਸਟਿਸ ਜੋਇਮਾਲਿਆ ਬਾਗਚੀ ਤੇ ਜਸਟਿਸ ਵਿਪੁਲ ਐੱਮ ਪੰਚੋਲੀ ਦੇ ਬੈਂਚ ਨੇ ਬੰਬੇ ਹਾਈ ਕੋਰਟ ਦੇ ਉਸ ਹੁਕਮ ਵਿੱਚ ਦਖ਼ਲ ਦੇਣ ਤੋਂ ਇਨਕਾਰ ਕਰ ਦਿੱਤਾ ਜਿਸ ਨੇ ਮਹਾਰਾਸ਼ਟਰ ਕ੍ਰਿਕਟ ਐਸੋਸੀਏਸ਼ਨ ਦੀਆਂ ਚੋਣਾਂ 'ਤੇ ਰੋਕ ਲਗਾ ਦਿੱਤੀ ਸੀ। ਇਹ ਚੋਣਾਂ ਅਸਲ ਵਿੱਚ 6 ਜਨਵਰੀ ਨੂੰ ਹੋਣੀਆਂ ਸਨ, ਪਰ ਪੱਖਪਾਤ ਦੇ ਦੋਸ਼ਾਂ ਕਾਰਨ ਹਾਈ ਕੋਰਟ ਨੇ ਇਨ੍ਹਾਂ 'ਤੇ ਰੋਕ ਲਗਾ ਦਿੱਤੀ ਸੀ। ਚੀਫ ਜਸਟਿਸ ਨੇ ਮਹਾਰਾਸ਼ਟਰ ਕ੍ਰਿਕਟ ਐਸੋਸੀਏਸ਼ਨ ਦੀ ਮੈਂਬਰਸ਼ਿਪ 'ਚ ਹੋਏ ਅਚਾਨਕ ਵਾਧੇ 'ਤੇ ਸਵਾਲ ਚੁੱਕੇ।



# ਪੰਜਾਬੀ ਸੰਗੀਤ ਦਾ ਗਲੋਬਲ ਜਾਦੂ ਪੂਰੇ ਸੰਸਾਰ 'ਤੇ ਛਾਇਆ: ਧੁਨਾਂ ਨੇ ਤੋੜੀਆਂ ਸਰਹੱਦਾਂ

## ਦਿਲਜੀਤ, ਸਰਤਾਜ ਤੋਂ ਏ.ਪੀ. ਢਿੱਲੋਂ ਤੱਕ ਮਹਾਨ ਕਲਾਕਾਰਾਂ ਨੇ ਪਾਇਆ ਯੋਗਦਾਨ

## 2022 ਤੋਂ 2025 ਤੱਕ ਪੰਜਾਬੀ ਸੰਗੀਤ ਦਾ ਜਾਦੂ ਛਾਇਆ : ਕਲਾਕਾਰਾਂ ਨੇ ਕੀਤੀ ਰਿਕਾਰਡ ਤੋੜ ਕਮਾਈ






ਪੰਜਾਬੀ ਗਾਣਿਆਂ ਦੇ ਸੰਗੀਤ ਦੀਆਂ ਧੁਨਾਂ ਨੇ ਦੁਨੀਆਂ ਭਰ ਵਿੱਚ ਆਪਣਾ ਜਾਦੂ ਚਲਾਇਆ ਹੈ। ਇਹ ਨਹੀਂ ਕਿ ਸਿਰਫ ਪੰਜਾਬ ਜਾਂ ਭਾਰਤ ਵਿੱਚ ਹੀ ਇਹਨਾਂ ਧੁਨਾਂ ਨੂੰ ਸੁਣਿਆ ਜਾਂਦਾ ਹੈ, ਬਲਕਿ ਪਾਕਿਸਤਾਨ, ਅਮਰੀਕਾ ,ਕੈਨੇਡਾ, ਯੂਕੇ, ਯੂਰਪ, ਅਮਰੀਕਾ ਅਤੇ ਆਸਟ੍ਰੇਲੀਆ ਵਰਗੇ ਦੇਸ਼ਾਂ ਵਿੱਚ ਵੀ ਇਹਨਾਂ ਨੂੰ ਬਹੁਤ ਪਸੰਦ ਕੀਤਾ ਜਾ ਰਿਹਾ ਹੈ। ਪਿਛਲੇ ਕੁਝ ਸਾਲਾਂ ਵਿੱਚ ਪੰਜਾਬੀ ਸੰਗੀਤ ਨੇ ਗਲੋਬਲ ਪੱਧਰ 'ਤੇ ਵੱਡੀ ਛਾਲ ਮਾਰੀ ਹੈ, ਜਿਸ ਨਾਲ ਨਾ ਸਿਰਫ ਪੰਜਾਬੀ ਕਲਾਕਾਰਾਂ ਦੀ ਪਛਾਣ ਵਧੀ ਹੈ ਬਲਕਿ ਪੰਜਾਬੀ ਸੱਭਿਆਚਾਰ ਨੂੰ ਵੀ ਵਿਸ਼ਵ ਪੱਧਰ ਤੇ ਮਾਣ ਮਿਲਿਆ ਹੈ। ਪੰਜਾਬੀ ਗਾਣਿਆਂ ਦੀ ਸਫਲਤਾ ਦਾ ਇੱਕ ਵੱਡਾ ਕਾਰਨ ਉਹਨਾਂ ਦੀਆਂ ਹਾਈ-ਬਜਟ ਵੀਡੀਓਜ਼ ਹਨ। ਹੁਣ ਵੀਡੀਓਜ਼ ਦੀ ਸ਼ੂਟਿੰਗ ਦੁਬਈ, ਲੰਡਨ, ਅਤੇ ਮਿਆਮੀ ਵਰਗੀਆਂ ਥਾਵਾਂ 'ਤੇ ਹਾਲੀਵੁੱਡ ਪੱਧਰ ਦੇ ਕੈਮਰਿਆਂ ਅਤੇ ਤਕਨੀਕ ਨਾਲ ਕੀਤੀ ਜਾਂਦੀ ਹੈ, ਜੋ ਨੌਜਵਾਨਾਂ ਨੂੰ ਆਕਰਸ਼ਿਤ ਕਰਦੀ ਹੈ। ਇੰਸਟਾਗ੍ਰਾਮ ਰੀਲਜ ਅਤੇ ਟਿਕ ਟਾਕ ਨੇ ਪੰਜਾਬੀ ਗਾਣਿਆਂ ਨੂੰ ਉਹਨਾਂ ਦੇਸ਼ਾਂ ਵਿੱਚ ਵੀ ਪਹੁੰਚਾਇਆ ਹੈ ਜਿੱਥੇ ਪੰਜਾਬੀ ਸਮਝੀ ਨਹੀਂ ਜਾਂਦੀ। ਕਈ ਵਾਰ ਗਾਣੇ ਦੇ ਰਿਲੀਜ਼ ਹੋਣ ਤੋਂ ਪਹਿਲਾਂ ਹੀ ਉਸ ਦੀ 'ਆਡੀਓ ਕਲਿੱਪ' ਵਾਇਰਲ ਹੋ ਜਾਂਦੀ ਹੈ, ਜੋ ਗਲੋਬਲ ਹਿੱਟ ਹੋਣ ਦਾ ਮੁੱਖ ਕਾਰਨ ਬਣਦੀ ਹੈ।

ਪੰਜਾਬੀ ਸੰਗੀਤ ਦੀ ਗਲੋਬਲ ਪ੍ਰਸਿੱਧੀ ਦੀ ਸ਼ੁਰੂਆਤ ਨੂੰ ਵੇਖੀਏ ਤਾਂ ਇਹ ਪਿਛਲੇ ਦਹਾਕੇ ਵਿੱਚ ਵੱਡੀ ਤੇਜ਼ੀ ਨਾਲ ਵਧੀ ਹੈ। ਸਪੋਟੀਫਾਈ ਅਤੇ ਯੂਟਿਊਬ ਵਰਗੇ ਪਲੇਟਫਾਰਮਾਂ ਨੇ ਇਸ ਨੂੰ ਵਿਸ਼ਵ ਪੱਧਰ ਤੇ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਨਿਭਾਈ ਹੈ। 2022 ਵਿੱਚ ਪੰਜਾਬੀ ਗੀਤਾਂ ਨੇ ਭਾਰਤ ਵਿੱਚ ਸਭ ਤੋਂ ਵੱਧ ਸਟ੍ਰੀਮ ਕੀਤੇ ਗਏ ਗੀਤਾਂ ਵਿੱਚ ਆਪਣੀ ਜਗ੍ਹਾ ਬਣਾਈ। ਉਦਾਹਰਨ ਵਜੋਂ, ਏਪੀ ਢਿੱਲੋਂ ਦਾ ਗੀਤ 'ਐਕਸਕਿਊਜ਼' ਨੇ ਭਾਰਤ ਵਿੱਚ ਸਭ ਤੋਂ ਵੱਧ ਸਟ੍ਰੀਮ ਕੀਤੇ ਗਏ ਗੀਤ ਵਜੋਂ ਨਾਮ ਕਮਾਇਆ। ਇਸ ਤੋਂ ਇਲਾਵਾ, ਸਿੱਧੂ ਮੂਸੇ ਵਾਲੇ ਦਾ ਐਲਬਮ 'ਮੂਸਟੇਪ' ਨੇ ਵੀ ਰਿਕਾਰਡ ਤੋੜੇ ਹਨ। ਇਹਨਾਂ ਗੀਤਾਂ ਨੇ ਨਾ ਸਿਰਫ ਭਾਰਤ ਵਿੱਚ ਬਲਕਿ ਵਿਦੇਸ਼ਾਂ ਵਿੱਚ ਵੀ ਧੂਮ ਮਚਾਈ ਹੈ। 2023 ਵਿੱਚ ਕੋਚੇਲਾ ਫੈਸਟੀਵਲ ਵਿੱਚ ਦਿਲਜੀਤ ਦੋਸਾਂਝ ਨੇ ਪਹਿਲੀ ਵਾਰ ਪੂਰੀ ਤਰ੍ਹਾਂ ਪੰਜਾਬੀ ਵਿੱਚ ਪ੍ਰਦਰਸ਼ਨ ਕੀਤਾ, ਜਿਸ ਨੇ ਵਿਸ਼ਵ ਭਰ ਵਿੱਚ ਪੰਜਾਬੀ ਸੰਗੀਤ ਨੂੰ ਨਵੀਂ ਪਛਾਣ ਦਿੱਤੀ।

2024 ਅਤੇ 2025 ਵਿੱਚ ਪੰਜਾਬੀ ਸੰਗੀਤ ਦੀ ਵਿਕਾਸ ਗਤੀ ਹੋਰ ਵੀ ਤੇਜ਼ ਹੋ ਗਈ। ਸਪੋਟੀਫਾਈ ਦੇ ਅਨੁਸਾਰ, ਪੰਜਾਬੀ ਸੰਗੀਤ ਨੇ ਭਾਰਤ ਵਿੱਚ ਹਿੰਦੀ ਅਤੇ ਅੰਗਰੇਜ਼ੀ ਸੰਗੀਤ ਨਾਲ ਮੁਕਾਬਲਾ ਕੀਤਾ ਅਤੇ ਵਿਦੇਸ਼ਾਂ ਵਿੱਚ ਵੀ ਟੌਪ ਚਾਰਟਸ ਵਿੱਚ ਜਗ੍ਹਾ ਬਣਾਈ ਹੈ। ਬਿਲਬੋਰਡ ਕੈਨੇਡਾ ਨੇ ਪੰਜਾਬੀ-ਕੈਨੇਡੀਅਨ ਕਲਾਕਾਰਾਂ ਨੂੰ ਆਪਣੇ ਕਵਰ 'ਤੇ ਫੀਚਰ ਕੀਤਾ, ਜਿਸ ਵਿੱਚ ਉਹਨਾਂ ਨੂੰ ਗਲੋਬਲ ਪ੍ਰਭਾਵ ਵਾਲੇ ਕਲਾਕਾਰ ਵਜੋਂ ਮਾਨਤਾ ਦਿੱਤੀ ਗਈ। ਇਸ ਨਾਲ ਪੰਜਾਬੀ ਸੰਗੀਤ ਨੇ ਲੈਟਿਨ ਅਤੇ ਕੇ-ਪੌਪ ਵਰਗੇ ਜੈਨਰਾਂ ਨਾਲ ਮੁਕਾਬਲਾ ਕੀਤਾ। 2025 ਵਿੱਚ ਪੰਜਾਬੀ ਹਿੱਪ-ਹੌਪ ਅਤੇ ਪੌਪ ਸੰਗੀਤ ਨੇ ਸਪੋਟੀਫਾਈ ਭਾਰਤ ਦੇ ਟੌਪ 30 ਸਭ ਤੋਂ ਵੱਧ ਮਸ਼ਹੂਰ ਹੋਏ ਗੀਤਾਂ ਵਿੱਚ 57% ਦਾ ਹਿੱਸਾ ਬਣਾਇਆ, ਜੋ ਪਿਛਲੇ ਸਾਲ (2024) ਨਾਲੋਂ ਵਧੇਰੇ ਸੀ।

ਕਲਾਕਾਰਾਂ ਦੇ ਯੋਗਦਾਨ ਬਾਰੇ ਗੱਲ ਕਰੀਏ ਤਾਂ ਦਿਲਜੀਤ ਸਿੰਘ ਦੋਸਾਂਝ ਨੇ ਪੰਜਾਬੀ ਸੰਗੀਤ ਨੂੰ ਗਲੋਬਲ ਪੱਧਰ 'ਤੇ ਲੈ ਕੇ ਗਿਆ ਹੈ। ਉਸ ਨੇ ਕੋਚੇਲਾ ਤੇ ਪ੍ਰਦਰਸ਼ਨ ਕੀਤਾ ਅਤੇ ਜਿੰਮੀ ਫੈਲਨ ਦੇ ਸ਼ੋਅ 'ਤੇ ਵੀ ਗਾਇਆ। ਉਸ ਦੇ ਗੀਤਾਂ ਜਿਵੇਂ 'ਵਾਟਰ' ਅਤੇ 'ਟੈਨਸ਼ਨ' ਨੇ ਅੰਤਰਰਾਸ਼ਟਰੀ ਚਾਰਟਸ ਵਿੱਚ ਜਗ੍ਹਾ ਬਣਾਈ। ਕਰਨ ਔਜਲਾ ਨੇ ਪੀ-ਪੌਪ ਕਲਚਰ ਨੂੰ ਨਵੀਂ ਉਚਾਈਆਂ ਦਿੱਤੀਆਂ ਅਤੇ ਉਸ ਨੇ ਇੱਕ ਮਸ਼ਹੂਰ ਕੈਨੇਡੀਅਨ ਪੰਜਾਬੀ ਮਿਊਜ਼ਿਕ ਪ੍ਰੋਡਿਊਸਰ ਇੱਕੀ ਨਾਲ ਮਿਲ ਕੇ ਪੰਜਾਬੀ ਬੀਟਾਂ ਨੂੰ ਗਲੋਬਲ ਹਿੱਟ ਬਣਾਇਆ। ਏਪੀ ਢਿੱਲਨ ਨੇ ਕੈਨੇਡਾ ਤੋਂ ਨਿਕਲ ਕੇ



ਪੰਜਾਬੀ ਸੰਗੀਤ ਨੂੰ ਨਵਾਂ ਫਿਊਜ਼ਨ ਦਿੱਤਾ ਅਤੇ ਉਸ ਦੇ ਗੀਤਾਂ ਜਿਵੇਂ 'ਅਫਸੋਸ' ਨੇ ਟੌਪ ਚਾਰਟਸ ਵਿੱਚ ਨਾਮ ਕਮਾਇਆ। ਸਿੱਧੂ ਮੂਸੇ ਵਾਲੇ ਨੇ ਪੰਜਾਬੀ ਰੈਪ ਨੂੰ ਨਵੀਂ ਪਛਾਣ ਦਿੱਤੀ ਅਤੇ ਉਸ ਦੇ ਗੀਤਾਂ ਜਿਵੇਂ '295' ਅਤੇ 'ਬਰਾਊਨ ਮੁੰਡੇ' ਨੇ ਵਿਸ਼ਵ ਭਰ ਵਿੱਚ ਪ੍ਰਸਿੱਧੀ ਹਾਸਲ ਕੀਤੀ। ਯੋ ਯੋ ਹਨੀ ਸਿੰਘ ਨੇ ਪੰਜਾਬੀ ਰੈਪ ਨੂੰ ਬੌਲੀਵੁੱਡ ਨਾਲ ਜੋੜਿਆ ਅਤੇ ਗਲੋਬਲ ਟ੍ਰੈਂਡ ਸੈੱਟ ਕੀਤੇ।

2022 ਤੋਂ 2025 ਤੱਕ ਪੰਜਾਬੀਆਂ ਦੀ ਸਥਿਤੀ ਬਹੁਤ ਮਜ਼ਬੂਤ ਰਹੀ ਹੈ। ਪੰਜਾਬੀ ਸੰਗੀਤ ਦਾ ਕਾਰੋਬਾਰ ਲਗਾਤਾਰ ਵਧਿਆ ਹੈ। ਅੰਕੜਿਆਂ ਅਨੁਸਾਰ, 2017-18 ਵਿੱਚ 48 ਕਰੋੜ ਰੁਪਏ ਦਾ ਕਾਰੋਬਾਰ ਸੀ ਜੋ 2024 ਵਿੱਚ 677 ਕਰੋੜ ਤੱਕ ਪਹੁੰਚ ਗਿਆ। 2025 ਵਿੱਚ ਨਵੰਬਰ ਤੱਕ 358 ਕਰੋੜ ਦਾ ਕਾਰੋਬਾਰ ਹੋ ਚੁੱਕਾ ਹੈ ਅਤੇ ਇਹ 700 ਕਰੋੜ ਤੋਂ ਪਾਰ ਜਾਣ ਦੀ ਸੰਭਾਵਨਾ ਹੈ। ਇਸ ਨਾਲ ਪੰਜਾਬੀ ਫਿਲਮਾਂ ਦੀ ਕਮਾਈ ਵੀ 2100 ਕਰੋੜ ਤੋਂ ਵੱਧ ਗਈ ਹੈ। ਪੰਜਾਬੀ ਕਲਾਕਾਰਾਂ ਨੇ ਸਿਆਸੀ ਖੇਤਰ ਵਿੱਚ ਵੀ ਪ੍ਰਵੇਸ਼ ਕੀਤਾ ਹੈ, ਜਿਵੇਂ ਭਗਵੰਤ ਮਾਨ ਮੁੱਖ ਮੰਤਰੀ ਬਣੇ ਅਤੇ ਹੋਰ ਕਈ ਵਿਧਾਇਕ ਬਣੇ। ਇਹ ਅੰਕੜੇ ਜੀਐਸਟੀ ਅਤੇ ਸੂਬਾ ਸਰਕਾਰ ਦੇ ਖਜ਼ਾਨੇ ਤੋਂ ਆਏ ਹਨ, ਜੋ ਪੰਜਾਬੀ ਸੰਗੀਤ ਦੀ ਆਰਥਿਕ ਮਜ਼ਬੂਤੀ ਨੂੰ ਦਰਸਾਉਂਦੇ ਹਨ।

### ਵਿਸ਼ਵ ਦੇ ਲੋਕ ਪੰਜਾਬੀ ਗਾਣੇ ਕਿਉਂ ਪਸੰਦ ਕਰ ਰਹੇ ਹਨ ?

ਇਸ ਦਾ ਕਾਰਨ ਇਸ ਦੀਆਂ ਊਰਜਾਵਾਨ ਬੀਟਾਂ, ਫਿਊਜ਼ਨ ਅਤੇ ਯੂਨੀਵਰਸਲ ਅਪੀਲ ਹੈ। ਤੁਹਾਨੂੰ ਪੰਜਾਬੀ ਭਾਸ਼ਾ ਨਹੀਂ ਆਉਣੀ ਚਾਹੀਦੀ, ਬੱਸ ਬੀਟਾਂ ਨੂੰ ਮਹਿਸੂਸ ਕਰੋ। ਇਹ ਜੀਵਨ, ਪਿਆਰ ਅਤੇ ਜਸ਼ਨ ਨੂੰ ਸੈਲੀਬ੍ਰੇਟ ਕਰਦਾ ਹੈ। ਡਾਇਸਪੋਰਾ ਨੇ ਇਸ ਨੂੰ ਨੌਜਵਾਨ ਪੀੜ੍ਹੀ ਲਈ ਪਛਾਣ ਤੇ ਸਭਿਆਚਾਰਕ ਪਛਾਣ ਬਣਾਇਆ ਹੈ। ਇਹ ਹਿੱਪ-ਹੌਪ, ਆਰ ਐਂਡ ਬੀ ਨਾਲ ਮਿਲ ਕੇ ਨਵਾਂ ਸਾਊਂਡਬਣਾਉਂਦਾਹੈ ਜੋ ਗਲੋਬਲ ਸਰੋਤਿਆਂ ਨੂੰ ਆਕਰਸ਼ਿਤ ਕਰਦਾ ਹੈ।

### ਕਿਹੜੇ ਦੇਸ਼ ਪੰਜਾਬੀ ਗਾਣੇ ਪਸੰਦ ਕਰਦੇ ਹਨ ?

ਕੈਨੇਡਾ ਵਿੱਚ ਪੰਜਾਬੀ ਡਾਇਸਪੋਰਾ ਸਭ ਤੋਂ ਵੱਡਾ ਹੈ ਅਤੇ ਇਹਨਾਂ ਨੇ ਪੰਜਾਬੀ ਸੰਗੀਤ ਨੂੰ ਨਵਾਂ ਸਾਊਂਡ ਦਿੱਤਾ ਹੈ। ਯੂਕੇ ਵਿੱਚ ਬ੍ਰਿਟਿਸ਼ ਪੰਜਾਬੀ ਬ੍ਰਿਟਿਸ਼ ਇੰਡੀਅਨ ਪੌਪੂਲੇਸ਼ਨ ਦਾ 45% ਹਿੱਸਾ ਹੈ। ਇਸੇ ਕਰਕੇ ਯੂਕੇ ਵਿਚ ਪੰਜਾਬੀ ਸੰਗੀਤ ਫੈਲਿਆ ਹੈ। ਅਮਰੀਕਾ ਵਿੱਚ ਨਿਊਯਾਰਕ ਅਤੇ ਨਿਊ ਜਰਸੀ ਵਿੱਚ ਪੰਜਾਬੀ ਈਨਕਲੇਵ ਨੇ ਇਸ ਨੂੰ ਪੌਪੂਲਰ ਬਣਾਇਆ। ਆਸਟ੍ਰੇਲੀਆ ਅਤੇ ਜਰਮਨੀ ਵਿੱਚ ਵੀ ਇਹ ਟ੍ਰੈਂਡ ਕਰ ਰਿਹਾ ਹੈ। ਭਾਰਤ ਵਿੱਚ ਤਾਂ ਇਹ ਪਹਿਲਾਂ ਹੀ ਟੌਪ 'ਤੇ ਹੈ।

### ਵਿਸ਼ਵ ਦੀਆਂ ਅਖਬਾਰਾਂ ਅਤੇ ਮੀਡੀਆ ਕੀ ਕਹਿੰਦੇ ਹਨ ?

ਸਪੋਟੀਫਾਈ ਨੇ ਕਿਹਾ ਕਿ ਪੰਜਾਬੀ ਸੰਗੀਤ ਨੇ ਵਿਸ਼ਵ ਭਰ ਵਿੱਚ ਆਪਣੀ ਪਹੁੰਚ



ਵਧਾਈ ਹੈ ਅਤੇ ਇਹ ਭਾਰਤ ਵਿੱਚ ਸਭ ਤੋਂ ਵੱਧ ਸਟ੍ਰੀਮ ਕੀਤੀ ਜਾਣ ਵਾਲੀ ਭਾਸ਼ਾ ਹੈ। ਬਿਲਬੋਰਡ ਨੇ ਕਿਹਾ ਕਿ ਕੈਨੇਡੀਅਨ ਪੰਜਾਬੀ ਕਲਾਕਾਰ ਗਲੋਬਲ ਪ੍ਰਭਾਵ ਪਾ ਰਹੇ ਹਨ। ਸੀਟੀਵੀ ਨਿਊਜ਼ ਨੇ ਕਿਹਾ ਕਿ ਪੰਜਾਬੀ ਸੰਗੀਤ ਦੁਨੀਆਂ ਨੂੰ ਤੂਫਾਨ ਵਿੱਚ ਲੈ ਰਿਹਾ ਹੈ ਅਤੇ ਇਸ ਦਾ ਨਵਾਂ ਸਾਊਂਡ ਕੈਨੇਡਾ ਵਿੱਚ ਬਣ ਰਿਹਾ ਹੈ। ਇੰਡੀਆ ਟੂਡੇ ਨੇ ਕਿਹਾ ਕਿ ਪੰਜਾਬੀ ਕਲਾਕਾਰ ਭਾਰਤ ਦੇ ਪਾਸਪੋਰਟ ਵਾਂਗ ਹਨ ਕਿਉਂਕਿ ਬੀਟਾਂ ਸਰਹੱਦਾਂ ਤੋੜਦੀਆਂ ਹਨ।

ਇਸ ਨਾਲ ਪੰਜਾਬੀ ਸੰਗੀਤ ਨੇ ਨਾ ਸਿਰਫ ਆਰਥਿਕ ਵਿਕਾਸ ਕੀਤਾ ਬਲਕਿ ਸੱਭਿਆਚਾਰਕ ਪ੍ਰਭਾਵ ਵੀ ਵਧਾਇਆ ਹੈ। ਨੌਜਵਾਨ ਪੀੜ੍ਹੀ ਇਸ ਨੂੰ ਆਪਣੀ ਆਈਡੈਂਟੀਟੀ ਵਜੋਂ ਅਪਣਾ ਰਹੀ ਹੈ ਅਤੇ ਇਹ ਭਵਿੱਖ ਵਿੱਚ ਹੋਰ ਵੀ ਵਧੇਗਾ। ਪੰਜਾਬੀ ਗਾਣਿਆਂ ਦੀਆਂ ਧੁਨਾਂ ਨੇ ਸੱਚ ਮੁਚ ਦੁਨੀਆਂ ਨੂੰ ਜਿੱਤ ਲਿਆ ਹੈ।

### ਗਲੋਬਲ ਪੰਜਾਬੀ ਸੰਗੀਤ ਵਿੱਚ ਸਤਿੰਦਰ ਸਿਰਤਾਜ ਦੀ ਭੂਮਿਕਾ

ਸਤਿੰਦਰ ਸਰਤਾਜ ਦਾ ਪੰਜਾਬੀ ਸੰਗੀਤ ਦੇ ਗਲੋਬਲ ਹੋਣ ਵਿੱਚ ਇੱਕ ਬਹੁਤ ਹੀ ਵੱਖਰਾ ਅਤੇ ਸਤਿਕਾਰਯੋਗ ਰੋਲ ਹੈ। ਜਿੱਥੇ ਦਿਲਜੀਤ ਅਤੇ ਏ.ਪੀ. ਢਿੱਲੋਂ ਵਰਗੇ ਕਲਾਕਾਰ ਆਪਣੀਆਂ ਬੀਟਾਂ ਅਤੇ ਪੌਪ ਸਟਾਈਲ ਲਈ ਜਾਣੇ ਜਾਂਦੇ ਹਨ, ਉੱਥੇ ਸਰਤਾਜ ਨੇ ਪੰਜਾਬੀ ਸ਼ਾਇਰੀ, ਸੂਫ਼ੀਵਾਦ ਅਤੇ ਸੱਭਿਆਚਾਰਕ ਸਾਦਗੀ ਨੂੰ ਵਿਸ਼ਵ ਪੱਧਰ 'ਤੇ ਸਥਾਪਿਤ ਕੀਤਾ ਹੈ।ਸਰਤਾਜ ਨੇ ਸਾਬਤ ਕੀਤਾ ਕਿ ਪੰਜਾਬੀ ਸੰਗੀਤ ਸਿਰਫ਼ ਸ਼ੋਰ ਜਾਂ ਉੱਚੀਆਂ ਬੀਟਾਂ ਤੱਕ ਸੀਮਿਤ ਨਹੀਂ ਹੈ। ਉਸ ਨੇ ਪੰਜਾਬੀ ਭਾਸ਼ਾ ਦੀ ਸ਼ੁੱਧਤਾ ਅਤੇ ਗੰਭੀਰਤਾ ਨੂੰ ਵਿਦੇਸ਼ੀ ਸਰੋਤਿਆਂ ਤੱਕ ਪਹੁੰਚਾਇਆ। ਉਸ ਦੇ ਲਿਖੇ ਸ਼ਬਦ ਪੰਜਾਬ ਦੀ ਰੂਹ ਅਤੇ ਇਤਿਹਾਸ ਦੀ ਗੱਲ ਕਰਦੇ ਹਨ।ਸਤਿੰਦਰ ਸਰਤਾਜ ਉਹਨਾਂ ਚੋਣਵੇਂ ਭਾਰਤੀ ਕਲਾਕਾਰਾਂ ਵਿੱਚੋਂ ਇੱਕ ਹੈ ਜਿਸ ਨੇ ਦੁਨੀਆ ਦੇ ਸਭ ਤੋਂ ਵੱਕਾਰੀ ਸਟੇਜਾਂ 'ਤੇ ਪ੍ਰਦਰਸ਼ਨ ਕੀਤਾ ਹੈ: ਲੰਡਨ ਦੇ ਰਾਇਲ ਅਲਬਰਟ ਹਾਲ ਵਿੱਚ ਉਸ ਦਾ ਕੰਸਰਟ ਇੱਕ ਇਤਿਹਾਸਕ ਘਟਨਾ ਸੀ।

ਉਸ ਨੇ ਸਿਡਨੀ ਓਪੇਰਾ ਹਾਊਸ ਵਰਗੀਆਂ ਥਾਵਾਂ 'ਤੇ ਪੰਜਾਬੀ ਕਵਿਤਾ ਅਤੇ ਗਾਇਕੀ ਪਹੁੰਚਾਈ, ਜਿੱਥੇ ਸਿਰਫ਼ ਚੋਟੀ ਦੇ ਗਲੋਬਲ ਕਲਾਕਾਰ ਹੀ ਪਹੁੰਚ ਸਕਦੇ ਹਨ।

ਸਰਤਾਜ ਨੇ ਹਾਲੀਵੁੱਡ ਫਿਲਮ "ਦੀ ਬਲੈਕ ਪ੍ਰਿੰਸ" ਵਿੱਚ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾ ਕੇ ਪੰਜਾਬੀ ਇਤਿਹਾਸ ਨੂੰ ਵਿਸ਼ਵ ਸਿਨੇਮਾ ਤੱਕ ਪਹੁੰਚਾਇਆ। ਇਸ ਨਾਲ ਪੰਜਾਬੀ ਕਲਾਕਾਰ ਦੀ ਪਛਾਣ ਇੱਕ ਗਲੋਬਲ ਐਕਟਰ ਵਜੋਂ ਵੀ ਬਣੀ।

ਗਲੋਬਲ ਪੱਧਰ 'ਤੇ ਪੰਜਾਬੀ ਸੰਗੀਤ 'ਤੇ ਅਕਸਰ 'ਗੰਨ ਕਲਚਰ' ਜਾਂ 'ਸ਼ਰਾਬ' ਦੇ ਇਲਜ਼ਾਮ ਲੱਗਦੇ ਹਨ, ਪਰ ਸਰਤਾਜ ਨੇ ਇੱਕ ਅਜਿਹਾ ਸਾਫ਼-ਸੁਥਰਾ ਅਕਸ ਪੇਸ਼ ਕੀਤਾ ਜਿਸ ਨੂੰ ਪੂਰਾ ਪਰਿਵਾਰ ਇਕੱਠੇ ਬੈਠ ਕੇ ਸੁਣ ਸਕਦਾ ਹੈ। ਉਸ ਦੇ ਗੀਤ 'ਸਾਈਂ', 'ਉਡਾਰੀ'



ਅਤੇ 'ਤੇਰੇ ਵਾਸਤੇ' ਰੂਹਾਨੀਅਤ ਦੀ ਮਿਸਾਲ ਹਨ।

### ਫੀਮੇਲ ਆਰਟਿਸਟਾਂ ਦਾ ਉਭਾਰ

ਪੰਜਾਬੀ ਸੰਗੀਤ ਦੇ ਗਲੋਬਲ ਹੋਣ ਦੀ ਕਹਾਣੀ ਮਹਿਲਾ ਕਲਾਕਾਰਾਂ ਦੇ ਜ਼ਿਕਰ ਤੋਂ ਬਿਨਾਂ ਅਧੂਰੀ ਹੈ। ਨਿਮਰਤ ਖਹਿਰਾ ਦੀ ਸਾਦਗੀ ਤੋਂ ਲੈ ਕੇ ਜੈਸਮੀਨ ਸੈਂਡਲਸ ਦੇ ਬੋਲਡ ਅੰਦਾਜ਼ ਤੱਕ, ਇਹਨਾਂ ਧੀਆਂ ਨੇ ਸਾਬਤ ਕੀਤਾ ਹੈ ਕਿ ਪੰਜਾਬੀ ਸੰਗੀਤ ਦੀ ਗੂੰਜ ਵਿੱਚ ਔਰਤਾਂ ਦੀ ਆਵਾਜ਼ ਵੀ ਬਰਾਬਰ ਦੀ ਹਿੱਸੇਦਾਰ ਹੈ। ਇਹਨਾਂ ਕਲਾਕਾਰਾਂ ਨੇ ਪੰਜਾਬੀ ਸੱਭਿਆਚਾਰ ਅਤੇ ਫੈਸ਼ਨ ਨੂੰ ਸੱਤ ਸਮੁੰਦਰੋਂ ਪਾਰ ਇੱਕ ਨਵੀਂ 'ਗਲੋਬਲ ਆਈਡੈਂਟੀਟੀ' ਦਿੱਤੀ ਹੈ।ਮਹਿਲਾ ਕਲਾਕਾਰਾਂ ਨੇ ਸੋਸ਼ਲ ਮੀਡੀਆ ਦੀ ਵਰਤੋਂ ਬਹੁਤ ਪ੍ਰਭਾਵਸ਼ਾਲੀ ਢੰਗ ਨਾਲ ਕੀਤੀ ਹੈ। ਅੱਜ ਪੰਜਾਬੀ ਫੀਮੇਲ ਸਿੰਗਰਜ਼ ਸਿਰਫ਼ ਗਾਇਕਾਵਾਂ ਹੀ ਨਹੀਂ, ਸਗੋਂ ਫੈਸ਼ਨ ਆਈਕਨ ਵੀ ਬਣ ਚੁੱਕੀਆਂ ਹਨ, ਜੋ ਪੰਜਾਬੀ ਪਹਿਰਾਵੇ (ਸੂਟ ਅਤੇ ਫੁਲਕਾਰੀ) ਨੂੰ ਵਿਸ਼ਵ ਪੱਧਰ 'ਤੇ ਪ੍ਰਮੋਟ ਕਰ ਰਹੀਆਂ ਹਨ। ਸਪੋਟੀਫਾਈ ਦੀ ਰਿਪੋਰਟ ਅਨੁਸਾਰ, ਪਿਛਲੇ 3 ਸਾਲਾਂ ਵਿੱਚ ਪੰਜਾਬੀ ਮਹਿਲਾ ਕਲਾਕਾਰਾਂ ਦੇ ਸਟ੍ਰੀਮਿੰਗ ਨੰਬਰਾਂ ਵਿੱਚ 150% ਤੋਂ ਵੱਧ ਦਾ ਵਾਧਾ ਹੋਇਆ ਹੈ। ਉਹਨਾਂ ਦੀ ਸੁਣਨ ਵਾਲੀ ਆਡੀਅੰਸ ਵਿੱਚ ਹੁਣ ਭਾਰਤ ਤੋਂ ਇਲਾਵਾ ਕੈਨੇਡਾ, ਆਸਟ੍ਰੇਲੀਆ ਅਤੇ ਯੂਕੇ ਦੇ ਸਰੋਤੇ ਮੁੱਖ ਹਨ।

ਨਿਮਰਤ ਖਹਿਰਾ, ਜੈਸਮੀਨ ਸੈਂਡਲਸ, ਸੁਨੰਦਾ ਸ਼ਰਮਾ ਅਤੇ ਜੈਸਮੀਨ ਅਖ਼ਤਰ ਵਰਗੀਆਂ ਗਾਇਕਾਵਾਂ ਨੇ ਵੀ ਗਲੋਬਲ ਚਾਰਟਸ ਵਿੱਚ ਆਪਣੀ ਜਗ੍ਹਾ ਬਣਾਈ ਹੈ। ਨਿਮਰਤ ਖਹਿਰਾ ਦੀ ਐਲਬਮ 'ਸ਼ਿਕਵਾ' ਅਤੇ ਹੋਰ ਗੀਤਾਂ ਨੇ ਵਿਸ਼ਵ ਪੱਧਰ 'ਤੇ ਪ੍ਰਸਿੱਧੀ ਖੱਟੀ। ਨਿਊਯਾਰਕ ਦੇ ਟਾਈਮ ਸਕੁਏਅਰ ਦੇ ਬਿਲਬੋਰਡ 'ਤੇ ਫੀਚਰ ਹੋਣਾ ਉਹਨਾਂ ਦੀ ਵੱਡੀ ਪ੍ਰਾਪਤੀ ਸੀ। 'ਪਟਾਕੇ' ਅਤੇ 'ਮੂਮੀ' ਵਰਗੇ ਗੀਤਾਂ ਰਾਹੀਂ ਸੁਨੰਦਾ ਸ਼ਰਮਾ ਨੇ ਪੰਜਾਬੀ ਫੀਮੇਲ ਪੌਪ ਕਲਚਰ ਨੂੰ ਗਲੋਬਲ ਪੱਧਰ 'ਤੇ ਪਛਾਣ ਦਿਵਾਈ। ਉਹ ਲੰਡਨ ਅਤੇ ਕੈਨੇਡਾ ਵਿੱਚ ਸਭ ਤੋਂ ਵੱਧ ਪਸੰਦ ਕੀਤੀ ਜਾਣ ਵਾਲੀ ਫੀਮੇਲ ਪਰਫਾਰਮਰ ਬਣ ਕੇ ਉਭਰੀ ਹੈ। ਗੁਲਾਬੀ ਕੁਈਨ ਦੇ ਨਾਮ ਨਾਲ ਮਸ਼ਹੂਰ ਜੈਸਮੀਨ ਨੇ ਪੰਜਾਬੀ ਸੰਗੀਤ ਵਿੱਚ ਇੱਕ ਨਵਾਂ ਅਤੇ ਬੋਲਡ ਸਟਾਈਲ ਲਿਆਂਦਾ। ਉਹਨਾਂ ਦੇ ਗੀਤਾਂ ਵਿੱਚ ਪੱਛਮੀ ਸੰਗੀਤ ਅਤੇ ਪੰਜਾਬੀ ਰੂਹ ਦਾ ਸੁਮੇਲ ਹੁੰਦਾ ਹੈ, ਜੋ ਡਾਇਸਪੋਰਾ (ਵਿਦੇਸ਼ਾਂ ਵਿੱਚ ਬੈਠੇ ਨੌਜਵਾਨਾਂ) ਨੂੰ ਬਹੁਤ ਆਕਰਸ਼ਿਤ ਕਰਦਾ ਹੈ।

ਕੌਰ ਬੀ ਨੇ ਆਪਣੀ ਭਾਰੀ ਅਤੇ ਪਰੰਪਰਾਗਤ ਆਵਾਜ਼ ਰਾਹੀਂ ਪੰਜਾਬੀ ਲੋਕ-ਤੱਤਾਂ ਨੂੰ ਜਿਉਂਦਾ ਰੱਖਿਆ ਅਤੇ ਅੰਤਰਰਾਸ਼ਟਰੀ ਸਟੇਜਾਂ 'ਤੇ ਪੇਸ਼ ਕੀਤਾ ਹੈ।

ਜੈਸਮੀਨ ਅਖ਼ਤਰ ਨੇ ਦੁਗਾਣਾ ਗਾਇਕੀ ਅਤੇ ਪੰਜਾਬੀ ਅਖਾੜਿਆਂ ਦੀ ਰਵਾਇਤ ਨੂੰ ਗਲੋਬਲ ਪਲੇਟਫਾਰਮਾਂ (ਜਿਵੇਂ ਕਿ ਸਪੋਟੀਫਾਈ ਅਤੇ ਯੂ ਟਿਊਬ) 'ਤੇ ਮੁੜ ਸੁਰਜੀਤ ਕੀਤਾ ਹੈ।

ਸੂਫੀ ਗਾਇਕੀ ਦੇ ਖੇਤਰ ਵਿੱਚ ਨੂਰਾਂ ਸਿਸਟਰਜ਼ ਦੀ ਵਿਲੱਖਣ ਸ਼ੈਲੀ ਨੇ ਹਾਲੀਵੁੱਡ ਅਤੇ ਬੌਲੀਵੁੱਡ ਤੱਕ ਪਹੁੰਚ ਬਣਾਈ ਹੈ।

### ਚੜ੍ਹਦੇ ਪੰਜਾਬ ਦੀ ਗਲੋਬਲ ਸੰਗੀਤ ਵਿੱਚ ਭੂਮਿਕਾ

ਪੰਜਾਬੀ ਸੰਗੀਤ ਨੂੰ ਗਲੋਬਲ ਬ੍ਰਾਂਡ ਬਣਾਉਣ ਵਿੱਚ ਸਰਹੱਦ ਦੇ ਉਸ ਪਾਰ, ਯਾਨੀ ਚੜ੍ਹਦੇ ਪੰਜਾਬ (ਪਾਕਿਸਤਾਨ) ਦੇ ਗਾਇਕਾਂ ਦਾ ਯੋਗਦਾਨ ਬਹੁਤ ਵੱਡਾ ਹੈ। ਪੰਜਾਬੀ ਸੰਗੀਤ ਦੀ ਖ਼ੂਬਸੂਰਤੀ ਇਹ ਹੈ ਕਿ ਇਸ ਦੀਆਂ ਧੁਨਾਂ ਨੇ ਕਦੇ ਸਰਹੱਦਾਂ ਨੂੰ ਨਹੀਂ ਮੰਨਿਆ।

(ਬਾਕੀ ਸਫ਼ਾ 27 'ਤੇ)

## ਅਮਰੀਕਾ ਵਿੱਚ ਆਰ.ਐਸ.ਐਸ. ਦੀ ਲਾਬਿੰਗ ਫਰਮ

ਨਹੀਂ ਹੋਈ ਅਤੇ ਨਾ ਹੀ ਅਮਰੀਕੀ ਅਥਾਰਟੀਆਂ ਵੱਲੋਂ ਕੋਈ ਜਾਂਚ ਜਾਂ ਕਾਰਵਾਈ ਦੀ ਜਾਣਕਾਰੀ ਹੈ। ਪਰ ਇੱਕ ਪਟੀਸ਼ਨ ਜਾਂ ਯਾਚਿਕਾ ਅਮਰੀਕੀ ਨਿਆਂ ਵਿਭਾਗ ਕੋਲ ਦਾਇਰ ਕੀਤੀ ਗਈ ਹੈ ਜਿਸ ਵਿੱਚ ਆਰਐੱਸਐੱਸ, ਸਕਵਾਇਰ ਪੈਟਨ ਬੌਗਸ, ਵਨ+ ਸਟ੍ਰੈਟਜੀਜ਼ ਅਤੇ ਸੰਬੰਧਿਤ ਪਾਰਟੀਆਂ ਵਿਰੁੱਧ ਫਰਾ ਉਲੰਘਣ ਦੀ ਜਾਂਚ ਦੀ ਮੰਗ ਕੀਤੀ ਗਈ ਹੈ।ਆਲੋਚਕਾਂ ਨੇ ਇਸ ਨੂੰ ਵਿਦੇਸ਼ੀ ਪ੍ਰਭਾਵ ਅਤੇ ਟੈਕਸ-ਫ੍ਰੀ ਸਟੇਟਸ ਦੀ ਦੁਰਵਰਤੋਂ ਵਜੋਂ ਵੇਖਿਆ ਹੈ। ਭਾਰਤ ਵਿੱਚ ਵਿਰੋਧੀ ਆਗੂਆਂ ਅਤੇ ਸਾਬਕਾ ਅਧਿਕਾਰੀਆਂ (ਜਿਵੇਂ ਈ.ਏ.ਐੱਸ. ਸ਼ਰਮਾ) ਨੇ ਇਨਕਮ ਟੈਕਸ ਅਤੇ ਈਡੀ ਤੋਂ ਜਾਂਚ ਦੀ ਮੰਗ ਕੀਤੀ ਹੈ।

**ਵਿਸ਼ਵ ਦੀਆਂ ਅਖ਼ਬਾਰਾਂ ਅਤੇ ਮਾਹਿਰ ਕੀ ਕਹਿ ਰਹੇ ਹਨ ?**

ਪ੍ਰਿਜ਼ਮ ਰਿਪੋਰਟਸ (ਮੁੱਖ ਸਰੋਤ): ਇਸ ਨੂੰ ਆਰ.ਐੱਸ.ਐੱਸ. ਦੀ ਪਹਿਲੀ ਅਮਰੀਕੀ ਲਾਬਿੰਗ ਅਤੇ ਫਰਾ ਤੋਂ ਬਚਣ ਦੀ ਕੋਸ਼ਿਸ਼ ਵਜੋਂ ਵੇਖਦੇ ਹਨ। ਰਿਪੋਰਟ ਨੇ ਵਿਵਾਦ ਖੜ੍ਹਾ ਕੀਤਾ ਅਤੇ ਲਾਬਿੰਗ ਖਤਮ ਹੋਣ ਦਾ ਕਾਰਨ ਬਣਿਆ।

ਹਿੰਦੁਸਤਾਨ ਟਾਈਮਜ਼ (ਜਨਵਰੀ 2026): ਫਰਮ ਨੇ ਆਰ.ਐੱਸ.ਐੱਸ. ਨੂੰ ਕਲਾਇੰਟ ਨਾ ਮੰਨਣ ਅਤੇ ਵਿਵੇਕ ਸ਼ਰਮਾ ਨੂੰ ਬਣਾਉਣ ਦੀ ਗੱਲ ਕਹੀ, ਪਰ ਆਰਐੱਸਐੱਸ ਨੇ ਹਮੇਸ਼ਾ ਇਨਕਾਰ ਕੀਤਾ।

ਬਾਜ਼ ਨਿਊਜ਼ ਅਤੇ ਮੁਸਲਿਮ ਮਿਰਰ: ਅਮਰੀਕੀ ਵਿਦੇਸ਼ੀ ਪ੍ਰਭਾਵ ਕਾਨੂੰਨਾਂ ਵਿੱਚ ਕਮੀਆਂ ਨੂੰ ਉਜਾਗਰ ਕਰਦੇ ਹਨ ਅਤੇ ਇਸ ਨੂੰ ਹਿੰਦੂ ਨੈਸ਼ਨਲਿਸਟ ਗਰੁੱਪ ਵੱਲੋਂ ਇਮੇਜ ਵਾਈਟਵਾਸ਼ ਕਰਨ ਦੀ ਕੋਸ਼ਿਸ਼ ਮੰਨਦੇ ਹਨ।

ਐਕਸ਼ਨ ਨੈੱਟਵਰਕ ਪਟੀਸ਼ਨ: ਅਮਰੀਕੀ ਕਾਂਗਰਸ ਨੂੰ ਉਲੰਘਣ ਅਤੇ ਟੈਕਸ-ਫ੍ਰੀ ਸਟੇਟਸ ਦੀ ਜਾਂਚ ਲਈ ਮੰਗ ਕੀਤੀ।

ਆਰ.ਐੱਸ.ਐੱਸ. ਨੇ ਹਮੇਸ਼ਾ ਇਨਕਾਰ ਕੀਤਾ ਕਿ ਉਸ ਨੇ ਕਿਸੇ ਲਾਬਿੰਗ ਫਰਮ ਨੂੰ ਨਿਯੁਕਤ ਨਹੀਂ ਕੀਤਾ ਅਤੇ ਭਾਰਤ ਵਿੱਚ ਹੀ ਕੰਮ ਕਰਦਾ ਹੈ। ਪਰ ਅਧਿਕਾਰਤ ਅਮਰੀਕੀ ਫਾਈਲਿੰਗਾਂ ਅਤੇ ਜਾਂਚਾਂ ਨੇ ਵਿਵਾਦ ਨੂੰ ਹੋਰ ਤੇਜ਼ ਕਰ ਦਿੱਤਾ ਹੈ। ਇਹ ਮਾਮਲਾ ਅਜੇ ਵੀ ਅਣਸੁਲਝਿਆ ਹੈ ਅਤੇ ਫਰਾ ਉਲੰਘਣ ਜਾਂ ਫੰਡਿੰਗ ਸਰੋਤਾਂ 'ਤੇ ਵਧੇਰੇ ਜਾਂਚ ਦੀ ਲੋੜ ਹੈ।

***

## ਚੀਨ 'ਤੇ 2020 'ਚ ਗੁਪਤ ਪ੍ਰਮਾਣੂ

ਭਾਰਤ ਨਾਲੋਂ ਚਾਰ ਗੁਣਾ ਜ਼ਿਆਦਾ ਤੇਜ਼ੀ ਨਾਲ। ਸੈਟੇਲਾਈਟ ਇਮੇਜਰੀ ਵਿੱਚ 2020 ਤੋਂ ਚੀਨੀ ਸਥਾਈ ਬਣਤਰਾਂ ਵਿੱਚ ਦਸ ਗੁਣਾ ਵਾਧਾ ਦਿਖਾਇਆ ਗਿਆ ਹੈ। ਚੀਨ ਨੇ ਫੌਰਵਰਡ ਪੋਜ਼ੀਸ਼ਨਾਂ ਤੋਂ ਫੌਜ ਘਟਾਈ ਹੈ ਪਰ ਇਨਫਰਾਸਟ੍ਰਕਚਰ ਨਾਲ ਉਹ ਜਲਦੀ ਫੌਜ ਭੇਜ ਸਕਦਾ ਹੈ। ਹਾਲਾਂਕਿ ਕੋਈ ਵੱਡੀ ਟੈਂਕ ਮੂਵਮੈਂਟ ਜਾਂ ਹਮਲੇ ਦੀ ਤਾਜ਼ਾ ਰਿਪੋਰਟ ਨਹੀਂ ਹੈ, ਪਰ ਚੀਨ ਦੇ ਟਾਈਪ 15 ਲਾਈਟ ਟੈਂਕ ਅਤੇ ਟਾਈਪ 992 ਵਰਗੇ ਨਵੇਂ ਟੈਂਕ ਹਾਈ-ਐਲਟੀਚਿਊਡ ਲਈ ਤਿਆਰ ਕੀਤੇ ਜਾ ਰਹੇ ਹਨ ਜੋ ਭਾਰਤੀ ਸਰਹੱਦ ਲਈ ਖਤਰਨਾਕ ਹੋ ਸਕਦੇ ਹਨ।

ਅਮਰੀਕਾ ਨੇ ਚੀਨ 'ਤੇ 2020 ਵਿੱਚ ਗੁਪਤ ਪਰਮਾਣੂ ਟੈਸਟ ਦਾ ਇਲਜ਼ਾਮ ਲਾਇਆ ਹੈ। ਅਮਰੀਕੀ ਅੰਡਰ ਸੈਕਰਟਰੀ ਥਾਮਸ ਡਿਨਾਨੋ ਨੇ ਜਿਨੇਵਾ ਵਿੱਚ ਡਿਸਆਰਮਾਮੈਂਟ ਕਾਨਫਰੰਸ ਵਿੱਚ ਕਿਹਾ ਕਿ ਚੀਨ ਨੇ 22 ਜੂਨ 2020 ਨੂੰ ਯੀਲਡ ਪ੍ਰੋਡਿਊਸਿੰਗ ਨਿਊਕਲੀਅਰ ਟੈਸਟ ਕੀਤਾ, ਜੋ ਗਲਵਾਨ ਝੜਪ (15 ਜੂਨ 2020) ਤੋਂ ਬਾਅਦ ਹੀ ਹੋਇਆ। ਅਮਰੀਕਾ ਦਾ ਅਨੁਮਾਨ ਹੈ ਕਿ 2030 ਤੱਕ ਚੀਨ ਕੋਲ 1000 ਤੋਂ ਵੱਧ ਨਿਊਕਲੀਅਰ ਵਾਰਹੈੱਡ ਹੋਣਗੇ।ਪਰ ਚੀਨ ਨੇ ਇਸ ਤੋਂ ਇਨਕਾਰ ਕੀਤਾ ਹੈ। ਅੰਤਰਰਾਸ਼ਟਰੀ ਮਾਨੀਟਰ ਨੇ ਕਿਹਾ ਕਿ ਇਸ ਇਲਜ਼ਾਮ ਲਈ ਕੋਈ ਸਬੂਤ ਨਹੀਂ ਮਿਲੇ।

ਯਾਦ ਰਹੇ ਕਿ ਭਾਰਤ ਕੋਲ ਲਗਭਗ 170 ਨਿਊਕਲੀਅਰ ਹਥਿਆਰ ਹਨ ਜਦਕਿ ਚੀਨ ਦੀ ਤਾਕਤ ਤੇਜ਼ੀ ਨਾਲ ਵਧ ਰਹੀ ਹੈ। ਸਾਬਕਾ ਆਰਮੀ ਚੀਫ ਜਨਰਲ ਐੱਮ.ਐੱਮ. ਨਰਵਾਣੇ ਦੀ ਅਣਪਬਲਿਸ਼ਡ ਕਿਤਾਬ 'ਫੋਰ ਸਟਾਰਜ਼ ਆਫ ਡੈਸਟਿਨੀ' ਵਿੱਚ 31 ਅਗਸਤ 2020 ਦੌਰਾਨ ਚੀਨੀ ਟੈਂਕਾਂ ਦੇ ਅੱਗੇ ਵਧਣ ਦਾ ਜ਼ਿਕਰ ਹੈ। ਉਨ੍ਹਾਂ ਨੇ ਉੱਪਰੋਂ ਆਦੇਸ਼ ਮੰਗੇ ਪਰ ਦੋ ਘੰਟੇ ਬਾਅਦ ਰੱਖਿਆ ਮੰਤਰੀ ਨੇ ਕਿਹਾ 'ਜੋ ਉਚਿਤ ਸਮਝੋ ਉਹ ਕਰੋ'। ਭਾਰਤੀ ਫੌਜ ਨੇ ਬਰਫ਼ ਨਾਲ ਢੱਕੇ ਇਲਾਕੇ ਵਿੱਚ ਨੀਤੀ ਨਾਲ ਚੀਨ ਦੇ ਟੈਂਕ ਰੋਕ ਲਏ, ਪਰ ਇਹ ਘਟਨਾ ਇਹ ਵੀ ਉਜਾਗਰ ਕਰਦੀ ਹੈ ਕਿ ਰਾਜਨੀਤਿਕ ਪੱਧਰ 'ਤੇ ਫੈਸਲੇ ਦੀ ਕਮੀ ਅਤੇ ਅਨਿਸ਼ਚਿਤਤਾ ਸੀ। ਇਹ ਕਿਤਾਬ ਅਜੇ ਕਲੀਅਰੈਂਸ ਲਈ ਪੈਂਡਿੰਗ ਹੈ,ਇਸ ਉਪਰ ਪਾਬੰਦੀ ਹੈ ਅਤੇ ਭਾਰਤੀ ਪਾਰਲੀਮੈਂਟ ਵਿੱਚ ਇਸ ਬਾਰੇ ਵਿਵਾਦ ਵੀ ਹੋਇਆ ਸੀ। ਸਾਬਕਾ ਫ਼ੌਜ ਮੁਖੀ ਐਮ.ਐਮ. ਨਰਵਾਣੇ ਦੀ ਕਿਤਾਬ ਨੂੰ ਸੰਸਦ 'ਚ ਮਕਰ ਦਵਾਰ ਦੇ ਬਾਹਰ ਉਨ੍ਹਾਂ ਸੰਬੰਧਿਤ ਕਿਤਾਬ ਪੱਤਰਕਾਰਾਂ ਨੂੰ ਵਿਖਾਉਂਦਿਆਂ ਕਿਹਾ ਸੀ ਕਿ ਜੇਕਰ ਅੱਜ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਆਏ ਤਾਂ ਉਹ ਉਨ੍ਹਾਂ ਨੂੰ ਇਹ ਕਿਤਾਬ ਦੇਣਗੇ। ਰਾਹੁਲ ਗਾਂਧੀ ਨੇ ਕਿਤਾਬ ਦਾ ਉਹ ਸਫ਼ਾ ਵੀ ਖੋਲ੍ਹ ਕੇ ਵਿਖਾਇਆ, ਜਿਸ 'ਚ ਲਿਖਿਆ ਸੀ ਕਿ ਪ੍ਰਧਾਨ ਮੰਤਰੀ ਨੇ ਫ਼ੌਜ ਮੁਖੀ ਨੂੰ ਕਿਹਾ ਸੀ ਕਿ ਜੋ ਉੱਚਿਤ ਲੱਗੇ ਉਹ ਕਰੋ। ਰਾਹੁਲ ਨੇ ਕਿਹਾ ਕਿ ਜੇਕਰ ਪ੍ਰਧਾਨ ਮੰਤਰੀ ਆਉਂਦੇ ਹਨ ਤਾਂ ਉਹ ਖੁਦ ਜਾ ਕੇ ਇਹ ਕਿਤਾਬ ਸੌਂਪਣਗੇ, ਤਾਂ ਜੋ ਉਹ ਇਹ ਕਿਤਾਬ ਪੜ੍ਹ ਸਕਣ ਅਤੇ ਦੇਸ਼ ਨੂੰ ਇਸ ਬਾਰੇ ਪਤਾ ਲੱਗ ਸਕੇ। ਰਾਹੁਲ ਗਾਂਧੀ ਨੇ ਦੋਸ਼ ਲਾਉਂਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨੇ ਆਪਣੀ ਜ਼ਿੰਮੇਵਾਰੀ ਨਹੀਂ ਸਮਝੀ ਅਤੇ ਫ਼ੌਜ ਨੂੰ ਕਿਹਾ ਕਿ ਜੋ ਉੱਚਿਤ ਲੱਗੇ ਉਹ ਕਰੋ। ਉਨ੍ਹਾਂ ਅੱਗੇ ਕਿਹਾ ਕਿ ਨਰਵਾਣੇ ਨੇ ਆਪਣੀ ਕਿਤਾਬ 'ਚ ਲਿਖਿਆ ਹੈ ਕਿ ਉਹ (ਨਰਵਾਣੇ) ਉਸ ਵੇਲੇ ਖੁਦ ਨੂੰ ਬਿਲਕੁਲ ਇਕੱਲਾ ਮਹਿਸੂਸ ਕਰ ਰਹੇ ਸਨ ।

ਅੰਤਰਰਾਸ਼ਟਰੀ ਮੀਡੀਆ ਵਿੱਚ ਇਹ ਰਿਪੋਰਟਾਂ ਹਨ ਕਿ ਚੀਨ ਦੀ ਫ਼ੌਜੀ ਤਾਕਤ ਵਧ ਰਹੀ ਹੈ ਪਰ ਵੱਡਾ ਹਮਲਾ ਅਸੰਭਵ ਲੱਗਦਾ ਹੈ ਕਿਉਂਕਿ ਦੋਵੇਂ ਦੇਸ਼ਾਂ ਨੂੰ ਨੁਕਸਾਨ ਜ਼ਿਆਦਾ ਹੋਵੇਗਾ। ਅਮਰੀਕਾ ਭਾਰਤ ਨੂੰ ਚਿਤਾਵਨੀ ਦੇ ਰਿਹਾ ਹੈ ਤਾਂ ਜੋ ਭਾਰਤ ਅਮਰੀਕਾ ਨਾਲ ਨੇੜੇ ਆਵੇ ਅਤੇ ਚੀਨ ਵਿਰੋਧੀ ਗਠਜੋੜ ਮਜ਼ਬੂਤ ਕਰੇ। ਭਾਰਤ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ, ਫੌਜੀ ਤਿਆਰੀ ਵਧਾਉਣੀ ਚਾਹੀਦੀ ਹੈ ਅਤੇ ਡਿਪਲੋਮੈਸੀ ਨਾਲ ਵੀ ਤਣਾਅ ਘਟਾਉਣਾ ਚਾਹੀਦਾ ਹੈ।

***

## ਕੈਨੇਡਾ ਦੇ ਸਕੂਲ ਵਿੱਚ ਗੋਲੀਬਾਰੀ;

ਪੁਲਿਸ ਨੇ ਅਜੇ ਤੱਕ ਮ੍ਰਿਤਕਾਂ ਅਤੇ ਜ਼ਖ਼ਮੀਆਂ ਦੀ ਪਛਾਣ ਜਾਰੀ ਨਹੀਂ ਕੀਤੀ ਹੈ। ਕੈਨੇਡਾ ਦੇ ਸਕੂਲ ਵਿੱਚ ਹੋਈ ਗੋਲੀਬਾਰੀ ਦੀ ਗੋਲੀਬਾਰੀ ਦੀ ਇਸ ਘਟਨਾ ਨੇ ਆਮ ਲੋਕਾਂ ਦੀ ਸੁਰੱਖਿਆ ਬਾਰੇ ਵੱਡੀਆਂ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ।

ਟੰਬਲਰ ਰਿਜ ਵੈਨਕੂਵਰ ਤੋਂ 1,000 ਕਿਲੋਮੀਟਰ (600 ਮੀਲ) ਤੋਂ ਵੱਧ ਉੱਤਰ ਵਿੱਚ ਅਲਬਰਟਾ ਦੀ ਸਰਹੱਦ ਦੇ ਨੇੜੇ ਸਥਿਤ ਹੈ। ਸੂਬਾਈ ਸਰਕਾਰ ਦੀ ਵੈੱਬਸਾਈਟ ਟੰਬਲਰ ਰਿਜ ਸੈਕੰਡਰੀ ਸਕੂਲ ਵਿੱਚ 7ਵੀਂ ਤੋਂ 12ਵੀਂ ਜਮਾਤ ਤੱਕ ਦੇ 175 ਵਿਦਿਆਰਥੀ ਦਰਸਾਉਂਦੀ ਹੈ। ਕੈਨੇਡਾ ਵਿੱਚ ਸਕੂਲੀ ਗੋਲੀਬਾਰੀ ਦੀਆਂ ਘਟਨਾਵਾਂ ਬਹੁਤ ਘੱਟ ਹੁੰਦੀਆਂ ਹਨ।

****

## ਰਾਜਪਾਲ ਦੀ ਯਾਤਰਾ ਵਿੱਚ ਅਕਾਲੀ-ਭਾਜਪਾ ਆਗੂਆਂ

ਭਾਜਪਾ ਨੇਤਾ ਨਾਇਬ ਸਿੰਘ ਸੈਣੀ ਅਤੇ ਤਰਨ ਚੁੱਘ ਵਰਗੇ ਆਗੂਆਂ ਨੇ ਕਿਹਾ ਸੀ ਕਿ ਭਾਜਪਾ 2027 ਵਿੱਚ ਸਾਰੀਆਂ 117 ਸੀਟਾਂ 'ਤੇ ਇਕੱਲੇ ਲੜੇਗੀ। ਪਰ ਇਸ ਯਾਤਰਾ ਵਿੱਚ ਆਗੂਆਂ ਦੀ ਨੇੜਤਾ ਅਤੇ ਬੰਦ ਕਮਰੇ ਵਿੱਚ ਹੋਈ ਮੀਟਿੰਗ ਨੇ ਸਿਆਸੀ ਤਾਪਮਾਨ ਵਧਾ ਦਿੱਤਾ ਹੈ। ਕਾਂਗਰਸ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਇਸ ਨੂੰ 'ਸਮਝੌਤਾ ਐਕਸਪ੍ਰੈੱਸ' ਦੱਸ ਕੇ ਰਾਜਪਾਲ 'ਤੇ ਸਵਾਲ ਉਠਾਏ ਅਤੇ ਪੁੱਛਿਆ ਕਿ ਕੀ ਇਹ ਨਸ਼ਾ ਵਿਰੋਧੀ ਮੁਹਿੰਮ ਹੈ ਜਾਂ ਅਕਾਲੀ-ਭਾਜਪਾ ਗਠਜੋੜ ਲਈ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼।

**ਮਜੀਠੀਆ ਅਤੇ ਰਾਧਾ ਸਵਾਮੀ ਬਾਬੇ ਦਾ ਰੋਲ**

ਬਿਕਰਮ ਸਿੰਘ ਮਜੀਠੀਆ, ਜੋ ਬਾਦਲ ਦਲ ਵਿੱਚ ਮਹੱਤਵਪੂਰਨ ਹਨ ਅਤੇ ਹਾਲ ਹੀ ਵਿੱਚ ਜੇਲ੍ਹ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ ਕਾਰਣ ਰਹੇ ਸਨ, ਨੂੰ ਬਾਬਾ ਗੁਰਿੰਦਰ ਸਿੰਘ ਨੇ ਨਿਰਦੋਸ਼ ਦੱਸ ਕੇ ਸਮਰਥਨ ਦਿੱਤਾ ਸੀ। ਇਹ ਡੇਰੇ ਦੇ ਪ੍ਰਭਾਵ ਨੂੰ ਵਧਾਉਂਦਾ ਹੈ ਅਤੇ ਬਾਦਲ ਦਲ ਲਈ ਫਾਇਦੇਮੰਦ ਹੈ। ਬਾਬਾ ਗੁਰਿੰਦਰ ਸਿੰਘ ਦਾ ਰੋਲ ਇੱਕ ਵਿਚੋਲੇ ਜਾਂ ਬ੍ਰਿਜ ਵਰਗਾ ਲੱਗ ਰਿਹਾ ਹੈ, ਜੋ ਮਿਸ਼ਨਾਂ ਹਾਈਕਮਾਂਡ ਨਾਲ ਸੰਪਰਕ ਰੱਖਦੇ ਹਨ। ਉਨ੍ਹਾਂ ਦੀ ਹਾਜ਼ਰੀ ਨੇ ਯਾਤਰਾ ਨੂੰ ਧਾਰਮਿਕ ਅਤੇ ਸਮਾਜਿਕ ਰੰਗ ਦਿੱਤਾ ਪਰ ਇਸ ਨੂੰ ਰਾਜਨੀਤਿਕ ਵੀ ਬਣਾ ਦਿੱਤਾ।

**ਕੀ ਭਾਜਪਾ ਪੰਜਾਬ ਦੀ ਵਾਗਡੋਰ ਸੰਭਾਲੇਗੀ ?**

ਭਾਜਪਾ ਨੇ ਪੰਜਾਬ ਵਿੱਚ ਆਪਣੀ ਜੜ੍ਹਾਂ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਤੇਜ਼ ਕੀਤੀਆਂ ਹਨ ਅਤੇ 2027 ਵਿੱਚ ਇਕੱਲੇ ਲੜਨ ਦਾ ਐਲਾਨ ਕੀਤਾ ਹੈ। ਪਰ ਅਕਾਲੀ ਦਲ ਨਾਲ ਗਠਜੋੜ ਨਾਲ ਉਨ੍ਹਾਂ ਨੂੰ ਸਿੱਖ ਵੋਟਾਂ ਅਤੇ ਦਿਹਾਤੀ ਖੇਤਰਾਂ ਵਿੱਚ ਫਾਇਦਾ ਹੋ ਸਕਦਾ ਹੈ। ਫਿਲਹਾਲ ਭਾਜਪਾ ਦਾ ਫੋਕਸ ਆਪਣੇ ਸੰਗਠਨ ਨੂੰ ਮਜ਼ਬੂਤ ਕਰਨਾ ਹੈ ਅਤੇ ਉਹ ਪੂਰੀਆਂ ਸੀਟਾਂ 'ਤੇ ਲੜਨਾ ਚਾਹੁੰਦੀ ਹੈ। ਪਰ ਇਸ ਤਰ੍ਹਾਂ ਦੀਆਂ ਘਟਨਾਵਾਂ ਨਾਲ ਗਠਜੋੜ ਦੀ ਸੰਭਾਵਨਾ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ।

**'ਆਪ' ਕਿਉਂ ਰੈਲੀ ਤੋਂ ਦੂਰ ਰਹੀ ?**

ਸੱਤਾਧਾਰੀ ਆਮ ਆਦਮੀ ਪਾਰਟੀ (ਆਪ) ਅਤੇ ਕਾਂਗਰਸ ਨੇ ਇਸ ਯਾਤਰਾ ਤੋਂ ਦੂਰੀ ਬਣਾਈ ਰੱਖੀ। ਆਪ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਪ੍ਰੈੱਸ ਕਾਨਫਰੰਸ ਕਰਕੇ ਰਾਜਪਾਲ 'ਤੇ ਤਿੱਖਾ ਹਮਲਾ ਬੋਲਿਆ ਅਤੇ ਕਿਹਾ ਕਿ ਯਾਤਰਾ ਸਮਾਨਾਂਤਰ ਚੱਲ ਰਹੀ ਹੈ ਅਤੇ ਇਸ ਵਿੱਚ ਅਕਾਲੀ-ਭਾਜਪਾ ਆਗੂਆਂ ਦੀ ਹਾਜ਼ਰੀ ਨਸ਼ਾ ਫੈਲਾਉਣ ਵਾਲਿਆਂ ਨਾਲ ਚੱਲਣ ਵਰਗੀ ਹੈ। ਉਨ੍ਹਾਂ ਨੇ ਯਾਦ ਕਰਵਾਇਆ ਕਿ 2007-2017 ਦੌਰਾਨ ਅਕਾਲੀ-ਭਾਜਪਾ ਸਰਕਾਰ ਵਿੱਚ ਨਸ਼ਾ ਵਧਿਆ ਸੀ। 'ਆਪ' ਨੇ ਆਪਣੀ ਵੱਖਰੀ ਨਸ਼ਾ ਵਿਰੋਧੀ ਮੁਹਿੰਮ ਚਲਾਈ ਹੋਈ ਹੈ ਅਤੇ ਇਸ ਨੂੰ ਰਾਜਪਾਲ ਵੱਲੋਂ ਰਾਜਨੀਤਿਕ ਰੰਗ ਦੇਣ ਦਾ ਦੋਸ਼ ਲਾਇਆ ਹੈ। ਇਸ ਕਾਰਨ 'ਆਪ' ਨੇ ਇਸ ਵਿੱਚ ਸ਼ਾਮਲ ਨਾ ਹੋ ਕੇ ਆਪਣੀ ਵੱਖਰੀ ਪਛਾਣ ਬਣਾਈ ਰੱਖੀ।

ਇਹ ਯਾਤਰਾ ਹੁਣ ਸਮਾਜਿਕ ਤੋਂ ਵੱਧ ਰਾਜਨੀਤਿਕ ਚਰਚਾ ਦਾ ਕੇਂਦਰ ਬਣ ਗਈ ਹੈ। ਰਾਜਪਾਲ ਨੇ ਨਸ਼ਿਆਂ ਨੂੰ ਸਰਹੱਦ ਪਾਰ ਤੋਂ ਡਰੋਨਾਂ ਰਾਹੀਂ ਭੇਜੇ ਜਾਣ ਅਤੇ ਇਸ ਨਾਲ ਨਜਿੱਠਣ ਲਈ ਸਖ਼ਤ ਕਦਮ ਚੁੱਕਣ ਦੀ ਗੱਲ ਕਹੀ ਹੈ। ਪਰ ਇਸ ਦੇ ਨਾਲ ਹੀ ਪੰਜਾਬ ਦੀ ਸਿਆਸਤ ਵਿੱਚ ਨਵੇਂ ਸਮੀਕਰਨਾਂ ਦੀ ਸੰਭਾਵਨਾ ਨੇ ਸਾਰਿਆਂ ਦਾ ਧਿਆਨ ਖਿੱਚ ਲਿਆ ਹੈ। 2027 ਦੀਆਂ ਚੋਣਾਂ ਤੋਂ ਪਹਿਲਾਂ ਇਹ ਘਟਨਾ ਇੱਕ ਅਹਿਮ ਮੋੜ ਸਾਬਤ ਹੋ ਸਕਦੀ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਕੀ ਇਸ ਸਾਰੀ ਚਰਚਾ ਵਿੱਚ ਅਸਲ ਮਸਲਾ—ਨਸ਼ਿਆਂ ਦੀ ਸਮੱਸਿਆ—ਪਿੱਛੇ ਰਹਿ ਨਹੀਂ ਜਾਵੇਗਾ ? ਪੰਜਾਬ ਵਿੱਚ ਨਸ਼ਾ ਇੱਕ ਹਕੀਕਤ ਹੈ, ਜਿਸਦਾ ਹੱਲ ਸਿਰਫ਼ ਯਾਤਰਾਵਾਂ ਨਾਲ ਨਹੀਂ, ਸਗੋਂ ਲੰਬੀ ਨੀਤੀ, ਯੋਜਨਾ, ਰੋਜ਼ਗਾਰ ਅਤੇ ਕਾਨੂੰਨੀ ਸਖ਼ਤੀ ਨਾਲ ਹੀ ਸੰਭਵ ਹੈ।

ਜੇ ਇਹ ਯਾਤਰਾ ਸਿਰਫ਼ ਸਿਆਸੀ ਸੰਕੇਤ ਬਣ ਕੇ ਰਹਿ ਜਾਂਦੀ ਹੈ, ਤਾਂ ਸਮਾਜਕ ਲਾਭ ਘੱਟ ਹੋਵੇਗਾ। ਪਰ ਜੇ ਇਹ ਸਾਰੀਆਂ ਪਾਰਟੀਆਂ ਨੂੰ ਇੱਕ ਸਾਂਝੀ ਨੀਤੀ 'ਤੇ ਲਿਆਉਂਦੀ ਹੈ, ਤਾਂ ਇਹ ਮੋੜ ਸਾਬਤ ਹੋ ਸਕਦੀ ਹੈ।

***

## 'ਐਕਜ਼ਾਈਲ ਐਕਟ' ਨਾਲ ਐਚ-1ਬੀ ਵੀਜ਼ਾ

ਵੱਡਾ ਝਟਕਾ ਸਾਬਤ ਹੋ ਸਕਦਾ ਹੈ। ਭਾਰਤੀਆਂ 'ਤੇ ਪੈਣ ਵਾਲੇ ਨੁਕਸਾਨ ਬਹੁਤ ਗੰਭੀਰ ਹੋਣਗੇ। ਐਚ-ਵੰਨ ਬੀ ਵੀਜ਼ਾ ਅਮਰੀਕੀ ਟੈਕ ਕੰਪਨੀਆਂ ਵਿੱਚ ਕੰਮ ਕਰਨ ਲਈ ਭਾਰਤੀ ਇੰਜੀਨੀਅਰਾਂ, ਸਾਫਟਵੇਅਰ ਡਿਵੈਲਪਰਾਂ ਅਤੇ ਹੋਰ ਸਕਿੱਲਡ ਪੇਸ਼ੇਵਰਾਂ ਲਈ ਮੁੱਖ ਰਸਤਾ ਹੈ। ਜੇ ਇਹ ਪ੍ਰੋਗਰਾਮ ਖਤਮ ਹੋ ਗਿਆ ਤਾਂ ਹਜ਼ਾਰਾਂ ਭਾਰਤੀ ਪੇਸ਼ੇਵਰ ਨਵੇਂ ਵੀਜ਼ੇ ਨਹੀਂ ਲੈ ਸਕਣਗੇ ਅਤੇ ਮੌਜੂਦਾ ਵੀਜ਼ੇ ਧਾਰਕਾਂ ਨੂੰ ਵੀ ਲੰਬੇ ਸਮੇਂ ਲਈ ਅਮਰੀਕਾ ਵਿੱਚ ਰਹਿਣ ਵਿੱਚ ਮੁਸ਼ਕਿਲਾਂ ਆਉਣਗੀਆਂ। ਬਹੁਤ ਸਾਰੇ ਭਾਰਤੀ ਐਚ-ਵੰਨ ਬੀ ਰਾਹੀਂ ਅਮਰੀਕਾ ਵਿੱਚ ਕੰਮ ਕਰਕੇ ਗ੍ਰੀਨ ਕਾਰਡ ਅਤੇ ਨਾਗਰਿਕਤਾ ਵੱਲ ਵਧਦੇ ਹਨ। ਇਸ ਦੇ ਖਤਮ ਹੋਣ ਨਾਲ ਇਹ ਰਸਤਾ ਬੰਦ ਹੋ ਜਾਵੇਗਾ, ਜਿਸ ਨਾਲ ਕਰੀਅਰ ਅਤੇ ਪਰਿਵਾਰਕ ਯੋਜਨਾਵਾਂ ਤੇ ਭਾਰੀ ਅਸਰ ਪਵੇਗਾ।

ਇਸ ਤੋਂ ਇਲਾਵਾ, ਟਰੰਪ ਪ੍ਰਸ਼ਾਸਨ ਨੇ ਪਹਿਲਾਂ ਹੀ ਐਚ-ਵੰਨ ਬੀ ਵੀਜ਼ੇ 'ਤੇ 100,000 ਡਾਲਰ ਦੀ ਵੱਡੀ ਫੀਸ ਲਗਾਈ ਹੈ, ਜਿਸ ਨਾਲ ਕੰਪਨੀਆਂ ਲਈ ਵੀਜ਼ੇ ਸਪਾਂਸਰ ਕਰਨਾ ਮੁਸ਼ਕਲ ਹੋ ਗਿਆ ਹੈ। ਨਵੇਂ ਨਿਯਮਾਂ ਅਧੀਨ ਸੋਸ਼ਲ ਮੀਡੀਆ ਜਾਂਚ ਅਤੇ ਸਖ਼ਤ ਸਕ੍ਰੀਨਿੰਗ ਕਾਰਨ ਭਾਰਤ ਵਿੱਚ ਵੀਜ਼ਾ ਇੰਟਰਵਿਊ ਮੁਲਤਵੀ ਹੋ ਰਹੇ ਹਨ ਅਤੇ ਕਈ ਵੀਜ਼ਾ ਧਾਰਕ ਭਾਰਤ ਵਿੱਚ ਫਸ ਗਏ ਹਨ। ਜੇ ਇਹ ਬਿੱਲ ਪਾਸ ਹੋ ਗਿਆ ਤਾਂ ਭਾਰਤੀ ਟੈਕ ਪੇਸ਼ੇਵਰਾਂ ਲਈ ਅਮਰੀਕਾ ਜਾਣ ਦਾ ਸੁਪਨਾ ਲਗਭਗ ਖਤਮ ਹੋ ਜਾਵੇਗਾ। ਇਹ ਬਿੱਲ ਅਜੇ ਕਮੇਟੀ ਵਿੱਚ ਹੈ ਅਤੇ ਪਾਸ ਹੋਣ ਦੀ ਸੰਭਾਵਨਾ ਘੱਟ ਜਾਪਦੀ ਹੈ ਕਿਉਂਕਿ ਟੈਕ ਇੰਡਸਟਰੀ ਵਿਰੋਧ ਕਰ ਰਹੀ ਹੈ, ਪਰ ਇਸ ਨੇ ਭਾਰਤੀ ਕਮਿਊਨਿਟੀ ਵਿੱਚ ਚਿੰਤਾ ਵਧਾ ਦਿੱਤੀ ਹੈ।

ਇਹ ਵਿਕਾਸ ਅਮਰੀਕਾ ਵਿੱਚ ਲੀਗਲ ਇਮੀਗ੍ਰੇਸ਼ਨ 'ਤੇ ਵਧਦੀਆਂ ਪਾਬੰਦੀਆਂ ਦਾ ਹਿੱਸਾ ਹੈ, ਜਿਸ ਨਾਲ ਭਾਰਤੀ ਪੇਸ਼ੇਵਰਾਂ ਨੂੰ ਬਦਲਵੇਂ ਰਸਤੇ ਲੱਭਣੇ ਪੈਣਗੇ ਜਿਵੇਂ ਕੈਨੇਡਾ ਜਾਂ ਯੂਰਪ।

## ਡਿਪੋਰਟ ਕੀਤੇ ਪਰਿਵਾਰਾਂ ਨੂੰ

ਇੱਕ ਮਾਂ ਅਤੇ ਉਸ ਦੇ ਬੱਚੇ ਸਨ, ਜਿਸ ਵਿੱਚ ਇੱਕ ਅਮਰੀਕੀ ਨਾਗਰਿਕ ਬੱਚਾ ਵੀ ਸ਼ਾਮਲ ਸੀ) ਨੂੰ ਹਾਲਾਂਕਿ 2027 ਤੱਕ ਰਹਿਣ ਦੀ ਇਜਾਜ਼ਤ ਸੀ, ਪਰ ਉਨ੍ਹਾਂ ਨੂੰ ਧੋਖੇ ਨਾਲ ਕੱਢ ਦਿੱਤਾ ਗਿਆ। ਅਮੈਰਿਕਨ ਸਿਵਲ ਲਿਬਰਟੀਜ਼ ਯੂਨੀਅਨ ਨੇ ਇਸ ਫੈਸਲੇ ਦਾ ਸਵਾਗਤ ਕੀਤਾ ਅਤੇ ਕਿਹਾ ਕਿ ਟਰੰਪ ਸਰਕਾਰ ਮੁੜ ਪਰਿਵਾਰਾਂ ਨੂੰ ਤੋੜ ਰਹੀ ਹੈ। ਅਦਾਲਤ ਨੇ ਸਰਕਾਰ ਨੂੰ ਇਨ੍ਹਾਂ ਪਰਿਵਾਰਾਂ ਦੇ ਵਾਪਸ ਆਉਣ ਦੇ ਖਰਚੇ ਵੀ ਭਰਨ ਦੇ ਹੁਕਮ ਦਿੱਤੇ ਹਨ।

**ਲੱਖਾਂ ਪ੍ਰਵਾਸੀਆਂ 'ਤੇ ਡਿਪੋਰਟੇਸ਼ਨ ਦੀ ਤਲਵਾਰ**

ਟਰੰਪ ਸਰਕਾਰ ਨੇ ਆਪਣੇ ਦੂਜੇ ਕਾਰਜਕਾਲ ਵਿੱਚ ਇਮੀਗ੍ਰੇਸ਼ਨ 'ਤੇ ਸਖ਼ਤੀ ਵਧਾ ਦਿੱਤੀ ਹੈ ਅਤੇ ਲੱਖਾਂ ਲੋਕਾਂ ਨੂੰ ਡਿਪੋਰਟ ਕਰਨ ਦੀ ਯੋਜਨਾ ਬਣਾਈ ਹੈ। ਇਸ ਵਿੱਚ ਪੈਰੋਲ, ਅਸਾਇਲਮ ਜਾਂ ਆਰਜ਼ੀ ਸਟੇਟਸ ਵਾਲੇ ਪ੍ਰਵਾਸੀ ਵੀ ਸ਼ਾਮਲ ਹਨ। ਭਾਰਤੀ ਪ੍ਰਵਾਸੀਆਂ ਵਿੱਚ ਵੀ ਸੈਂਕੜੇ ਅਜਿਹੇ ਲੋਕ ਹਨ ਜਿਨ੍ਹਾਂ ਦੀਆਂ ਅਸਾਇਲਮ ਅਰਜ਼ੀਆਂ ਵਿਚਾਰ ਅਧੀਨ ਹਨ ਪਰ ਸਰਕਾਰ ਉਨ੍ਹਾਂ ਨੂੰ ਖ਼ਤਰੇ ਵਿੱਚ ਪਾ ਰਹੀ ਹੈ। ਇਸ ਫੈਸਲੇ ਨਾਲ ਉਮੀਦ ਜਗੀ ਹੈ ਕਿ ਹੋਰ ਪਰਿਵਾਰ ਵੀ ਰਾਹਤ ਪਾ ਸਕਦੇ ਹਨ। ਪਰ ਇਹ ਫੈਸਲਾ ਸਿਰਫ਼ ਤਿੰਨ ਪਰਿਵਾਰਾਂ ਤੱਕ ਸੀਮਤ ਹੈ ਅਤੇ ਵੱਡੇ ਪੱਧਰ 'ਤੇ ਨੀਤੀ ਨੂੰ ਰੋਕ ਨਹੀਂ ਸਕਦਾ। ਬਹੁਤ ਸਾਰੇ ਪ੍ਰਵਾਸੀ ਅਜੇ ਵੀ ਅਨਿਸ਼ਚਿਤਤਾ ਵਿੱਚ ਜੀ ਰਹੇ ਹਨ।

ਡਿਪਾਰਟਮੈਂਟ ਆਫ਼ ਹੋਮਲੈਂਡ ਸਿਕਿਉਰਿਟੀ ਨੇ ਅਦਾਲਤੀ ਫੈਸਲੇ ਨਾਲ ਅਸਹਿਮਤੀ ਜਤਾਈ ਹੈ। ਸਰਕਾਰੀ ਬੁਲਾਰੇ ਨੇ ਕਿਹਾ ਕਿ ਅਮਰੀਕੀ ਟੈਕਸਪੇਅਰ ਗੈਰ-ਕਾਨੂੰਨੀ ਪ੍ਰਵਾਸੀਆਂ ਦਾ ਬੋਝ ਨਹੀਂ ਝੱਲ ਸਕਦੇ ਅਤੇ ਰਾਸ਼ਟਰਪਤੀ ਨੂੰ ਕੌਮੀ ਸੁਰੱਖਿਆ ਲਈ ਵੀਜ਼ੇ ਰੱਦ ਕਰਨ ਦਾ ਅਧਿਕਾਰ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਵੀਜ਼ਾ ਜਾਂ ਪੈਰੋਲ ਹੋਣ ਨਾਲ ਪੱਕੇ ਰਹਿਣ ਦਾ ਹੱਕ ਨਹੀਂ ਮਿਲਦਾ। ਇਸ ਫੈਸਲੇ ਨਾਲ ਟਰੰਪ ਨੂੰ ਝਟਕਾ ਲੱਗਿਆ ਕਿਉਂਕਿ ਇਹ ਉਨ੍ਹਾਂ ਦੀ ਮੁੱਖ ਨੀਤੀ 'ਮੈਸ ਡਿਪੋਰਟੇਸ਼ਨ' ਨੂੰ ਚੁਣੌਤੀ ਦਿੰਦਾ ਹੈ ਅਤੇ ਅਦਾਲਤਾਂ ਵਿੱਚ ਹੋਰ ਮੁਕੱਦਮੇ ਖੁੱਲ੍ਹ ਸਕਦੇ ਹਨ। ਪਰ ਸਰਕਾਰ ਅਪੀਲ ਕਰ ਸਕਦੀ ਹੈ ਅਤੇ ਇਹ ਲੜਾਈ ਲੰਮੀ ਚੱਲ ਸਕਦੀ ਹੈ। ਇਸ ਨਾਲ ਪ੍ਰਵਾਸੀ ਭਾਈਚਾਰੇ ਵਿੱਚ ਇਸ ਫੈਸਲੇ ਨਾਲ ਉਮੀਦ ਜਗੀ ਹੈ ਕਿ ਅਦਾਲਤਾਂ ਮਨੁੱਖੀ ਅਧਿਕਾਰਾਂ ਦੀ ਰਾਖੀ ਕਰਨਗੀਆਂ।

***

## ਏ.ਆਈ. ਬੋਟਸ ਨੇ ਬਣਾਇਆ ਆਪਣਾ ਸੋਸ਼ਲ ਮੀਡੀਆ

ਅਤੇ ਸਿੱਖ ਧਰਮ ਵਿਰੁਧ ਪ੍ਰਚਾਰ ਕਰ ਰਹੀਆਂ ਹਨ। ਇੱਕ ਰਿਪੋਰਟ ਅਨੁਸਾਰ, ਹਿੰਦੂਤਵ ਗਰੁੱਪ ਏ.ਆਈ. ਨਾਲ ਬਣਾਈਆਂ ਤਸਵੀਰਾਂ ਅਤੇ ਵੀਡੀਓਜ਼ ਨਾਲ ਮੁਸਲਿਮਾਂ ਤੇ ਸਿੱਖਾਂ ਵਿਰੋਧੀ ਨਫ਼ਰਤ ਫ਼ੈਲਾ ਰਹੇ ਹਨ।

ਸੈਂਟਰ ਫ਼ਾਰ ਦ ਸਟੱਡੀ ਆਫ਼ ਆਰਗਨਾਈਜ਼ਡ ਹੇਟ ਦੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਏ.ਆਈ. ਨਾਲ ਬਣਾਈਆਂ 1,326 ਤਸਵੀਰਾਂ ਅਤੇ ਵੀਡੀਓਜ਼ ਮੁਸਲਿਮਾਂ ਵਿਰੋਧੀ ਨਫ਼ਰਤ ਫ਼ੈਲਾ ਰਹੀਆਂ ਹਨ। ਇਨ੍ਹਾਂ ਨੂੰ ਹਿੰਦੂ ਨੈਸ਼ਨਲਿਸਟ ਮੀਡੀਆ ਆਊਟਲੈੱਟਸ ਜਿਵੇਂ ਓਪਇੰਡੀਆ ਅਤੇ ਸੁਦਰਸ਼ਨ ਨਿਊਜ਼ ਵੱਲੋਂ ਫ਼ੈਲਾਇਆ ਜਾ ਰਿਹਾ ਹੈ।

ਹੁਣ ਸਵਾਲ ਇਹ ਹੈ ਕਿ ਕੀ ਪਾਕਿਸਤਾਨੀ ਵੀ ਸਿੱਖਾਂ ਵਿਰੋਧੀ ਏ.ਆਈ. ਬੋਟਸ ਵਰਤ ਰਹੇ ਹਨ ? ਰਿਪੋਰਟਾਂ ਅਨੁਸਾਰ, ਪਾਕਿਸਤਾਨ ਏ.ਆਈ. ਬੋਟਸ ਅਤੇ ਡੀਪਫ਼ੇਕ ਨੂੰ ਭਾਰਤ ਵਿਰੋਧੀ ਪ੍ਰਚਾਰ ਲਈ ਵਰਤ ਰਿਹਾ ਹੈ। ਉਹ ਕਸ਼ਮੀਰ ਬਾਰੇ ਗਲਤ ਨੈਰੇਟਿਵ ਫ਼ੈਲਾ ਰਹੇ ਹਨ । ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਆਰਮੀ ਦਾ ਮੀਡੀਆ ਵਿੰਗ ਆਈ.ਐੱਸ.ਪੀ.ਆਰ. ਏ.ਆਈ. ਬੋਟਸ ਨਾਲ ਕਸ਼ਮੀਰ ਵਿੱਚ ਅਸ਼ਾਂਤੀ ਵਿਖਾਉਣ ਲਈ ਰੀਸਾਈਕਲ ਵੀਡੀਓਜ਼ ਵਰਤ ਰਿਹਾ ਹੈ। ਇਹ ਨੈਟਵਰਕ ਭਾਰਤ ਵਿੱਚ ਸਿੱਖਾਂ ਨੂੰ ਨਿਸ਼ਾਨਾ ਬਣਾ ਕੇ ਗਲਤ ਪ੍ਰਚਾਰ ਵੀ ਕਰ ਰਹੇ ਹਨ।

ਮੈਟਾ ਦੀ ਰਿਪੋਰਟ ਅਨੁਸਾਰ, ਚੀਨ ਤੋਂ ਆਉਣ ਵਾਲੇ ਫ਼ੇਕ ਅਕਾਊਂਟਸ ਸਿੱਖ ਕਮਿਊਨਿਟੀ ਨੂੰ ਨਿਸ਼ਾਨਾ ਬਣਾ ਰਹੇ ਹਨ। ਇਹ ਅਕਾਊਂਟਸ ਏ.ਆਈ. ਨਾਲ ਬਣਾਈਆਂ ਤਸਵੀਰਾਂ ਵੀ ਵਰਤ ਰਹੇ ਹਨ। ਇਸ ਨਾਲ ਸਿੱਖ ਧਰਮ ਅਤੇ ਗੁਰੂ ਗ੍ਰੰਥ ਸਾਹਿਬ ਤੇ ਦਰਬਾਰ ਸਾਹਿਬ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਸੋਸ਼ਲ ਮੀਡੀਆ ਉੱਤੇ ਫ਼ੇਕ ਪ੍ਰੋਫ਼ਾਈਲਸ ਨਾਲ ਸਿੱਖਾਂ ਨੂੰ ਬਦਨਾਮ ਕੀਤਾ ਜਾ ਰਿਹਾ ਹੈ ਅਤੇ ਨਫ਼ਰਤ ਫ਼ੈਲਾਈ ਜਾ ਰਹੀ ਹੈ। ਡਾਕਟਰ ਪਰਮਜੀਤ ਸਿੰਘ ਮਾਨਸਾ ਨੇ ਕਿਹਾ ਕਿ ਖ਼ਾਲਿਸਤਾਨ ਵਾਲੇ ਨੈਰੇਟਿਵ ਨੂੰ ਸੋਸ਼ਲ ਮੀਡੀਆ ਉੱਤੇ ਫ਼ੈਲਾਇਆ ਜਾ ਰਿਹਾ ਹੈ ਅਤੇ ਸਿੱਖ ਡਾਇਸਪੋਰਾ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਸੋ ਏ.ਆਈ. ਬੋਟਸ ਕਿਵੇਂ ਸੋਸ਼ਲ ਮੀਡੀਆ ਨੂੰ ਬਦਲ ਰਹੇ ਹਨ ਅਤੇ ਰਾਜਨੀਤੀ, ਧਰਮ ਅਤੇ ਸਮਾਜ ਨੂੰ ਪ੍ਰਭਾਵਿਤ ਕਰ ਰਹੇ ਹਨ। ਇਹ ਤਕਨੀਕ ਨਵੀਂ ਹੈ ਪਰ ਇਸ ਦੇ ਖ਼ਤਰੇ ਵੱਡੇ ਹਨ। ਸਰਕਾਰਾਂ ਅਤੇ ਕਮਿਊਨਿਟੀਆਂ ਨੂੰ ਇਸ ਨੂੰ ਨਿਯੰਤਰਿਤ ਕਰਨ ਲਈ ਕਦਮ ਚੁੱਕਣੇ ਚਾਹੀਦੇ ਹਨ ਤਾਂ ਜੋ ਨਫ਼ਰਤ ਅਤੇ ਗਲਤ ਜਾਣਕਾਰੀ ਨੂੰ ਰੋਕਿਆ ਜਾ ਸਕੇ।

**ਸ਼੍ਰੋਮਣੀ ਕਮੇਟੀ ਨੇ ਇਸ ਬਾਰੇ ਕੀ ਨੀਤੀ ਅਪਣਾਈ ਹੈ ?**

ਸ਼੍ਰੋਮਣੀ ਕਮੇਟੀ ਨੇ ਏ.ਆਈ. ਪਲੇਟਫ਼ਾਰਮਾਂ ਉੱਤੇ ਸਿੱਖ ਧਰਮ ਬਾਰੇ ਗਲਤ ਜਾਣਕਾਰੀ ਫ਼ੈਲਾਉਣ ਵਿਰੋਧੀ ਆਵਾਜ਼ ਉਠਾਈ ਹੈ। ਉਨ੍ਹਾਂ ਨੇ ਚੈਟਜੀਪੀਟੀ, ਗੂਗਲ, ਮੈਟਾ ਅਤੇ ਹੋਰ ਪਲੇਟਫ਼ਾਰਮਾਂ ਨੂੰ ਚਿੱਠੀਆਂ ਲਿਖੀਆਂ ਹਨ ਕਿ ਗੁਰਬਾਣੀ, ਸਿੱਖ ਇਤਿਹਾਸ ਅਤੇ ਗੁਰਮਤਿ ਨੂੰ ਗਲਤ ਤਰੀਕੇ ਨਾਲ ਪੇਸ਼ ਨਾ ਕੀਤਾ ਜਾਵੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਏ.ਆਈ. ਨਾਲ ਬਣਾਈਆਂ ਗਲਤ ਤਸਵੀਰਾਂ ਅਤੇ ਇਤਿਹਾਸ ਨਾਲ ਸਿੱਖ ਭਾਵਨਾਵਾਂ ਨੂੰ ਠੇਸ ਪਹੁੰਚ ਰਹੀ ਹੈ। ਉਨ੍ਹਾਂ ਨੇ ਕੇਂਦਰ ਸਰਕਾਰ ਨੂੰ ਵੀ ਅਜਿਹੇ ਕੰਟੈਂਟ ਨੂੰ ਰੋਕਣ ਲਈ ਨੀਤੀ ਬਣਾਉਣ ਲਈ ਕਿਹਾ ਹੈ।

ਸਿੱਖ ਪੰਥ ਨੂੰ ਏ.ਆਈ. ਮਿਸਇਨਫ਼ਰਮੇਸ਼ਨ ਵਿਰੋਧੀ ਕਦਮ ਚੁੱਕਣੇ ਚਾਹੀਦੇ ਹਨ ਅਤੇ ਸਰਕਾਰ ਨੂੰ ਕਾਨੂੰਨ ਬਣਾਉਣ ਲਈ ਦਬਾਅ ਪਾਉਣਾ ਚਾਹੀਦਾ ਹੈ।

**ਕੀ ਰਾਜਨੀਤਿਕ ਲੋਕ ਵੀ ਇੱਕ-ਦੂਜੇ ਵਿਰੋਧੀ ਏ ਆਈ ਬੋਟਸ ਵਰਤ ਰਹੇ ਹਨ ?**

ਭਾਰਤੀ ਚੋਣਾਂ ਵਿੱਚ ਏ.ਆਈ. ਅਤੇ ਡੀਪਫ਼ੇਕ ਨੂੰ ਵੱਡੇ ਪੱਧਰ ਉੱਤੇ ਵਰਤਿਆ ਗਿਆ ਹੈ। ਸਿਆਸੀ ਪਾਰਟੀਆਂ ਏ ਆਈ ਨਾਲ ਵੋਟਰਾਂ ਨੂੰ ਨਿਸ਼ਾਨਾ ਬਣਾ ਰਹੀਆਂ ਹਨ ਅਤੇ ਵਿਰੋਧੀਆਂ ਨੂੰ ਬਦਨਾਮ ਕਰ ਰਹੀਆਂ ਹਨ। ਬੀਜੇਪੀ ਅਤੇ ਕਾਂਗਰਸ ਨੇ ਏ ਆਈ ਨਾਲ ਮੀਮ ਵਾਰਸ ਅਤੇ ਨਿੱਜੀ ਵੀਡੀਓਜ਼ ਬਣਾਏ ਹਨ। ਏ ਆਈ ਨਾਲ ਬਾਲੀਵੁੱਡ ਸਟਾਰਸ ਨੂੰ ਵੀ ਵਿਰੋਧੀਆਂ ਵਿਰੁਧ ਬਣਾਇਆ ਗਿਆ ਹੈ।

**ਕੇਂਦਰ ਸਰਕਾਰ ਕਿਉਂ ਨਹੀਂ ਕਾਰਵਾਈ ਕਰਦੀ ?**

ਸਰਕਾਰ ਨੇ ਸੋਸ਼ਲ ਮੀਡੀਆ ਪਲੇਟਫ਼ਾਰਮਾਂ ਨੂੰ ਅਡਵਾਈਜ਼ਰੀ ਜਾਰੀ ਕੀਤੀ ਹੈ ਕਿ ਡੀਪਫ਼ੇਕ ਅਤੇ ਮਿਸਇਨਫ਼ਰਮੇਸ਼ਨ ਨੂੰ ਰੋਕਿਆ ਜਾਵੇ। ਐੱਸ ਨੂੰ ਗ੍ਰੋਕ ਏ ਆਈ ਉੱਤੇ ਅਸ਼ਲੀਲ ਕੰਟੈਂਟ ਬਾਰੇ ਨੋਟਿਸ ਭੇਜਿਆ ਗਿਆ ਹੈ ਅਤੇ ਆਡਿਟ ਕਰਨ ਲਈ ਕਿਹਾ ਗਿਆ ਹੈ। ਨਵਾਂ ਡਰਾਫ਼ਟ ਕਾਨੂੰਨ ਬਣ ਰਿਹਾ ਹੈ ਜਿਸ ਵਿੱਚ ਏ ਆਈ ਜਨਰੇਟਡ ਕੰਟੈਂਟ ਨੂੰ ਲੇਬਲ ਕਰਨਾ ਜ਼ਰੂਰੀ ਹੋਵੇਗਾ। ਪਰ ਅਜੇ ਵੀ ਬਹੁਤ ਕੁਝ ਕਰਨ ਦੀ ਲੋੜ ਹੈ

ਕਿਉਂਕਿ ਏ.ਆਈ. ਨੂੰ ਰੈਗੂਲੇਟ ਕਰਨ ਵਾਲਾ ਕੋਈ ਵੱਡਾ ਕਾਨੂੰਨ ਨਹੀਂ ਹੈ।

**ਵਿਸ਼ਵ ਦੀਆਂ ਅਖਬਾਰਾਂ ਕੀ ਕਹਿ ਰਹੀਆਂ ਹਨ ?**

ਅੰਤਰਰਾਸ਼ਟਰੀ ਮੀਡੀਆ ਵਿੱਚ ਭਾਰਤ ਵਿੱਚ ਏ.ਆਈ. ਬੋਟਸ ਅਤੇ ਪ੍ਰੋਪੈਗੰਡਾ ਬਾਰੇ ਬਹੁਤ ਚਰਚਾ ਹੈ। ਬੀ.ਬੀ.ਸੀ. ਨੇ ਕਿਹਾ ਹੈ ਕਿ ਡੀਪਫ਼ੇਕ ਨਾਲ ਭਾਰਤੀ ਚੋਣਾਂ ਵਿੱਚ ਅਸਲੀਅਤ ਧੁੰਦਲੀ ਹੋ ਰਹੀ ਹੈ ਅਤੇ ਇਹ ਹੋਰ ਚੋਣਾਂ ਲਈ ਖਤਰਾ ਹੈ। ਗਾਰਡੀਅਨ ਨੇ ਕਿਹਾ ਹੈ ਕਿ ਏ.ਆਈ. ਬੋਟ ਸਵਾਰਮਸ ਡੈਮੋਕਰੇਸੀ ਨੂੰ ਖਤਰਾ ਪਾ ਰਹੇ ਹਨ ਅਤੇ ਉਹ ਚੋਣਾਂ ਨੂੰ ਪ੍ਰਭਾਵਿਤ ਕਰ ਸਕਦੇ ਹਨ।

## ਪੰਜਾਬੀ ਸੰਗੀਤ ਦਾ ਗਲੋਬਲ ਜਾਦੂ ਪੂਰੇ ਸੰਸਾਰ

ਜਿੱਥੇ ਨੁਸਰਤ ਫ਼ਤਿਹ ਅਲੀ ਖ਼ਾਨ ਦੀਆਂ ਕੱਵਾਲੀਆਂ ਨੇ ਪੱਛਮ ਦੇ ਬੂਹੇ ਖੜਕਾਏ, ਉੱਥੇ ਹੀ ਅਜੋਕੇ ਦੌਰ ਵਿੱਚ ਪਸੂਰੀ ਵਰਗੇ ਗੀਤਾਂ ਨੇ ਸਾਬਤ ਕਰ ਦਿੱਤਾ ਕਿ ਪੰਜਾਬੀ ਧੁਨਾਂ ਸਰਹੱਦਾਂ ਦੀਆਂ ਵਲਗਣਾਂ ਤੋਂ ਮੁਕਤ ਹਨ। ਕੋਕ ਸਟੂਡੀਓ ਪਾਕਿਸਤਾਨ ਨੇ ਪੰਜਾਬੀ ਲੋਕ-ਸੰਗੀਤ ਨੂੰ ਅਧੁਨਿਕ ਰੰਗ ਵਿੱਚ ਪੇਸ਼ ਕਰਕੇ ਦੁਨੀਆ ਭਰ ਦੇ ਸੰਗੀਤ ਪ੍ਰੇਮੀਆਂ ਦੇ ਦਿਲ ਜਿੱਤੇ ਹਨ।

**ਨੁਸਰਤ ਫ਼ਤਿਹ ਅਲੀ ਖ਼ਾਨ:** ਉਨ੍ਹਾਂ ਨੇ ਪੰਜਾਬੀ ਕੱਵਾਲੀ ਅਤੇ ਸੂਫ਼ੀਵਾਦ ਨੂੰ ਪੱਛਮੀ ਦੇਸ਼ਾਂ ਤੱਕ ਪਹੁੰਚਾਇਆ। ਅੱਜ ਵੀ ਉਨ੍ਹਾਂ ਦੇ ਗੀਤਾਂ ਦੇ ਰੀਮਿਕਸ ਗਲੋਬਲ ਚਾਰਟਸ 'ਤੇ ਰਾਜ ਕਰਦੇ ਹਨ।

**ਆਬਿਦਾ ਪਰਵੀਨ:** ਉਨ੍ਹਾਂ ਦੀ ਆਵਾਜ਼ ਨੇ ਪੰਜਾਬੀ ਸੂਫ਼ੀ ਕਲਾਮਾਂ ਨੂੰ ਇੱਕ ਅੰਤਰਰਾਸ਼ਟਰੀ ਦਰਜਾ ਦਿਵਾਇਆ ਹੈ।

ਪਿਛਲੇ ਕੁਝ ਸਾਲਾਂ ਵਿੱਚ ਪੰਜਾਬੀ ਸੰਗੀਤ ਨੂੰ ਗਲੋਬਲ ਪੱਧਰ 'ਤੇ 'ਕੂਲ' ਬਣਾਉਣ ਵਿੱਚ ਕੋਕ ਸਟੂਡੀਓ ਪਾਕਿਸਤਾਨ ਦਾ ਵੱਡਾ ਹੱਥ ਹੈ। ਨਸੀਬੋ ਲਾਲ: 'ਤੂਤਕ ਤੂਤਕ' ਤੋਂ ਲੈ ਕੇ ਕੋਕ ਸਟੂਡੀਓ ਦੇ 'ਤੂ ਝੂਮ' ਤੱਕ, ਨਸੀਬੋ ਲਾਲ ਦੀ ਆਵਾਜ਼ ਨੇ ਯੂਰਪ ਅਤੇ ਅਮਰੀਕਾ ਵਿੱਚ ਬੈਠੇ ਸਰੋਤਿਆਂ ਨੂੰ ਵੀ ਕੀਲ ਲਿਆ। ਅਲੀ ਸੇਠੀ ਦੇ ਗੀਤ 'ਪਸੂਰੀ' ਨੇ 2022-23 ਵਿੱਚ ਗਲੋਬਲ ਰਿਕਾਰਡ ਤੋੜੇ ਹਨ। ਇਹ ਗੂਗਲ 'ਤੇ ਦੁਨੀਆ ਦਾ ਸਭ ਤੋਂ ਵੱਧ ਸਰਚ ਕੀਤਾ ਜਾਣ ਵਾਲਾ ਗੀਤ ਬਣਿਆ, ਜਿਸ ਨੇ ਸਾਬਤ ਕੀਤਾ ਕਿ ਪੰਜਾਬੀ ਬੋਲੀ ਦੀ ਖਿੱਚ ਸਰਬਵਿਆਪੀ ਹੈ।

**ਪੰਜਾਬੀ ਰੈਪ ਅਤੇ ਅਰਬਨ ਮਿਊਜ਼ਿਕ**

ਬੋਹੇਮੀਆ : ਪੰਜਾਬੀ ਰੈਪ ਦਾ ਮੋਢੀ ਮੰਨੇ ਜਾਣ ਵਾਲੇ ਬੋਹੇਮੀਆ ਨੇ ਪਾਕਿਸਤਾਨੀ ਮੂਲ ਦੇ ਹੋਣ ਦੇ ਬਾਵਜੂਦ ਪੂਰੇ ਵਿਸ਼ਵ ਵਿੱਚ ਪੰਜਾਬੀ 'ਦੇਸੀ ਹਿੱਪ-ਹੌਪ' ਦੀ ਨੀਂਹ ਰੱਖੀ। ਨਵੀਂ ਪੀੜ੍ਹੀ ਦੀ ਗਾਇਕਾ ਸ਼ੇ ਗਿੱਲ ਨੇ ਪੰਜਾਬੀ ਸੰਗੀਤ ਨੂੰ ਇੱਕ ਨਵਾਂ ਅਤੇ ਮਾਡਰਨ ਅੰਦਾਜ਼ ਦਿੱਤਾ ਹੈ ਜੋ ਗਲੋਬਲ ਪੌਪ ਚਾਰਟਸ ਨਾਲ ਮੇਲ ਖਾਂਦਾ ਹੈ।

****

## ਬਦਲਣ ਲੱਗ ਗਈ ਹੈ ਮਨੀਪੁਰ ਦੀ ਫਿਜ਼ਾ

ਉਨ੍ਹਾਂ ਨੂੰ ਉਥੋਂ ਕੱਢਣ ਦੇ ਆਦੇਸ਼ ਦਿੱਤੇ ਗਏ। ਪਹਿਲਾਂ ਇੱਥੋਂ ਦੇ ਪਿੰਡਾਂ ਵਿੱਚ ਮੰਦਰ ਹੁੰਦੇ ਸਨ। ਜਿੱਥੇ ਸਾਰੇ ਤਿਉਹਾਰ ਮਨਾਏ ਜਾਂਦੇ ਸਨ।

ਹਰ ਕੋਈ ਮਹੀਨੇ ਵਿੱਚ ਘੱਟੋ-ਘੱਟ ਇੱਕ ਵਾਰ ਜ਼ਰੂਰ ਮਿਲਦਾ ਸੀ।ਹੁਣ ਜਾਤ ਦੀਆਂ ਰੁਕਾਵਟਾਂ ਆ ਗਈਆਂ।ਜ਼ਿਆਦਾਤਰ ਕੂਕੀ ਅਤੇ ਨਾਗਾ ਇਸਾਈ ਹਨ।ਉਹ ਆਪਣੇ ਆਪ ਨੂੰ ਇਸਾਈ ਰੱਖਣਾ ਚਾਹੁੰਦੇ ਹਨ, ਪਰ ਉਹ ਦੂਜੇ ਭਾਈਚਾਰਿਆਂ ਲਈ ਵੀ ਇਸਾਈ ਬਣਨ ਜਾਂ ਪਰਵਾਸ ਕਰਨ ਲਈ ਹਾਲਾਤ ਪੈਦਾ ਕਰ ਰਹੇ ਹਨ। ਹਾਲਾਂ ਕਿ, ਮੈਤਈ ਵਾਂਗ, ਕੂਕੀ ਵੀ ਸ਼ਹਿਰ ਦੀ ਜ਼ਿੰਦਗੀ ਜੀਣਾ ਚਾਹੁੰਦਾ ਹੈ। ਮਨੀਪੁਰ ਭਾਰਤ ਦੀਆਂ ਪੁਰਾਤਨ 500 ਰਿਆਸਤਾਂ ਵਿਚੋਂ ਇੱਕ ਹੈ।ਮਨੀਪੁਰ ਰਿਆਸਤ 21 ਸਤੰਬਰ 1949 ਨੂੰ ਭਾਰਤ ਦਾ ਹਿੱਸਾ ਬਣੀ। ਮਨੀਪੁਰ ਨੂੰ ਇੱਕ ਸੰਵੇਦਨਸ਼ੀਲ ਸਰਹੱਦੀ ਸੂਬਾ ਮੰਨਿਆ ਜਾਂਦਾ ਹੈ। ਇਸ ਦੀ ਰਾਜਧਾਨੀ ਇੰਫਾਲ ਹੈ। ਪਹਾੜਾਂ 'ਤੇ ਵਸਿਆ 32 ਲੱਖ ਦੀ ਆਬਾਦੀ ਵਾਲਾ ਇਹ ਸੂਬਾ ਲਗਾਤਾਰ ਤਣਾਅ 'ਚ ਰਿਹਾ ਹੈ। ਮਨੀਪੁਰ ਦੇ ਉੱਤਰ ਵਿੱਚ ਨਾਗਾਲੈਂਡ ਅਤੇ ਦੱਖਣ ਵਿੱਚ ਮਿਜ਼ੋਰਮ, ਪੱਛਮ ਵਿੱਚ ਅਸਾਮ ਅਤੇ ਪੂਰਬ ਵਿੱਚ ਮਿਆਂਮਾਰ ਦੀ ਸਰਹੱਦ ਹੈ।ਇਸਦਾ ਖੇਤਰਫਲ 22,347 ਵਰਗ ਕਿਲੋਮੀਟਰ (8,628 ਵਰਗ ਮੀਲ) ਹੈ।ਇੱਥੋਂ ਦੇ ਮੂਲ ਵਾਸੀ ਮੈਤਈ ਕਬੀਲੇ ਦੇ ਲੋਕ ਹਨ, ਜੋ ਇੱਥੇ ਘਾਟੀ ਖੇਤਰ ਵਿੱਚ ਰਹਿੰਦੇ ਹਨ। ਇੱਥੋਂ ਦੇ ਪਹਾੜੀ ਇਲਾਕਿਆਂ ਵਿੱਚ ਨਾਗਾ ਅਤੇ ਕੂਕੀ ਕਬੀਲੇ ਦੇ ਲੋਕ ਰਹਿੰਦੇ ਹਨ।ਆਜ਼ਾਦੀ ਦੇ 76 ਸਾਲਾ ਤੋਂ ਵੱਧ ਹੋਣ ਦੇ ਬਾਵਜੂਦ ਮਨੀਪੁਰ ਦੀ ਜਿੰਦਗੀ ਉਥਲ ਪੁਥਲ ਵਿੱਚ ਹੈ ਅਤੇ ਮਨੀਪੁਰ ਦੇ ਲੋਕ ਭਾਰਤ ਤੋਂ ਲਗਾਤਾਰ ਦੂਰ ਹੁੰਦਾ ਮਹਿਸੂਸ ਕਰ ਰਹੇ ਹਨ। ਮਨੀਪੁਰ 1962 ਵਿੱਚ ਭਾਰਤ ਦਾ ਕੇਂਦਰੀ ਸ਼ਾਸਿਤ ਪ੍ਰਦੇਸ਼ ਬਣਿਆ ਅਤੇ 1972 ਵਿੱਚ ਭਾਰਤ ਵਿੱਚ ਮਨੀਪੁਰ ਨੂੰ ਪੂਰਨ ਰਾਜ ਦਾ ਦਰਜ਼ਾ ਦੇ ਦਿੱਤਾ ਗਿਆ। ਹੁਣ ਮਨੀਪੁਰ ਦੀ ਤਾਜ਼ਾ ਸਥਿਤੀ ਇਹ ਹੈ ਕਿ ਜੇਕਰ ਮੌਜੂਦਾ ਸਰਕਾਰ ਮੈਤਈ ਦੇ ਹੱਕ ਵਿੱਚ ਕੁਝ ਕਰਦੀ ਹੈ ਤਾਂ ਨਾਗਾ ਅਤੇ ਕੂਕੀ ਗੁੱਸੇ ਹੋ ਜਾਣਗੇ। ਇਸ ਕਰਕੇ ਮੌਜੂਦਾ ਸਰਕਾਰ ਨੂੰ ਬਹੁਤ ਸੰਭਲ-ਸੰਭਲ ਕੇ ਚੱਲਣ ਦੀ ਲੋੜ ਹੈ ਅਤੇ ਸਾਰੇ ਭਾਈਚਾਰਿਆਂ ਨਾਲ ਗੱਲਬਾਤ ਕਰਕੇ ਮਨੀਪੁਰ ਵਿੱਚ ਸਥਾਈ ਸ਼ਾਂਤੀ ਦੀ ਸਥਾਪਨਾ ਲਈ ਯਤਨ ਕਰਨੇ ਚਾਹੀਦੇ ਹਨ। ਇਸੇ ਵਿੱਚ ਮਨੀਪੁਰ ਦੀ ਸਰਕਾਰ ਅਤੇ ਉਥੋਂ ਦੇ ਵਸਨੀਕਾਂ ਦੀ ਭਲਾਈ ਹੈ।

***

## ਲੋਕ ਹਿਤੂ ਨਹੀਂ ਕੇਂਦਰੀ

ਇਸ ਲਈ ਦੇਸ਼ ਦੇ ਆਮ ਲੋਕ ਬਜਟ ਵਿੱਚ ਬੇਰੁਜ਼ਗਾਰੀ ਤੇ ਮਹਿੰਗਾਈ ਤੋਂ ਕੋਈ ਨਾ ਕੋਈ ਰਾਹਤ ਦੀ ਉਮੀਦ ਲਾਈ ਬੈਠੇ ਸਨ ਪਰ ਉਨ੍ਹਾਂ ਦੇ ਪੱਲੇ ਨਿਰਾਸ਼ਾ ਹੀ ਪਈ।

ਅੰਤ 'ਚ ਇਹ ਕਿਹਾ ਜਾ ਸਕਦਾ ਹੈ ਕਿ ਭਾਵੇਂ ਬਜਟ ਵਿੱਚ ਲੋਕਾਂ ਨੂੰ ਭਰਮਾਉਣ ਲਈ ਬਹੁਤ ਵਧੀਆ ਤੇ ਪ੍ਰਭਾਵਸ਼ਾਲੀ ਸ਼ਬਦਾਂ ਦਾ ਪ੍ਰਯੋਗ ਕੀਤਾ ਗਿਆ ਹੈ ਪਰ ਅਸਲੀਅਤ ਵਿੱਚ ਇਹ ਬਜਟ ਓਨਾ ਕਾਰਗਰ ਤੇ ਫਾਇਦੇਮੰਦ ਸਾਬਤ ਨਹੀਂ ਹੋਵੇਗਾ ਕਿਉਂਕਿ ਇਸ ਬਜਟ ਵਿੱਚ ਬੇਰੁਜ਼ਗਾਰੀ ਤੇ ਮਹਿੰਗਾਈ ਦੇ ਮੁੱਦੇ, ਸਿਹਤ ਸਹੂਲਤਾਂ, ਸਿੱਖਿਆ ਤੇ ਪੇਂਡੂ ਵਿਕਾਸ ਲਈ ਲੋੜੀਂਦੇ ਤੇ ਢੁਕਵੇਂ ਫੰਡਾਂ ਦਾ ਪ੍ਰਬੰਧ ਨਹੀਂ ਕੀਤਾ ਜਾ ਸਕਿਆ। ਜੇ ਭਾਰਤ 2047 ਤੱਕ ਵਿਕਸਿਤ ਦੇਸ਼ਾਂ 'ਚ ਸ਼ਾਮਿਲ ਹੋਣਾ ਚਾਹੁੰਦਾ ਹੈ ਤਾਂ ਬਜਟਾਂ ਵਿੱਚ ਸਿਹਤ, ਸਿੱਖਿਆ, ਰੁਜ਼ਗਾਰ ਪੈਦਾ ਕਰਨ ਵਾਲੇ ਖੇਤਰਾਂ ਅਤੇ ਪੇਂਡੂ ਵਿਕਾਸ ਦੇ ਖੇਤਰਾਂ 'ਚ ਮਣਾਂ ਮੂੰਹੀਂ ਫੰਡ ਉਪਲਬਧ ਕਰਵਾਉਣੇ ਪੈਣਗੇ। ਜੇ ਸਰਕਾਰਾਂ ਅਜਿਹਾ ਨਹੀਂ ਕਰਦੀਆਂ ਤਾਂ ਦੇਸ਼ ਦਾ ਵਿਕਸਿਤ ਦੇਸ਼ ਬਣਨ ਦਾ ਸੁਪਨਾ, ਸੁਪਨਾ ਹੀ ਰਹਿ ਜਾਵੇਗਾ।

***

## ਭਾਜਪਾ ਲਈ ਸਿਆਸੀ ਸੰਕਟ ਬਣ

ਪਰ ਭਾਜਪਾ ਉਨ੍ਹਾਂ ਨੂੰ ਆਪਣਾ ਜੇਬੀ ਵੋਟਰ ਬਣਾਉਣਾ ਚਾਹੁੰਦੀ ਹੈ, ਇਸੇ ਚੱਕਰ 'ਚ ਸਭ ਹਿੰਦੂ ਵੋਟਰਾਂ ਨੂੰ ਇਕਮੁੱਠ ਕਰਨ ਦੀ ਕੋਸ਼ਿਸ਼ ਤਾਂ ਨਾਕਾਮ ਹੋ ਹੀ ਗਈ, ਜੇਬੀ ਵੋਟਰ ਵੀ ਨਾਰਾਜ਼ ਹੋ ਗਏ।

ਦੱਸਿਆ ਜਾ ਰਿਹਾ ਹੈ ਕਿ ਮੋਦੀ ਜੀ ਉਦਾਸ ਤੇ ਗੁੱਸੇ ਵਿਚ ਹਨ।ਅਮਿਤ ਸ਼ਾਹ ਪੂਰੀ ਤਰ੍ਹਾਂ ਚੁੱਪ ਹਨ। ਭਾਜਪਾ ਦਾ ਹਮੇਸ਼ਾ ਸਰਗਰਮ ਰਹਿਣ ਵਾਲਾ ਆਈ.ਟੀ. ਸੈੱਲ ਚੁੱਪ ਹੈ। ਭਾਜਪਾ ਦੇ ਬੁਲਾਰੇ ਟੀ.ਵੀ. ਕੈਮਰੇ ਦੇਖ ਕੇ ਭੱਜ ਰਹੇ ਹਨ। ਕਿਤੇ ਅਜਿਹਾ ਤਾਂ ਨਹੀਂ ਕਿ ਮੋਦੀ ਜੀ ਨੇ ਆਪਣੇ ਰਣਨੀਤੀਕਾਰਾਂ ਨਾਲ ਬੈਠ ਕੇ ਗੁਪਤ 'ਮਾਸਟਰ ਸਟ੍ਰੋਕ' ਨਾਲ ਰਾਹੁਲ ਗਾਂਧੀ ਦੇ ਬਿਰਤਾਂਤ ਨੂੰ ਘਟਾਉਣ ਦਾ ਫ਼ੈਸਲਾ ਕੀਤਾ ਹੋਵੇ ? ਪਰ ਯੂ.ਜੀ.ਸੀ. ਦੇ ਜ਼ਰੀਏ ਮਾਰਿਆ ਗਿਆ ਇਹ ਮਾਸਟਰ ਸਟ੍ਰੋਕ ਉਲਟਾ ਪੈ ਚੁੱਕਾ ਹੈ।ਭਾਜਪਾ ਦਾ ਮੁੱਖ ਵੋਟਰ ਅਧਾਰ ਹਿੱਲ ਗਿਆ ਹੈ। ਦੇਖਦੇ ਹਾਂ ਕਿ ਰਾਜਨੀਤਿਕ ਸਥਿਤੀ ਕਿਸ ਪਾਸੇ ਮੋੜ ਕੱਟਦੀ ਹੈ।

***

## ਦਿੱਲੀ ਜਿੱਤਣ 'ਚ ਬਾਬਾ ਬਘੇਲ ਸਿੰਘ

ਸਾਰੀ ਸਿੱਖ ਫ਼ੌਜ ਦਾ ਟਿਕਾਣਾ ਸਬਜ਼ੀ ਮੰਡੀ ਵਿੱਚ ਕੀਤਾ ਗਿਆ। ਦਿੱਲੀ ਦੇ ਜੇਤੂ ਜਰਨੈਲ ਜੱਥੇਦਾਰ ਬਘੇਲ ਸਿੰਘ ਦੇ ਮੁਗ਼ਲ ਬੇਗਮ ਸਮਰੂ ਨਾਲ ਮਿੱਤਰਤਾ ਪੂਰਵਕ ਸਬੰਧ ਸਨ। ਬੇਗ਼ਮ ਸਮਰੂ ਨੇ ਸਿੰਘਾਂ ਦਾ ਮੁਗ਼ਲ ਬਾਦਸ਼ਾਹ ਦਾ ਕੁਝ ਸ਼ਰਤਾਂ ਤਹਿਤ ਸਮਝੌਤਾ ਕਰਵਾ ਦਿੱਤਾ।ਇਸ ਸਮਝੌਤੇ ਅਨੁਸਾਰ ਸਿੱਖ ਫ਼ੌਜਾਂ ਵੱਲੋਂ ਜੱਥੇਦਾਰ ਬਘੇਲ ਸਿੰਘ ਦੀ ਅਗਵਾਈ ਹੇਠ ਦਿੱਲੀ ਦੇ ਇਤਿਹਾਸਕ ਗੁਰਦੁਆਰਿਆਂ ਦਾ ਨਿਰਮਾਣ ਕਰਨਾ ਹੋਵੇਗਾ ਅਤੇ ਮੁਗ਼ਲ ਸਲਤਨਤ ਆਪਣੇ ਕੁੱਲ ਮਾਲੀਏ ਦਾ ਸਾਢੇ 12 ਫ਼ੀਸਦੀ ਸਿੱਖ ਫ਼ੌਜਾਂ ਨੂੰ ਦੇਣ ਲਈ ਪਾਬੰਦ ਹੋਵੇਗੀ। ਕਈ ਇਤਿਹਾਸਕਾਰਾਂ ਵੱਲੋਂ ਸਾਢੇ 12 ਪ੍ਰਤੀਸ਼ਤ ਦੀ ਜਗਾਂ ਸਾਢੇ 37 ਪ੍ਰਤੀਸ਼ਤ ਲਿਖਿਆ ਗਿਆ ਹੈ। ਇਸ ਤੋਂ ਬਿਨਾਂ ਸਿੱਖ ਅੱਗੇ ਤੋਂ ਕਦੇ ਵੀ ਦਿੱਲੀ ਵੱਲ ਨੂੰ ਕੂਚ ਨਹੀਂ ਕਰਨਗੇ। ਸਮਝੌਤੇ ਅਨੁਸਾਰ ਕਰੀਬ 9-10 ਮਹੀਨੇ ਵਿੱਚ ਹੀ ਸਿੱਖ ਫ਼ੌਜਾਂ ਵੱਲੋਂ ਦਿੱਲੀ ਵਿੱਚ 6 ਇਤਿਹਾਸਕ ਗੁਰਦੁਆਰਿਆਂ (ਗੁਰਦੁਆਰਾ ਮਾਤਾ ਸੁੰਦਰੀ ਜੀ, ਗੁਰਦੁਆਰਾ ਸ੍ਰੀ ਬੰਗਲਾ ਸਾਹਿਬ, ਗੁਰਦੁਆਰਾ ਸ੍ਰੀ ਬਾਲਾ ਸਾਹਿਬ, ਗੁਰਦੁਆਰਾ ਰਕਾਬ ਗੰਜ ਸਾਹਿਬ, ਗੁਰਦੁਆਰਾ ਮੋਤੀ ਬਾਗ਼, ਗੁਰਦੁਆਰਾ ਮਜਨੂੰ ਕਾ ਟਿੱਲਾ) ਦਾ ਨਿਰਮਾਣ ਕਰਨ ਤੋਂ ਬਾਅਦ ਦਸੰਬਰ 1783 ਵਿਚ ਹੀ ਜੱਥੇਦਾਰ ਬਘੇਲ ਸਿੰਘ ਤੇ ਹੋਰ ਸਿੱਖ ਜਰਨੈਲਾਂ ਨੇ ਦਿੱਲੀ ਨੂੰ ਛੱਡ ਦਿੱਤਾ। ਦਿੱਲੀ ਵਿੱਚ ਸਿੱਖਾਂ ਦੇ ਰਾਜ ਦੌਰਾਨ ਚੰਗੀ ਕਾਨੂੰਨ ਵਿਵਸਥਾ ਕਾਇਮ ਰਹੀ। ਘੋੜ ਸਵਾਰ ਸਿੱਖ ਸਰਦਾਰ ਦਿਨ ਰਾਤ ਦਿੱਲੀ ਦੀਆਂ ਗਲੀਆਂ ਵਿੱਚ ਗਸ਼ਤ ਕਰਦੇ। ਦਿੱਲੀ ਦੇ ਨਾਗਰਿਕਾਂ ਨੇ ਅਜਿਹੀ ਕਾਨੂੰਨ ਵਿਵਸਥਾ ਦਹਾਕਿਆਂ ਤਕ ਵੀ ਨਹੀਂ ਦੇਖੀ ਸੀ। ਇਸ ਤੋਂ ਬਾਅਦ ਮੁਗ਼ਲ ਹਾਕਮ ਮਰਾਠਿਆਂ ਅਤੇ ਅੰਗਰੇਜ਼ਾਂ ਨੂੰ ਨਜ਼ਰ ਅੰਦਾਜ਼ ਕਰ ਕੇ ਬਘੇਲ ਸਿੰਘ ਨੂੰ ਮਗ਼ਲ ਸਾਮਰਾਜ ਦਾ ਪ੍ਰਬੰਧਕ (ਰੀਜੈਂਟ) ਨਿਯੁਕਤ ਕਰਨਾ ਚਾਹੁੰਦਾ ਸੀ, ਲੇਕਿਨ ਬਘੇਲ ਸਿੰਘ ਨੇ ਉਕਤ ਪੇਸ਼ਕਸ਼ ਠੁਕਰਾ ਦਿੱਤੀ।

ਖ਼ੁਸ਼ਵੰਤ ਸਿੰਘ ਵਰਗੇ ਕਈ ਇਤਿਹਾਸਕਾਰ ਲਿਖਦੇ ਹਨ ਕਿ ਅਜਿਹੇ ਅਹੁਦਿਆਂ ਦੀ ਬਘੇਲ ਸਿੰਘ ਦੇ ਜੀਵਨ ਵਿੱਚ ਕੋਈ ਅਹਿਮੀਅਤ ਨਹੀਂ ਸੀ। ਨਾਂ ਹੀ ਉਸ ਨੂੰ ਕਿਸੇ ਤਰ੍ਹਾਂ ਦੀ ਕੋਈ ਲਾਲਸਾ ਸੀ। ਸੋ ਬਾਦਸ਼ਾਹ ਨੇ 1784 ਦੇ ਅੰਤ ਵਿੱਚ ਮਾਧਾਜੀ ਸਿੰਧੀਆ (ਮਰਾਠਾ ਮੁਖੀ) ਨੂੰ ਆਪਣੇ ਸਾਮਰਾਜ ਦਾ ਪ੍ਰਬੰਧਕ ਨਿਯੁਕਤ ਕਰ ਦਿੱਤਾ। 1785 ਵਿੱਚ ਮਾਧਾਜੀ ਸਿੰਧੀਆ ਨੇ ਬਘੇਲ ਸਿੰਘ ਅਤੇ ਹੋਰ ਸਿੱਖ ਸਰਦਾਰਾਂ ਨਾਲ ਇੱਕ ਸੰਧੀ ਕੀਤੀ। ਜਿਸ ਤਹਿਤ ਸਿੱਖ ਸਰਦਾਰ ਸਿੱਖੀ ਸਿਧਾਂਤਾਂ ਸਬੰਧੀ ਕੋਈ ਵੀ ਸਮਝੌਤਾ ਕਰਨ ਲਈ ਰਾਜ਼ੀ ਨਹੀਂ ਹੋਏ।ਇਸ ਦੌਰਾਨ ਇਹ ਤਹਿ ਹੋਇਆ ਕਿ ਬਾਦਸ਼ਾਹ ਸਿੱਖਾਂ ਨੂੰ ਹਰ ਸਾਲ 10 ਲੱਖ ਰੁਪਏ ਦੀ ਅਦਾਇਗੀ ਕਰੇਗਾ। ਪ੍ਰੰਤੂ ਇਹ ਸੰਧੀ ਬਹੁਤੀ ਦੇਰ ਤੱਕ ਨਾ ਚੱਲ ਸਕੀ। 1787 ਵਿੱਚ ਗੁਲਾਮ ਕਾਦਰ ਰੁਹੇਲਾ ਨੇ ਦਿੱਲੀ 'ਤੇ ਹਮਲਾ ਕਰ ਦਿੱਤਾ। ਬਾਦਸ਼ਾਹ ਨੂੰ ਅੰਨਾ ਕਰ ਦਿਤਾ, ਪਰ ਮਰਾਠਿਆਂ ਨੇ ਰੁਹੇਲਾ ਨੂੰ ਮਾਰ ਦਿੱਤਾ। ਸੰਨ 1789 ਵਿੱਚ ਮਾਧਾਜੀ ਸਿੰਧੀਆ ਨੇ ਬਘੇਲ ਸਿੰਘ ਨੂੰ ਇੱਕ ਵੱਡੀ ਜਗੀਰ ਦੇ ਕੇ ਸਿੱਖਾਂ ਨੂੰ ਸ਼ਾਹੀ ਇਲਾਕਿਆਂ ਵਿੱਚ ਦਖ਼ਲ ਦੇਣ ਤੋਂ ਰੋਕਿਆ।

ਗਿਆਨੀ ਗਿਆਨ ਸਿੰਘ 'ਪੰਥ ਪ੍ਰਕਾਸ਼' ਵਿੱਚ ਲਿਖਦੇ ਹਨ ਕਿ ਜੱਥੇਦਾਰ ਬਘੇਲ ਸਿੰਘ 1802 ਨੂੰ ਹਰਿਆਣਾ (ਹੁਸ਼ਿਆਰਪੁਰ) ਵਿਖੇ ਚਲਾਣਾ ਕਰ ਗਏ। ਇਤਿਹਾਸ ਦੇ ਵਰਕੇ ਫਰੋਲਿਆਂ ਇਹ ਵੀ ਪਤਾ ਲੱਗਦਾ ਹੈ ਕਿ ਦਿੱਲੀ ਦੇ ਲਾਲ ਕਿਲੇ ਵਿੱਚ ਮੁਗ਼ਲ ਹਾਕਮ ਜਿਸ ਸਿੱਲ ਪੱਥਰ ਉਪਰ ਬੈਠ ਕੇ ਰਾਜ-ਭਾਗ ਚਲਾਇਆ ਕਰਦੇ ਸਨ, ਉਹ ਸਿੱਲ ਪੱਥਰ ਵੀ ਸਿੰਘ ਆਪਣੇ ਨਾਲ ਲੈ ਆਏ ਸਨ, ਜੋ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਲੰਗਰ ਹਾਲ ਕੋਲ ਸਥਿੱਤ ਰਾਮਗੜੀਆ ਬੁੰਗਾ ਵਿਖੇ ਹਾਲੇ ਵੀ ਪਿਆ ਹੈ।

****

## ਅਕਾਲੀ ਮੋਰਚਿਆਂ ਵਿੱਚ

ਜਥਾ ਗੁਰਦੁਆਰੇ ਨੂੰ ਅੰਗਰੇਜ਼ ਅਫ਼ਸਰਾਂ ਦੇ ਕਬਜ਼ੇ ਵਿਚ ਨਹੀਂ ਰਹਿਣ ਦੇਵੇਗਾ। ਆਪਣੀਆਂ ਫ਼ੌਜਾਂ ਹਟਾ ਕੇ ਗੁਰਦੁਆਰਾ ਆਜ਼ਾਦ ਕਰ ਦੇਵੋ। ਸਿੰਘਾਂ ਨੇ ਹਥਿਆਰ ਸੂਤ ਲਏ। ਅੰਗਰੇਜ਼ ਅਫ਼ਸਰਾਂ ਨੂੰ ਜਾਣ ਲਿਆ ਕਿ ਇਸ ਵਿਚ ਅੰਗਰੇਜ਼ ਸਰਕਾਰ ਦਾ ਜਨਤਕ ਨੁਕਸਾਨ ਹੋਵੇਗਾ।ਭਾਵੇਂ ਪਹਿਲੇ ਹੋ ਰਹੇ ਤਸ਼ੱਦਦ ਪਰਦੇ ਵਿਚ ਹਨ। ਇਸ ਲਈ ਡਿਪਟੀ ਕਮਿਸ਼ਨਰ ਕੈਰੀ ਨੇ ਚਾਬੀਆਂ ਜਥੇਦਾਰ ਦੇ ਹੱਥ ਫੜਾਈਆਂ ਅਤੇ ਫ਼ੌਜ ਹਟਾ ਲਈ ਗਈ। ਉਸ ਵੇਲੇ 7 ਸਿੰਘਾਂ ਦੀ ਕਮੇਟੀ ਬਣਾ ਕੇ ਗੁਰਦੁਆਰੇ ਦਾ ਕਬਜ਼ਾ ਸਿੰਘਾਂ ਨੂੰ ਦੇ ਦਿੱਤਾ। ਕਮੇਟੀ ਦੇ ਪ੍ਰਧਾਨ ਸ੍ਰ. ਹਰਬੰਸ ਸਿੰਘ ਅਟਾਰੀ ਵਾਲੇ ਜੋ ਚੀਫ਼ ਖ਼ਾਲਸਾ ਦੀਵਾਨ ਦੇ ਸਕੱਤਰ ਸਨ, ਨੂੰ ਬਣਾਇਆ ਗਿਆ। ਫਰਵਰੀ 22, 1921 ਨੂੰ ਸਵੇਰੇ 11 ਵਜੇ ਸਿੰਘਾਂ ਨੂੰ ਅੰਦਰ ਜਾਣ ਦਾ ਹੁਕਮ ਹੋਇਆ।

23 ਫਰਵਰੀ 1921 ਨੂੰ ਪੰਜਾਬ ਦਾ ਗਵਰਨਰ ਮੈਕਲੈਗਨ ਆਪਣੀ ਕਾਰਜਕਾਰਨੀ ਨੂੰ ਨਾਲ ਲੈ ਕੇ ਨਨਕਾਣਾ ਸਾਹਿਬ ਪੁੱਜਾ। ਗਵਰਨਰ ਵੀ ਇਸ ਭਿਆਨਕ ਕਤਲੇਆਮ ਦਾ ਦ੍ਰਿਸ਼ ਵੇਖ ਕੇ ਦੁਖੀ ਹੋਇਆ। ਫਿਰ ਸ਼ਹੀਦਾਂ ਦਾ ਅੰਗੀਠਾ ਗੁਰਦੁਆਰੇ ਦੇ ਅਹਾਤੇ ਅੰਦਰ ਪ੍ਰਕਾਸ਼ ਅਸਥਾਨ ਦੇ ਸਾਹਮਣੇ, ਜਿਸ ਵਿਚ ਸ਼ਹੀਦ ਗੰਜ ਬਣਿਆ ਹੈ, ਤਿਆਰ ਕੀਤਾ ਗਿਆ। ਸ਼ਾਮ 7 ਵਜੇ ਸ਼ਹੀਦਾਂ ਦਾ ਸਸਕਾਰ ਕੀਤਾ ਗਿਆ।ਇਸ ਦੀ ਯਾਦ ਵਿੱਚ ਸਿੱਖਾਂ ਨੇ ਸ਼੍ਰੋਮਣੀ ਕਮੇਟੀ ਦੇ ਹੁਕਮ ਅਨੁਸਾਰ ਕਾਲੇ ਦਸਤਾਰੇ ਸਜਾਏ।ਮਹੰਤ ਨਰਾਇਣ ਦਾਸ ਅਤੇ ਉਸ ਦੇ ਕੁਝ ਸਾਥੀਆਂ ਉੱਤੇ ਸਰਕਾਰ ਨੇ ਮੁਕੱਦਮਾ ਚਲਾਇਆ।ਸੈਸ਼ਨ ਜੱਜ ਨੇ ਮਹੰਤ ਤੇ ਉਸ ਦੇ 7 ਸਾਥੀਆਂ ਨੂੰ ਫਾਂਸੀ ਦੀ, ਅੱਠਾਂ ਨੂੰ ਕਾਲੇ ਪਾਣੀ ਦੀ ਅਤੇ 16 ਪਠਾਣਾ ਨੂੰ 7-7 ਸਾਲ ਦੀ ਕੈਦ ਦੀ ਸਜਾ ਸੁਣਾਈ।ਅਪੀਲ ਹੋਣ ਤੇ ਹਾਈ ਕੋਰਟ ਨੇ ਮਹੰਤ ਦੀ ਫਾਂਸੀ ਦੀ ਸਜ਼ਾ ਹਟਾ ਕੇ ਕਾਲੇ ਪਾਣੀ ਕਰ ਦਿੱਤੀ। ਉਸ ਦੇ ਕੇਵਲ ਤਿੰਨ ਸਾਥੀਆਂ ਦੀ ਫਾਂਸੀ ਦੀ ਬਹਾਲ ਰਖੀ।ਬਾਕੀ ਦੇ ਸਾਰੇ ਬਰੀ ਕਰ ਦਿੱਤੇ ਗਏ।

ਇਸ ਕਤਲੇਆਮ ਸਮੇਂ ਅਕਾਲੀਆਂ ਨੂੰ ਹਿੰਦੂ, ਮੁਸਲਮਾਨ ਭਾਈਚਾਰੇ ਦੀ ਹਮਦਰਦੀ ਮਿਲੀ, ਮਹੰਤ ਦੇ ਇਸ ਕਾਲੇ ਕਾਰੇ ਤੇ ਲਾਹਨਤਾਂ ਪਾਈਆਂ। ਅਖ਼ਬਾਰਾਂ ਕੇਸਰੀ, ਬੰਦੇ ਮਾਤਰਮ, ਮਿਲਾਪ, ਪ੍ਰਤਾਪ ਆਦਿ ਹਿੰਦੀ ਤੇ ਉਰਦੂ ਅਖ਼ਬਾਰਾਂ ਨੇ ਮਹੰਤ ਦੀ ਹਨੇਰ ਗਰਦੀ ਦੀ ਨਿਖੇਧੀ ਕੀਤੀ ਤੇ ਸਾਰੀਆਂ ਅਖ਼ਬਾਰਾਂ ਨੇ ਸਰਕਾਰ ਨੂੰ ਲਾਹਨਤਾਂ ਪਾਈਆਂ। ਅਖ਼ਬਾਰਾਂ ਕੇਸਰੀ, ਬੰਦੇ ਮਾਤਰਮ, ਮਿਲਾਪ,ਪ੍ਰਤਾਪ ਆਦਿ ਹਿੰਦੀ ਤੇ ਉਰਦੂ ਅਖ਼ਬਾਰਾਂ ਨੇ ਮਹੰਤ ਦੀ ਹਨੇਰ ਗਰਦੀ ਦੀ ਨਿਖੇਧੀ ਕੀਤੀ ਤੇ ਸਾਰਿਆਂ ਅਖ਼ਬਾਰਾਂ ਨੇ ਸਰਕਾਰ ਨੂੰ ਅੰਦਰਖਾਤੇ ਮਹੰਤ ਨਾਲ ਮਿਲੇ ਹੋਣ ਦੇ ਦੋਸ਼ ਲਗਾਏ। ਜ਼ਿਮੀਦਾਰ ਉਰਦੂ ਅਖ਼ਬਾਰ ਨੇ ਉਹਨਾਂ ਮੁਸਲਮਾਨਾਂ ਨੂੰ ਲਾਹਨਤਾਂ ਪਾਈਆਂ ਜੋ ਮਹੰਤ ਦੀ ਮਦਦ ਵਿੱਚ ਰਹੇ ਸਨ।

ਇਸ ਕਤਲੇਆਮ ਨੇ ਪੰਜਾਬੀ ਕਵੀਆਂ ਤੇ ਲਿਖਾਰੀਆਂ ਵਿੱਚ ਨਵਾਂ ਜੋਸ਼ ਭਰਿਆ। ਉਹ ਅੰਗਰੇਜ਼ ਸਰਕਾਰ ਦੀ ਪ੍ਰਵਾਹ ਨਾ ਕਰਦੇ ਹੋਏ, ਕੈਦਾਂ ਅਤੇ ਜੁਰਮਾਨਿਆਂ ਦੇ ਬਾਵਜੂਦ ਬੜੀਆਂ ਕਵਿਤਾ ਲਿਖਦੇ ਅਤੇ ਪੜ੍ਹਦੇ ਰਹੇ।ਇਸ ਨਾਲ ਅਕਾਲੀ ਲਹਿਰ ਦਾ ਘੇਰਾ ਵਿਸ਼ਾਲ ਹੋ ਗਿਆ। ਰਾਸ਼ਟਰੀ ਜਨਤਕ ਅੰਦੋਲਨਾਂ ਦਾ ਰਾਹ ਖੁਲਿਆ।

ਅਕਾਲੀ ਲਹਿਰ ਨੇ ਗੁਰਦੁਆਰੇ ਆਜ਼ਾਦ ਕਰਵਾਉਣੇ ਆਰੰਭ ਕਰ ਦਿੱਤੇ। ਨਨਕਾਣਾ ਸਾਹਿਬ ਦੇ 'ਮਾਲ ਜੀ ਸਾਹਿਬ', 'ਕਿਆਰਾ ਸਾਹਿਬ', 'ਬਾਲ ਲੀਲ੍ਹਾ ਸਾਹਿਬ' ਆਦਿ ਗੁਰਦੁਆਰੇ ਪੰਥਕ ਪ੍ਰਬੰਧ ਹੇਠ ਆ ਗਏ। ਇਸ ਸਮੇਂ ਅੰਗਰੇਜ਼ੀ ਸਰਕਾਰ ਨੇ ਵਕਤੀ ਤੌਰ ਤੇ ਸਿੱਖਾਂ ਨਾਲ ਹਮਦਰਦੀ ਪ੍ਰਗਟਾਈ ਪਰ ਛੇਤੀ ਹੱਥ ਸਰਕਾਰ ਨੇ ਸੁਧਾਰਕ ਸਿੱਖਾਂ ਉੱਪਰ ਸਖ਼ਤੀ ਕਰਕੇ ਕਈਆਂ ਨੂੰ ਕੈਦ ਅਤੇ ਜੁਰਮਾਨੇ ਦੀ ਸਜ਼ਾ ਦਿੱਤੀ।

***

## ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕੀ ਢਾਂਚੇ 'ਚ

ਮੁੱਖ ਵਿਭਾਗਾਂ ਵਿੱਚ ਪਬਲਿਕਸ਼ਨ ਵਿਭਾਗ, ਪ੍ਰਿੰਟਿੰਗ ਪ੍ਰੈੱਸਾਂ, ਸਿੱਖ ਇਤਿਹਾਸ ਰਿਸਰਚ ਬੋਰਡ, ਗੁਰਦੁਆਰਾ ਸੈਕਸ਼ਨ 85, ਗੁਰਦੁਆਰਾ ਸੈਕਸ਼ਨ 87, ਪੰਜਾਬ ਪ੍ਰਚਾਰ, ਸ਼੍ਰੋਮਣੀ ਕਮੇਟੀ ਦਾ ਅਮਲਾ ਵਿਭਾਗ, ਧਰਮ ਪ੍ਰਚਾਰ ਕਮੇਟੀ ਦਾ ਅਮਲਾ ਵਿਭਾਗ, ਸਿੱਖ ਰੈਫਰਸ ਲਾਇਬਰੇਰੀ, ਸਭ ਆਫਿਸ, ਖ੍ਰੀਦ ਵਿਭਾਗ, ਆਰਟੀਆਈ ਵਿਭਾਗ, ਅਕਾਊਂਟ, ਇੰਟਰਨਲ ਆਡਿਟ, ਫਲਾਇੰਗ, ਗੁਰਦੁਆਰਾ ਇੰਸਪੈਕਟਰ 85, ਗੁਰਦੁਆਰਾ ਇੰਸਪੈਕਟਰ 87, ਰਿਕਾਰਡ ਬਰਾਂਚ, ਅਮਲਾ ਵਿਭਾਗ, ਇਮਾਰਤੀ ਵਿਭਾਗ, ਸਟੇਸ਼ਨਰੀ, ਪਬਲੀਸਿਟੀ, ਗੁਰਦੁਆਰਾ ਗਜਟ, ਯਾਤਰਾ, ਰੈਵਨਿਊ, ਮਾਲ ਅਫਸਰ ਤੇ ਪਟਵਾਰੀ, ਇੰਟਰਨੈਟ, ਆਈਟੀ ਵਿੰਗ, ਗੱਡੀਆਂ, ਸਪੋਰਟਸ, ਗੁਰਦੁਆਰਾ ਪ੍ਰਿੰਟਿੰਗ ਪ੍ਰੈਸ, ਗੋਲਡਨ ਆਫਸੈਟ ਪ੍ਰੈਸ, ਸ਼੍ਰੋਮਣੀ ਪ੍ਰਿੰਟਿੰਗ ਪ੍ਰੈਸ, ਆਦਿ ਵਿਭਾਗ ਸ਼ਾਮਿਲ ਹਨ। ਗੁਰਦੁਆਰਾ ਸਾਹਿਬਾਨ ਦੀ ਆਮਦਨ ਦੇ ਹਿਸਾਬ ਨਾਲ ਏ, ਬੀ ਤੇ ਸੀ ਗ੍ਰੇਡ ਵਿੱਚ ਗੁਰਦੁਆਰਾ ਸਾਹਿਬਾਨਾਂ ਦੇ ਪ੍ਰਬੰਧਾਂ ਨੂੰ ਵੰਡਿਆ ਗਿਆ ਹੈ ਜਿਸ ਵਿੱਚ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ, ਤਖਤ ਸ੍ਰੀ ਕੇਸਗੜ੍ਹ ਸਾਹਿਬ ਅਤੇ ਤਖਤ ਸ੍ਰੀ ਦਮਦਮਾ ਸਾਹਿਬ ਮਾਝਾ, ਮਾਲਵਾ ਤੇ ਦੁਆਬਾ ਦੇ ਮੁੱਖ ਕੇਂਦਰ ਹਨ। ਗੁਰਦੁਆਰਾ ਸ੍ਰੀ ਫਤਿਹਗੜ੍ਹ ਸਾਹਿਬ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਪਟਿਆਲਾ, ਸ੍ਰੀ ਮੁਕਤਸਰ ਸਾਹਿਬ, ਗੁਰਦੁਆਰਾ ਸ੍ਰੀ ਬੇਰ ਸਾਹਿਬ, ਗੁਰਦੁਆਰਾ ਸ੍ਰੀ ਸੁਲਤਾਨਪੁਰ ਲੋਧੀ ਸਹਿਬ, ਗੁਰਦੁਆਰਾ ਬੀੜ ਬਾਬਾ ਬੁੱਢਾ ਸਾਹਿਬ, ਗੁਰਦੁਆਰਾ ਸ੍ਰੀ ਤਰਨ ਤਾਰਨ ਸਾਹਿਬ, ਗੁਰਦੁਆਰਾ ਬਾਬਾ ਬਕਾਲਾ ਸਾਹਿਬ, ਗੁਰਦੁਆਰਾ ਸ਼ਹੀਦ ਗੰਜ ਸਾਹਿਬ ਬਾਬਾ ਦੀਪ ਸਿੰਘ ਜੀ ਸ਼ਹੀਦ ਆਦਿ ਮੁੱਖ ਗੁਰਦੁਆਰੇ ਸੈਕਸ਼ਨ 85 ਵਿੱਚ ਸ਼ਾਮਲ ਹਨ। ਇਨ੍ਹਾਂ ਵਿੱਚ ਗੁਰਦੁਆਰਾ ਸਾਹਿਬਾਨ ਦਾ ਮੁੱਖ ਪ੍ਰਬੰਧ, ਲੰਗਰ, ਇਮਾਰਤੀ, ਸਰਾਵਾਂ ਆਦਿ ਦੇ ਪ੍ਰਬੰਧ ਵੱਡੇ ਮੰਨੇ ਜਾਂਦੇ ਹਨ, ਕਈ ਗੁਰਦੁਆਰਾ ਸਾਹਿਬਾਨ ਵਿੱਚ ਮੁੱਖ ਮੈਨੇਜਰ ਦੇ ਨਾਲ ਵਧੀਕ ਤੇ ਮੀਤ ਮੈਨੇਜਰ ਲਗਾਏ ਗਏ ਹਨ। ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦਾ ਵੱਡਾ ਪ੍ਰਬੰਧ ਹੋਣ ਕਾਰਨ ਇਥੇ ਮੁੱਖ ਮੈਨੇਜਰ ਦੇ ਨਾਲ, ਲੰਗਰ, ਸਰਾਵਾਂ, ਪਰਿਕਰਮਾਂ, ਬਾਹਰਲੇ ਗੁਰਦੁਆਰਾ ਸਾਹਿਬਾਨ, ਇਮਾਰਤੀ, ਜਾਇਦਾਦਾਂ ਆਦਿ ਲਈ ਮੈਨਜਰ, ਵਧੀਕ ਮੈਨੇਜਰ ਤੇ ਮੀਤ ਮੈਨੇਜਰ ਲਗਾਏ ਗਏ ਹਨ।

***

## ਕਿਸੇ ਵੀ ਸਿੱਖ ਵਿਰੋਧੀ ਕਾਰਵਾਈ

ਫਿਲਹਾਲ ਇਸ ਦੀ ਪੜ੍ਹਤਾਲ ਕਰਵਾਈ ਜਾ ਰਹੀ ਹੈ। ਜਾਂਚ ਪੜ੍ਹਤਾਲ ਦੀ ਇਸ ਕਾਰਵਾਈ ਲਈ ਗੁਰਦੁਆਰਾ ਸ੍ਰੀ ਹਾਜੀਰਤਨ ਸਾਹਿਬ ਬਠਿੰਡਾ ਦੇ ਮੈਨੇਜਰ ਦਰਸ਼ਨ ਸਿੰਘ, ਸਬ-ਆਫ਼ਿਸ ਤਲਵੰਡੀ ਸਾਬੋ ਦੇ ਇੰਚਾਰਜ ਭੋਲਾ ਸਿੰਘ ਅਤੇ ਪ੍ਰਚਾਰਕ ਸਿੰਘਾਂ ਦੀ ਡਿਊਟੀ ਲਗਾਈ ਗਈ ਹੈ। ਇਸ ਕਮੇਟੀ ਦੀ ਜਾਂਚ ਰਿਪੋਰਟ ਅਨੁਸਾਰ ਬਣਦੀ ਕਰਵਾਈ ਹੋਵੇਗੀ।

ਐਡਵੋਕੇਟ ਧਾਮੀ ਨੇ ਪੰਜਾਬ ਵਾਸੀਆਂ ਨੂੰ ਵੀ ਅਪੀਲ ਕੀਤੀ ਕਿ ਅਜਿਹੀਆਂ ਹਰਕਤਾਂ ਦਾ ਮੌਕੇ 'ਤੇ ਹੀ ਵਿਰੋਧ ਦਰਜ ਕਰਵਾਇਆ ਜਾਵੇ। ਕਿਸੇ ਵੀ ਸਿੱਖ ਵਿਰੋਧੀ ਕਾਰਵਾਈ ਨੂੰ ਚੁਣੌਤੀ ਦਿੱਤੀ ਜਾਵੇ ਅਤੇ ਮੌਕੇ 'ਤੇ ਮੌਜੂਦ ਸਿੱਖ ਪ੍ਰਸੰਗ ਵਿੱਚ ਆਪਣੀ ਗੱਲ ਰੱਖ ਕੇ ਕੌਮੀ ਤਰਜਮਾਨੀ ਕਰਨਾ ਹਰ ਸਿੱਖ ਦਾ ਫ਼ਰਜ਼ ਹੈ ਅਤ ਜੇਕਰ ਅਜਿਹੀਆਂ ਹਰਕਤਾਂ ਨੂੰ ਮੂਕ ਪ੍ਰਵਾਨਗੀ ਮਿਲਦੀ ਰਹੀ ਤਾਂ ਸਿੱਖ ਵਿਰੋਧੀ ਅਨਸਰਾਂ ਦੇ ਹੌਂਸਲੇ ਹੋਰ ਵਧਣਗੇ।

***

## ਭਾਰਤ ਵਿੱਚ ਕੀ ਹਨ ਸਿੱਖਾਂ ਦੇ ਹਾਲਾਤ

ਐਮਨੈਸਟੀ ਇੰਟਰਨੈਸ਼ਨਲ ਨੇ ਧਾਰਮਿਕ ਘੱਟ ਗਿਣਤੀਆਂ ਦੀਆਂ ਜਾਇਦਾਦਾਂ ਢਾਹੁਣ ਅਤੇ ਅੱਤਵਾਦ ਵਿਰੋਧੀ ਕਾਨੂੰਨਾਂ ਦੇ ਦੁਰਵਰਤੋਂ ਉਪਰ ਸਖਤ ਟਿੱਪਣੀ ਕੀਤੀ ਸੀ। ਯੂਐੱਨ ਹਿਊਮਨ ਰਾਈਟਸ ਕੌਂਸਲ ਨੇ ਸਿੱਖ ਐਕਟਿਵਿਸਟਾਂ ਉੱਤੇ ਹਮਲਿਆਂ 'ਤੇ ਚਿੰਤਾ ਜਤਾਈ ਸੀ ਅਤੇ ਭਾਰਤ ਨੂੰ ਘੱਟ ਗਿਣਤੀਆਂ ਦੀ ਸੁਰੱਖਿਆ ਲਈ ਕਦਮ ਚੁੱਕਣ ਦੀ ਮੰਗ ਕੀਤੀ ਸੀ। ਇਹ ਸੰਗਠਨ ਭਾਰਤ ਨੂੰ ਧਰਮ ਨਿਰਪੱਖਤਾ ਅਤੇ ਲੋਕਤੰਤਰ ਨੂੰ ਮਜ਼ਬੂਤ ਕਰਨ ਲਈ ਕਹਿ ਰਹੇ ਹਨ।

ਸਮੁੱਚੇ ਤੌਰ 'ਤੇ, ਸਿੱਖਾਂ ਦੀ ਸਥਿਤੀ ਮੁਸਲਮਾਨਾਂ ਜਾਂ ਇਸਾਈਆਂ ਵਾਂਗ ਨਹੀਂ ,ਪਰ ਚੁਣੌਤੀਆਂ ਵਧ ਰਹੀਆਂ ਹਨ। ਭਾਰਤ ਦੀ ਧਰਮ ਨਿਰਪੱਖਤਾ ਅਤੇ ਲੋਕਤੰਤਰ ਲਈ ਇਹ ਚੁਣੌਤੀ ਹੈ। ਸਿੱਖ ਭਾਈਚਾਰਾ ਆਪਣੀ ਪਛਾਣ ਅਤੇ ਸੁਰੱਖਿਆ ਲਈ ਸੰਘਰਸ਼ ਕਰ ਰਿਹਾ ਹੈ। ਅੰਤਰਰਾਸ਼ਟਰੀ ਮੰਚਾਂ 'ਤੇ ਇਹ ਮਸਲਾ ਉੱਠ ਰਿਹਾ ਹੈ, ਅਤੇ ਭਾਰਤ ਨੂੰ ਘੱਟ ਗਿਣਤੀਆਂ ਨੂੰ ਭਰੋਸਾ ਦੇਣ ਲਈ ਕਦਮ ਚੁੱਕਣੇ ਚਾਹੀਦੇ ਹਨ।

***

## ਅਜੀਤ ਡੋਵਾਲ ਵੱਲੋਂ ਕੈਨੇਡਾ

ਉਹ ਮੰਨਦੇ ਹਨ ਕਿ ਕੈਨੇਡਾ ਨੇ ਰਾਜਨੀਤਿਕ ਦਬਾਅ (ਖਾਸ ਕਰ ਸੁਰੱਖਿਆ ਅਤੇ ਅਰਥ ਵਿਵਸਥਾ ਦੇ ਮੁੱਦਿਆਂ 'ਤੇ) ਕਾਰਨ ਸਿੱਖ ਅਜ਼ਾਦੀ ਅਤੇ ਮਨੁੱਖੀ ਅਧਿਕਾਰਾਂ ਦੇ ਮੁੱਦੇ 'ਤੇ ਸਮਰਥਨ ਛੱਡ ਦਿੱਤਾ ਹੈ।

ਕੈਨੇਡੀਅਨ ਸਿੱਖ ਲੀਡਰਸ਼ਿਪ (ਜਿਵੇਂ ਵਰਲਡ ਸਿੱਖ ਆਰਗੇਨਾਈਜ਼ੇਸ਼ਨ ਅਤੇ ਹੋਰ ਗੁਰਦੁਆਰਾ ਕਮੇਟੀਆਂ) ਨੇ ਇਸ ਨੂੰ 'ਵਾਅਦਾ ਤੋੜਨ' ਵਜੋਂ ਵੇਖਿਆ ਹੈ। ਉਨ੍ਹਾਂ ਅਨੁਸਾਰ, ਨਿੱਝਰ ਕਤਲ ਕਾਂਡ ਦੀ ਜਾਂਚ ਵਿੱਚ ਪਾਰਦਰਸ਼ਤਾ ਨਹੀਂ ਆਈ। ਹੁਣ ਨਵੀਂ ਸਰਕਾਰ ਨੇ ਭਾਰਤ ਨਾਲ ਸੁਰੱਖਿਆ ਸਹਿਯੋਗ ਨੂੰ ਅੱਗੇ ਵਧਾਇਆ ਹੈ, ਜਿਸ ਨੂੰ ਉਹ ਪੁਰਾਣੇ ਮਾਮਲੇ ਨਿੱਝਰ ਕਤਲ ਕਾਂਡ ਨੂੰ ਪਿੱਛੇ ਛੱਡਣ ਵਜੋਂ ਵੇਖ ਰਹੇ ਹਨ। ਕੁਝ ਰਿਪੋਰਟਾਂ ਵਿੱਚ ਸਿੱਖ ਆਗੂਆਂ ਨੇ ਕਿਹਾ ਹੈ ਕਿ ਸਿੱਖ ਭਾਈਚਾਰੇ ਨੂੰ ਸੁਰੱਖਿਆ ਦੀ ਲੋੜ ਹੈ, ਪਰ ਸਰਕਾਰ ਨੇ ਟ੍ਰਾਂਸਨੈਸ਼ਨਲ ਰਿਪ੍ਰੈਸ਼ਨ ਅਤੇ ਧਮਕੀਆਂ 'ਤੇ ਵੀ ਧਿਆਨ ਨਹੀਂ ਦਿੱਤਾ। ਇਸ ਕਾਰਨ ਸਿੱਖ ਭਾਈਚਾਰੇ ਵਿੱਚ ਡਰ ਅਤੇ ਨਿਰਾਸ਼ਾ ਵਧ ਰਹੀ ਹੈ ਡੋਵਾਲ ਦੀ ਮੁਲਾਕਾਤ ਨੇ ਭਾਰਤ-ਕੈਨੇਡਾ ਸੰਬੰਧਾਂ ਵਿੱਚ ਨਵਾਂ ਮੋੜ ਲਿਆਂਦਾ ਹੈ, ਜਿੱਥੇ ਸੁਰੱਖਿਆ ਅਤੇ ਅਰਥ ਵਿਵਸਥਾ ਨੂੰ ਤਰਜੀਹ ਦਿੱਤੀ ਜਾ ਰਹੀ ਹੈ। ਪਰ ਨਿਝਰ ਮਾਮਲੇ ਵਿੱਚ ਚੱਲ ਰਹੀ ਜਾਂਚ ਅਤੇ ਚੁੱਪੀ ਨੇ ਸਿੱਖ ਲੀਡਰਸ਼ਿਪ ਵਿੱਚ ਡੂੰਘੀ ਨਿਰਾਸ਼ਾ ਪੈਦਾ ਕੀਤੀ ਹੈ।

RAISING VOICE FOR TRUTH
ਹੋਕਾ TV

# HOKA TV
## (ਹੋਕਾ ਟੀ.ਵੀ.)

# ਦਸਤਾਵੇਜ਼ੀ ਫ਼ਿਲਮਾਂ ਨੂੰ ਸਮਰਪਿਤ
# ਪੰਜਾਬ ਦਾ ਪਹਿਲਾ OTT ਪਲੇਟਫਾਰਮ

ਜਿੱਥੇ ਤੁਸੀਂ ਦੇਖ ਸਕਦੇ ਹੋ, ਪੰਜਾਬ ਦੇ ਸੱਭਿਆਚਾਰ, ਧਰਮ, ਵਿਰਸੇ, ਇਤਿਹਾਸ ਅਤੇ ਪੰਜਾਬ ਦੇ ਹੱਕਾਂ ਦੀ ਚੱਲ ਰਹੀ ਲੜਾਈ ਦੇ ਨਾਲ ਸਬੰਧਿਤ ਦਸਤਾਵੇਜ਼ੀ ਫ਼ਿਲਮਾਂ ਤੇ ਖ਼ਤਰੇ ਸਹੇੜ ਕੇ ਬਣਾਈਆਂ ਗਈਆਂ ਉਹ ਦਸਤਾਵੇਜ਼ੀ ਫ਼ਿਲਮਾਂ ਜੋ ਪੰਜਾਬ ਵਿੱਚ ਹੋ ਰਹੇ ਨਾਜਾਇਜ਼ ਧੰਦਿਆਂ ਤੋਂ ਪਰਦੇ ਚੁੱਕਦੀਆਂ ਹਨ। ਉਹ ਫ਼ਿਲਮਾਂ ਜੋ ਸਰਕਾਰੀ ਅਦਾਰਿਆਂ ਦੀ ਕਾਰਗੁਜ਼ਾਰੀ ਦੀ ਛਾਣਬੀਣ ਕਰਦੀਆਂ ਹਨ ਤੇ ਨਾਲ ਦੀ ਨਾਲ ਉਹ ਫ਼ਿਲਮਾਂ ਜੋ ਲੋਕਾਂ, ਸੰਸਥਾਵਾਂ ਦੁਆਰਾ ਕੀਤੇ ਗਏ ਸ਼ਲਾਘਾਯੋਗ ਕੰਮਾਂ ਤੇ ਰੌਸ਼ਨੀ ਵੀ ਪਾਉਂਦੀਆਂ ਹਨ ਤੇ ਇੱਕ ਨਵੇਂ ਪੰਜਾਬ ਲਈ ਉਮੀਦ ਵੀ ਦਿਖਾਉਂਦੀਆਂ ਹਨ।

RAISING VOICE FOR TRUTH
ਹੋਕਾ TV

ਮੁਫ਼ਤ ਉਪਲੱਬਧ ਹੈ

Download on the App Store

GET IT ON Google Play

ਹੋਰ ਜਾਣਕਾਰੀ ਲਈ ਵੇਖੋ

https://hokatv.com/guest/home